ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਏ. (ਅਰਥ ਵਿਗਿਆਨ) ਸਮੈਸਟਰ ਤੀਜਾ

ਪੇਪਰ : ਮੈਕਰੋਇਕਨਾਮਿਕਸ ਅਤੇ ਸਰਬਜਨਕ ਵਿੱਤ ਯੂਨਿਟ : 1

ਮੀਡੀਅਮ : ਪੰਜਾਬੀ

ਪਾਠ ਨੰ.

1.1 : ਭੂਮਿਕਾ
1.2 : ਪਰੰਪਰਾਵਾਦੀ ਅਰਥ ਸ਼ਾਸਤਰ ਦੇ ਬੁਨਿਆਦੀ ਸਿਧਾਂਤ
1.3 : ਰੋਜ਼ਗਾਰ ਦਾ ਸਨਾਤਨੀ ਅਤੇ ਨਵ-ਸਨਾਤਨੀ ਸਿਧਾਂਤ
1.4 : ਕੇਨਜ਼ ਦਾ ਆਮਦਨ ਅਤੇ ਰੋਜ਼ਗਾਰ ਸਿਧਾਂਤ
1.5 : ਉਪਭੋਗ ਫਲਨ
1.6 : ਗੁਣਕ
1.7 : ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ
1.8 : ਨਿਵੇਸ਼ ਫਲਨ: ਕਿਸਮਾਂ ਅਤੇ ਨਿਵੇਸ਼ ਫੈਸਲੇ

**Department website : www.pbidde.org**

## B.A. PART-II (THIRD SEMESTER)

## MACRO ECONOMICS AND PUBLIC FINANCE

**For Regular Students,** lectures to be delivered: 9 Periods per week, 6 periods' theory and 3 period's tutorials (45 minutes each)

**For Regular Students**
Maximum Marks: 100
Internal Assessment: 25 Marks
External Assessment: 75 Marks

Time Allowed: 3 Hours
Pass Marks: 35%
Teaching Hours (For Regular Students): 55

**For Private and Distance Education Students**
Maximum Marks: 100

### INSTRUCTIONS FOR PAPER SETTERS

For ***Regular Students,*** the question paper will consist of three sections: A, B and C. Sections. A and B will have four questions each. Each question shall carry 12 marks. Section C will consist of 09 short answer type questions which will cover the entire syllabus uniformly and will carry 27 marks in all. Each short answer type question will carry 3 marks. The candidates are required to give answer of each short type question in about 100 words.

For ***Private and Distance Education Students***, the question paper will consist of three sections: A, B and C. Sections. A and B will have four questions each. Each question shall carry 16 marks. Section C will consist of 09 short answer type questions which will cover the entire syllabus uniformly and will carry 36 marks in all. Each short answer type question will carry 4 marks. The candidates are required to give answer of each short type question in about 100 words.

### INSTRUCTIONS FOR THE CANDIDATES

Candidates are required to attempt five questions in all selecting two questions from each of the Section A and B and the entire section C.

### SECTION -A

Distinction between Micro and Macro Economics. Determination of Income and Employment: Classical and Keynesian Models. Consumption and Investment Functions: Average and Marginal Propensity to consume: Static and dynamic Multiplier. Investment: Types, Investment demand schedule and factors affecting investment decisions.

### SECTION-B

Introduction to Public Finance: Nature, Scope and its Importance. Public Expenditure: Principles, Effects of Public Expenditure on Production and Distribution, Causes for the growth of Public expenditure.
Taxation: Classification, Canons and Characteristics of a good tax system. Incidence and Impact of Taxation: Demand and Supply Theory and Modern theory. Public Debt: Its Types and Role. Burden and Methods of Redemption of Public Debt. Deficit Financing: Objectives and Limitations.

### RECOMMENED READINGS

1. T.F. Durnbarg and McDougal: Macro Economics, McGraw Hill, New York, 1976 (full book).
2. O.P.Sharma: Macro Economics (Punjabi Medium), Punjabi University, Patiala.
3. M.C.Vaish, Macro Economic Theory, Oxford University Press.
4. Harvey J and Johnsson M: Introduction to Macro Economics, McMillan and London.

### SUPPLEMENTARY READINGS

1. Gardner Ackley: Macro Economic Theory, Macmillan, New York, 1985 (Full book).
2. C.W.Baird: Elements of Macro Economics, West Publishing Company, 1977 (Ch.2.11)
3. A.R. Musgrave and P.B.Musgrave : Public Finance in Theory and Practice, McGraw Hill, International Student's Edition, 1976, Chs. 9 and 16-20.
4. H.Dalton : Principles of Public Finance, London, Routeledge and Kegan Paul, 1936.
5. ਹਿਊ ਡਾਲਟਨ (ਅਨੁ. ਉਪਿੰਦਰਜੀਤ ਕੌਰ) : ਸਰਕਾਰੀ ਵਿੱਤ ਤੇ ਸਿਧਾਂਤ, ਪੰਜਾਬੀ ਯੂਨੀਵਰਸਿਟੀ, ਪਟਿਆਲਾ.

Professor & Head,
Department of Economics,
Punjabi University,Patiala(Pb)-1470

ਪਾਠ ਨੰ **:** 1.1 ਲੇਖਕ : ਡਾ. ਪ੍ਰਤਾਪ ਸਿੰਘ

Last updated on 2 may, 2023

## ਭੂਮਿਕਾ

ਇਸ ਭੂਮਿਕਾ ਸਵਰੂਪ (Introductory) ਪਾਠ ਦੇ ਅਧਿਐਨ ਲਈ ਅਸੀਂ ਇਸ ਦੀ ਵੰਡ ਨਿਮਨ ਅਨੁਸਾਰ ਕਰਾਂਗੇ :–

1.1.1 ਪਾਠ ਦੇ ਉਦੇਸ਼ (Objectives of Lesson)
1.1.2 ਭੂਮਿਕਾ (Introduction)
1.1.3 ਆਮ ਸਿਧਾਂਤ (General Theory) ਦੀ ਉੱਤਪਤੀ
1.1.4 ਆਮ ਸਿਧਾਂਤ ਦੀ ਮਹੱਤਤਾ
1.1.5 ਮਾਈਕਰੋ ਅਤੇ ਮੈਕਰੋ ਅਰਥ ਸ਼ਾਸਤਰ ਕੀ ਹੈ?
 (ੳ) ਮਾਈਕਰੋ ਅਤੇ ਮੈਕਰੋ ਅਰਥ ਸ਼ਾਸਤਰ ਵਿੱਚ ਭਿੰਨਤਾ (Difference)
 (ਅ) ਮਾਈਕਰੋ ਅਤੇ ਮੈਕਰੋ ਅਰਥ ਸ਼ਾਸਤਰ ਦਾ ਏਕੀਕਰਨ (Integration)
1.1.6 ਮੈਕਰੋ ਅਰਥ ਸ਼ਾਸਤਰ ਦੀ ਮਹੱਤਤਾ
1.1.7 ਮੈਕਰੋ ਅਰਥ ਸ਼ਾਸਤਰ ਦੀਆਂ ਸੀਮਾਵਾਂ
1.1.8 ਮੈਕਰੋ ਆਰਥਿਕ ਵਿਸ਼ਲੇਸ਼ਣ ਦੀ ਪਰਿਭਾਸ਼ਕੀ (Terminology)
1.1.9 ਪਾਠ ਦਾ ਸਾਰ (Summary)
1.1.10 ਛੋਟੇ ਪ੍ਰਸ਼ਨ
1.1.11 ਵੱਡੇ ਪ੍ਰਸ਼ਨ
1.1.12 ਪ੍ਰਸਤਾਵਿਤ ਪੁਸਤਕਾਂ

**1.1.1 ਪਾਠ ਦੇ ਉਦੇਸ਼ (Objectives) :-** ਇਸ ਪਾਠ ਦਾ ਮੁੱਖ ਉਦੇਸ਼ ਵਿਦਿਆਰਥੀ ਨੂੰ ਇਹ ਸਮਝਾਉਣਾ ਹੈ ਕਿ –

(ੳ) ਸਨਾਤਨੀ ਅਰਥ ਸ਼ਾਸਤਰੀਆਂ ਦਾ ਰੋਜ਼ਗਾਰ ਸਿਧਾਂਤ ਕਿਹੋ ਜਿਹਾ ਸੀ?
(ਅ) ਕੇਨਜ਼ ਵਲੋਂ ਦਿੱਤਾ ਰੋਜ਼ਗਾਰ ਤੇ ਆਮਦਨੀ ਸਿਧਾਂਤ ਕਿਵੇਂ ਜਨਮਿਆ ?
(ੲ) ਕੇਨਜ਼ ਵੱਲੋਂ ਦਿੱਤੇ ਰੋਜ਼ਗਾਰ ਸਿਧਾਂਤ ਨੂੰ ਆਮ ਸਿਧਾਂਤ (General Theory) ਕਿਉਂ ਕਿਹਾ ਜਾਂਦਾ ਹੈ?
(ਸ) ਰੋਜ਼ਗਾਰ ਸਿਧਾਂਤ ਨੂੰ ਪ੍ਰਭਾਵਪੂਰਨ ਢੰਗ ਨਾਲ ਸਮਝਣ ਲਈ ਕਿਹੜੀ ਪਰਿਭਾਸ਼ਕੀ (terminology) ਨੂੰ ਸਮਝਣ ਦੀ ਲੋੜ ਹੈ?

**1.1.2 ਭੂਮਿਕਾ (Introduction)** :– ਇਸ ਅਧੀਨ ਅਸੀਂ ਪੜ੍ਹਾਂਗੇ ਕਿ ਕੇਨਜ਼ ਵੱਲੋਂ ਦਿੱਤਾ ਗਿਆ ਰੋਜ਼ਗਾਰ ਤੇ ਆਮਦਨੀ ਸਿਧਾਂਤ ਕਿਵੇਂ ਹੋਂਦ ਵਿਚ ਆਇਆ। ਇਸਨੂੰ ਆਮ ਸਿਧਾਂਤ (General Theory) ਦਾ ਨਾਂ ਕਿਉਂ ਦਿੱਤਾ ਗਿਆ? ਇਸ ਆਮ ਸਿਧਾਂਤ ਦੀ ਮਹੱਤਤਾ ਕੀ ਹੈ? ਮਾਈਕਰੋ ਅਤੇ ਮੈਕਰੋ ਅਰਥ ਸ਼ਾਸਤਰ ਕੀ ਹੈ? ਮੈਕਰੋ ਅਰਥ ਸ਼ਾਸਤਰ ਕਿਹੜੇ ਸਵਾਲਾਂ ਤੇ ਆਧਾਰਿਤ ਹੈ? ਮਾਈਕਰੋ ਅਤੇ ਮੈਕਰੋ ਅਰਥ ਸ਼ਾਸਤਰ ਵਿਚ ਕੀ ਅੰਤਰ ਹੈ? ਕੀ ਮਾਈਕਰੋ ਅਤੇ

ਮੈਕਰੋ ਅਰਥ ਸ਼ਾਸਤਰ ਇੱਕ ਦੂਜੇ ਦੇ ਵਿਰੋਧੀ ਹਨ? ਮੈਕਰੋ ਅਰਥ ਸ਼ਾਸਤਰ ਦਾ ਅਧਿਐਨ ਕਿਵੇਂ ਮਹੱਤਵਪੂਰਨ ਹੈ? ਇਸ ਤੋਂ ਇਲਾਵਾ, ਅਸੀਂ ਇਹ ਵੀ ਇਸ ਪਾਠ ਵਿੱਚ ਪੜ੍ਹਾਂਗੇ ਕਿ ਕਿਸੇ ਦੇਸ਼ ਦੀ ਪਦਾਰਥਕ ਭਲਾਈ ਦੀ ਪ੍ਰਕ੍ਰਿਤੀ ਅਤੇ ਆਕਾਰ ਦਾ ਅਧਿਐਨ ਕਰਨ ਲਈ ਮੈਕਰੋ ਅਰਥ ਸ਼ਾਸਤਰ ਕਿਵੇਂ ਮਹੱਤਵਪੂਰਨ ਹੈ ਅਤੇ ਇਸ ਮੈਕਰੋ ਅਰਥ ਸ਼ਾਸਤਰ ਦੀਆਂ ਕੀ ਸੀਮਾਵਾਂ ਹਨ। ਇਹ ਹੀ ਨਹੀਂ, ਸਗੋਂ ਇਸ ਪਾਠ ਵਿੱਚ ਮੈਕਰੋ ਆਰਥਿਕ ਵਿਸ਼ਲੇਸ਼ਣ ਲਈ ਵਰਤੀ ਜਾਂਦੀ ਪਰਿਭਾਸ਼ਕੀ (terminology) ਬਾਰੇ ਵੀ ਦੱਸਿਆ ਜਾਵੇਗਾ।

### 1.1.3 ਆਮ ਸਿਧਾਂਤ ਦੀ ਉੱਤਪਤੀ (Origin of General Theory) :-

ਸਨਾਤਨੀ ਅਰਥ-ਸ਼ਾਸਤਰੀਆਂ ਅਨੁਸਾਰ, ਜਿਨ੍ਹਾਂ ਵਿਚ ਰਿਕਾਰਡੋ, ਜਾਨ ਸਟੂਅਰਟ ਮਿੱਲ (John Stuart Mill), ਮਾਰਸ਼ਲ (Marshall), ਐਜ਼ਵਰਥ (Edgeworth) ਅਤੇ ਪੀਗੂ ਸ਼ਾਮਲ ਹਨ, ਪੂੰਜੀਵਾਦੀ ਅਰਥ ਵਿਵਸਥਾ ਵਿਚ ਆਮ ਬੇਰੁਜ਼ਗਾਰੀ ਸੰਭਵ ਹੀ ਨਹੀਂ ਹੈ। ਉਨ੍ਹਾਂ ਅਨੁਸਾਰ ਪੂਰਨ ਰੋਜ਼ਗਾਰ ਦੇ ਪੱਧਰ ਤੇ ਸਮਤੋਲ ਦਾ ਹੋਣਾ ਇਕ ਆਮ ਹਾਲਤ ਹੈ। ਅਸਥਾਈ ਗੜਬੜਾਂ ਕਾਰਨ ਬੇਕਾਰੀ ਹੋ ਸਕਦੀ ਹੈ ਪਰ ਸਵੈ-ਚਲ ਸੰਚਾਲਕ (automatic regulators) ਫਿਰ ਸੰਤੁਲਨ ਦੀ ਹਾਲਤ ਲਿਆ ਦਿੰਦੇ ਹਨ। ਉਹ ਸਰਕਾਰੀ ਦਖਲ ਨੂੰ ਗੈਰਜ਼ਰੂਰੀ ਸਮਝਦੇ ਹਨ। ਰੋਜ਼ਗਾਰ ਸਮਤੋਲ ਬਣਿਆ ਰਹਿੰਦਾ ਹੈ ਅਤੇ ਕੰਮ ਕਰਨ ਦੇ ਇਛੁੱਕ ਸਾਰੇ ਲੋਕਾਂ ਨੂੰ ਕੰਮ ਮਿਲਿਆ ਰਹਿੰਦਾ ਹੈ, ਜੋ ਪ੍ਰਚੱਲਤ ਮਜ਼ਦੂਰੀ ਤੇ ਕੰਮ ਕਰਨ ਲਈ ਤਿਆਰ ਹੁੰਦੇ ਹਨ। ਕਿਉਂਕਿ ਪੂਰਨ ਰੋਜ਼ਗਾਰ ਦੀ ਹਾਲਤ ਨੂੰ ਉਹ ਪਹਿਲਾਂ ਤੋਂ ਮੰਨ ਕੇ ਚੱਲਦੇ ਸਨ, ਇਸੇ ਕਾਰਨ ਉਨ੍ਹਾਂ ਨੇ ਰੋਜ਼ਗਾਰ ਦਾ ਕੋਈ ਸਿਲਸਿਲੇਵਾਰ ਸਿਧਾਂਤ (Systematic Theory) ਦਿੱਤਾ ਹੀ ਨਹੀਂ। ਸਨਾਤਨੀ ਅਰਥ ਸ਼ਾਸਤਰੀਆਂ ਦੇ ਇਸ ਵਿਸ਼ਵਾਸ ਦਾ ਆਧਾਰ, ਅਸਲ ਵਿਚ ਫਰਾਂਸ ਦੇ ਅਰਥ ਸ਼ਾਸਤਰੀ ਜੇ.ਬੀ.ਸੇ. (1767-1832) ਦੇ ਵਿਚਾਰ ਹੀ ਸਨ ਜਿਨ੍ਹਾਂ ਨੂੰ ਸੇ ਦਾ ਮੰਡੀਆਂ ਦਾ ਨਿਯਮ ਕਹਿ ਕੇ ਪੁਕਾਰਿਆ ਜਾਂਦਾ ਹੈ। ਇਸ ਨਿਯਮ ਦੀ ਮੋਟੀ ਗੱਲ ਇਹ ਹੈ ਕਿ ਪੂਰਤੀ ਆਪਣੀ ਮੰਗ ਆਪ ਪੈਦਾ ਕਰਦੀ ਹੈ ਅਤੇ ਆਰਥਿਕ ਸੰਸਾਰ ਵਿਚ ਹਰ ਚੀਜ਼ ਆਪਣੀ ਆਪਣੀ ਸਮਤੋਲ ਵਿਚ ਆ ਜਾਂਦੀ ਹੈ। ਅਰਥਾਤ ਜੇ ਪੂਰਤੀ ਵਧੀ ਅਤੇ ਜਿੰਨੀ ਵਧੀ, ਮੰਗ ਨਾਲ ਹੀ ਅਤੇ ਉਨੀ ਹੀ ਵੱਧ ਜਾਂਦੀ ਹੈ ਅਤੇ ਸਮਤੋਲ ਹੋ ਜਾਂਦਾ ਹੈ। ਸਰਕਾਰ ਨੂੰ ਆਰਥਿਕ ਪ੍ਰਣਾਲੀ ਦੇ ਕੰਮ ਵਿਚ ਕੋਈ ਦਖਲ ਨਹੀਂ ਦੇਣਾ ਚਾਹੀਦਾ। ਇਸ ਤਰ੍ਹਾਂ ਵਿਵਸਥਾ ਵਿਚ ਵੱਧ ਉਤਪਾਦਨ ਹੋਣ ਦੀ ਕੋਈ ਸਮੱਸਿਆ ਨਹੀਂ ਹੋ ਸਕਦੀ ਅਤੇ ਨਾ ਹੀ ਆਮ ਬੇਰੋਜ਼ਗਾਰੀ ਦੀ ਸਮੱਸਿਆ ਹੋ ਸਕਦੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ, ਅਰਥਸ਼ਾਸਤਰੀ 'ਸੇ' ਨੇ ਇਹ ਗੱਲ ਜ਼ਰੂਰੀ ਮੰਨੀ ਕਿ ਕਿਸੇ ਖਾਸ ਵਸਤੂ ਦੀ ਪੂਰਤੀ, ਉਸ ਦੀ ਮੰਗ ਤੋਂ, ਥੋੜ੍ਹੇ ਸਮੇਂ ਲਈ ਜ਼ਿਆਦਾ ਹੋ ਸਕਦੀ ਹੈ, ਜਿਸ ਦਾ ਜ਼ਿੰਮੇਵਾਰ ਉਸ ਨੇ ਵਪਾਰੀਆਂ ਦੇ ਗਲਤ ਅਨੁਮਾਨਾਂ ਨੂੰ ਠਹਿਰਾਇਆ ਹੈ। ਕਿਸੇ ਖਾਸ ਉਦਯੋਗ ਵਿਚ ਹੋਇਆ ਵਾਧੂ ਉਤਪਾਦਨ ਆਪਣੇ ਆਪ ਠੀਕ ਹੋ ਜਾਂਦਾ ਹੈ ਅਰਥਾਤ ਉਸ ਉਦਯੋਗ ਦੀਆਂ ਵਸਤੂਆਂ ਦੀ ਪੂਰਤੀ ਆਪਣੇ ਆਪ ਉਨ੍ਹਾਂ ਵਸਤਾਂ ਦੀ ਮੰਗ ਦੇ ਬਰਾਬਰ ਹੋ ਜਾਂਦੀ ਹੈ ਕਿਉਂ ਜੋ ਵਪਾਰੀਆਂ ਨੂੰ ਇਹ ਵਸਤੂ ਵੇਚਣੀ ਔਖੀ ਲੱਗਦੀ ਹੈ ਅਰਥਾਤ ਉਨ੍ਹਾਂ ਨੂੰ ਘਾਟਾ ਪੈਂਦਾ ਹੈ ਅਤੇ ਉਹ ਅਜਿਹੀਆਂ ਵਸਤਾਂ ਪੈਦਾ ਕਰਨ ਲੱਗਦੇ ਹਨ ਜਿਨ੍ਹਾਂ ਨੂੰ ਉਹ ਆਸਾਨੀ ਨਾਲ ਵੇਚ ਸਕਦੇ ਹਨ। ਰਿਕਾਰਡੋ ਅਤੇ ਮਿੱਲ ਨੇ ਸੇ ਦੇ ਇਸ ਵਿਚਾਰ ਦਾ ਸਮਰਥਨ ਕੀਤਾ ਕਿ ਬਾਜ਼ਾਰ ਵਿਚ ਆਮ ਵਾਧੂ ਉਤਪਾਦਨ ਨਹੀ ਹੋ ਸਕਦਾ।

1929–33 ਦੀ ਮਹਾਂ ਮੰਦੀ ਕਾਰਨ, ਕੇਨਜ਼ ਦਾ ਵਿਸ਼ਵਾਸ ਪੁਰਾਤਨ ਅਰਥ ਸ਼ਾਸਤਰੀਆਂ ਦੇ ਵਿਸ਼ਵਾਸ ਨਾਲੋਂ ਬਿਲਕੁਲ ਵੱਖਰਾ ਹੋ ਗਿਆ ਅਤੇ ਇਸ ਤਰ੍ਹਾਂ ਉਸ ਦੇ ਰੋਜ਼ਗਾਰ ਤੇ ਆਮਦਨੀ ਸਿਧਾਂਤ ਦਾ (ਜੋ ਉਸ ਨੇ ਆਪਣੀ ਪ੍ਰਸਿੱਧ ਪੁਸਤਕ General Theory of Employment and Money ਵਿੱਚ ਸੰਨ 1936 ਵਿਚ ਪੇਸ਼ ਕੀਤਾ) ਜਨਮ ਹੋਇਆ। ਉਸ ਵੇਲੇ ਸਾਰੇ ਦੇਸ਼ਾਂ ਵਿਚ ਵੱਡੇ ਪੈਮਾਨੇ ਉਤੇ ਬੇਰੋਜ਼ਗਾਰੀ ਤੇ ਬੇਕਾਰੀ ਆਮ ਸੀ। ਲੋਕਾਂ ਦੀ ਆਮਦਨੀ ਨੀਵੀਂ ਪੱਧਰ ਤੇ ਡਿੱਗ ਚੁੱਕੀ ਸੀ ਤੇ ਉਨ੍ਹਾਂ ਨੂੰ ਵੱਡੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਪੁਰਾਣਾ ਤੁਰਿਆ ਆ ਰਿਹਾ ਅਰਥ ਸ਼ਾਸਤਰ, ਉਨ੍ਹਾਂ ਨੂੰ ਇਸ ਗੰਭੀਰ ਸਥਿਤੀ ਦੀ ਵਿਆਖਿਆ ਕਰਨ ਦੇ ਅਸਮਰੱਥ ਜਾਪਿਆ ਅਤੇ ਉਨ੍ਹਾਂ ਨੇ ਸੋਚਿਆ ਕਿ ਜੇ ਪੁਰਾਣੇ ਅਰਥ ਸ਼ਾਸਤਰ ਉੱਤੇ ਹੀ ਨੀਤੀਆਂ ਬਣਾਈਆਂ ਅਤੇ ਅਪਣਾਈਆਂ ਗਈਆਂ ਤਾਂ ਹਾਲਤ ਹੋਰ ਵੀ ਵਿਗੜ ਜਾਵੇਗੀ। ਉਹ (ਕੇਨਜ਼) ਸਰਕਾਰੀ ਨਾ ਦਖਲ ਦੇਣ ਦੀ ਨੀਤੀ ਕਾਰਨ ਪੂੰਜੀਵਾਦ ਨੂੰ ਉਜੜਦਾ ਨਹੀਂ ਸੀ ਵੇਖਣਾ ਚਾਹੁੰਦਾ ਸਗੋਂ ਉਸ ਨੂੰ ਸੁਧਾਰਨਾ ਚਾਹੁੰਦਾ ਸੀ। ਅਸਲ ਵਿਚ ਕੇਨਜ਼ ਨਾ ਤਾਂ ਪੂੰਜੀਵਾਦ ਨੂੰ ਖਤਮ ਕਰਨਾ ਚਾਹੁੰਦਾ ਸੀ ਅਤੇ ਨਾ ਹੀ ਇਸ ਦੀਆਂ ਬੁਨਿਆਦੀ ਵਿਸ਼ੇਸ਼ਤਾਈਆਂ, ਜਿਵੇਂ ਕਿ ਸੁਤੰਤਰ ਮੰਡੀ ਅਤੇ ਕੀਮਤ ਪ੍ਰਣਾਲੀ ਨੂੰ ਛੱਡਣਾ ਚਾਹੁੰਦਾ ਸੀ। ਉਹ ਤਾਂ ਸਿਰਫ ਇਸ ਨੂੰ ਬਦਲਣਾ ਚਾਹੁੰਦਾ ਸੀ ਤਾਂ ਕਿ ਪੂੰਜੀਵਾਦ ਬਦਲੇ ਹੋਏ ਹਾਲਾਤਾਂ ਅਨੁਸਾਰ ਕੰਮ ਸਾਰਦਾ ਰਹੇ। ਕੇਨਜ਼ ਨੂੰ ਬੇਰੋਜ਼ਗਾਰੀ ਕਾਰਨ ਬੇਕਾਰ ਪਏ ਆਰਥਿਕ ਸਾਧਨ, ਅਰਥਹੀਣ ਅਤੇ ਆਪਣੇ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਲੱਗਦੇ ਸਨ। ਇਸੇ ਕਾਰਨ ਉਸ ਨੇ ਇਸ ਸਮੱਸਿਆ ਦੇ ਹੱਲ ਵੱਲ ਆਪਣਾ ਧਿਆਨ ਕੇਂਦਰਿਤ ਕੀਤਾ ਅਤੇ ਕਾਫ਼ੀ ਹੱਦ ਤੱਕ ਸਫ਼ਲਤਾ ਪ੍ਰਾਪਤ ਕੀਤੀ। ਅਸਲ ਵਿਚ ਕੇਨਜ਼ ਚਾਹੁੰਦਾ ਸੀ ਕਿ ਬਦਲੇ ਹੋਏ ਹਾਲਾਤਾਂ ਅਨੁਸਾਰ ਪੂੰਜੀਵਾਦ ਨੂੰ ਸੁਧਾਰਿਆ ਜਾਵੇ ਅਤੇ ਜ਼ਿਆਦਾ ਗਤੀਸ਼ੀਲ ਤੱਤਾਂ ਨਾਲ ਭਰਪੂਰ ਕੀਤਾ ਜਾਵੇ ਅਤੇ ਨਾਲ ਹੀ ਇਕ ਰੋਜ਼ਗਾਰ ਸਿਧਾਂਤ ਬਣਾਇਆ ਜਾਵੇ, ਜੋ ਉਨ੍ਹਾਂ ਤੱਤਾਂ ਨੂੰ ਦੱਸ ਸਕੇ ਜਿਹੜੇ ਕਿਸੇ ਖਾਸ ਸਮੇਂ ਤੇ ਰੋਜ਼ਗਾਰ ਦੇ ਪੱਧਰ ਨੂੰ ਨਿਰਧਾਰਿਤ ਕਰਦੇ ਸਨ। ਸੇ ਦੇ ਨਿਯਮ ਵਿਚ ਵਿਸ਼ਵਾਸ ਰੱਖਦੇ ਹੋਏ ਸਨਾਤਨੀ ਅਰਥ ਸ਼ਾਸਤਰੀਆਂ ਦਾ ਵਿਚਾਰ ਸੀ ਕਿ ਅਰਥ ਵਿਵਸਥਾ ਵਿਚ ਲਗਭੱਗ ਹਮੇਸ਼ਾਂ, ਪੂਰਨ ਰੋਜ਼ਗਾਰ ਰਹਿੰਦਾ ਹੈ ਅਤੇ ਇਸ ਕਾਰਨ ਆਮਦਨ ਅਤੇ ਰੋਜ਼ਗਾਰ ਦਾ ਪੱਧਰ ਸਥਿਰ ਹੀ ਰਹਿੰਦਾ ਹੈ। ਉਨ੍ਹਾਂ ਦੀ ਇਕੋ ਇਕ ਸਮੱਸਿਆ ਇਹ ਸੀ ਕਿ ਮੌਜੂਦਾ ਸਾਧਨਾਂ ਦੀ ਗਲਤ ਪਾਸਿਆਂ ਵੱਲ ਵੰਡ ਨੂੰ ਰੋਕ ਕੇ, ਉਨ੍ਹਾਂ ਦਾ ਕਿਵੇਂ ਵਧੀਆ ਪ੍ਰਯੋਗ ਕੀਤਾ ਜਾ ਸਕੇ। ਅਸਲ ਵਿਚ ਸਨਾਤਨੀ ਅਰਥ ਸ਼ਾਸਤਰੀਆਂ ਨੇ ਰੋਜ਼ਗਾਰ ਦਾ ਕੋਈ ਸਿਲਸਿਲੇਵਾਰ (Systematic) ਸਿਧਾਂਤ ਦਿੱਤਾ ਹੀ ਨਹੀਂ।

ਇਹ ਕੇਨਜ਼ ਹੀ ਸੀ ਜਿਸ ਨੇ ਇਹ ਸਿਧਾਂਤ ਦਿੱਤਾ, ਜਿਹੜਾ ਇਹ ਦੱਸ ਸਕੇ ਕਿ ਅਰਥ ਵਿਵਸਥਾ ਵਿਚ, ਕਿਸੇ ਸਮੇਂ ਤੇ ਰੋਜ਼ਗਾਰ ਦਾ ਪੱਧਰ ਕਿਹੜੇ ਤੱਤਾਂ ਉਤੇ ਨਿਰਭਰ ਕਰਦਾ ਹੈ। ਕੇਨਜ਼ ਨੇ ਆਪਣੇ ਇਸ ਸਿਧਾਂਤ ਨੂੰ ਆਮ ਸਿਧਾਂਤ (General Theory) ਦਾ ਨਾਂ ਦਿੱਤਾ ਹੈ ਅਤੇ ਇਸ ਵਿਚ ਰੋਜ਼ਗਾਰ ਦੇ ਹਰ ਪੱਧਰ, ਭਾਵੇਂ ਉਹ ਪੂਰਨ ਰੋਜ਼ਗਾਰ, ਅਪੂਰਨ ਰੋਜ਼ਗਾਰ ਜਾਂ ਪੂਰਨ ਰੋਜ਼ਗਾਰ ਉਪਰਲਾ ਪੱਧਰ ਕਿਉਂ ਨਾ ਹੋਵੇ, ਦੀ ਵਿਆਖਿਆ ਕੀਤੀ ਗਈ ਹੈ। ਦੂਜੇ ਪਾਸੇ ਸਨਾਤਨੀ ਸਿਧਾਂਤ ਨੂੰ ਇਸ ਆਮ ਸਿਧਾਂਤ ਦੀ ਖਾਸ ਹਾਲਤ ਦੇ ਤੌਰ ਤੇ ਦੱਸਿਆ ਗਿਆ ਹੈ ਕਿਉਂਕਿ ਇਹ ਸਿਰਫ਼ ਪੂਰਨ ਰੋਜ਼ਗਾਰ ਦੀ ਸਥਿਤੀ ਦੀ ਹੀ ਵਿਆਖਿਆ ਕਰਦਾ ਹੈ।

ਸਨਾਤਨੀ ਅਰਥ ਸ਼ਾਸਤਰੀਆਂ ਦੇ ਬਿਲਕੁਲ ਉਲਟ, ਕੇਨਜ਼ ਦਾ ਖਿਆਲ ਸੀ ਕਿ ਪੂੰਜੀਵਾਦ ਵਿਚ ਜਿਥੇ ਸਰਕਾਰੀ ਨਾ ਦਖਲ ਦੇਣ ਦੀ ਨੀਤੀ ਪਾਈ ਜਾਂਦੀ ਹੈ, ਅਪੂਰਨ ਰੋਜ਼ਗਾਰ ਇਕ ਸਾਧਾਰਨ

ਅਵਸਥਾ ਹੈ ਅਤੇ ਪੂਰਨ ਰੋਜ਼ਗਾਰ ਦੀ ਅਵਸਥਾ ਕਦੀ ਕਦਾਈਂ ਵਾਪਰਨ ਵਾਲੀ ਸਥਿਤੀ ਹੈ। ਕੇਨਜ਼ ਦੇ ਸਿਧਾਂਤ ਨੂੰ ਇਸ ਕਰਕੇ ਵੀ ਆਮ ਸਿਧਾਂਤ ਕਿਹਾ ਜਾਂਦਾ ਹੈ ਕਿ ਇਹ ਸਫੀਤੀ ਦੀ ਹਾਲਤ ਦੀ ਵੀ ਉਨੀ ਹੀ ਕੁਸ਼ਲਤਾ ਨਾਲ ਵਿਆਖਿਆ ਕਰਦਾ ਹੈ, ਜਿੰਨੀ ਕਿ ਬੇਕਾਰੀ ਦੀ ਹਾਲਤ ਦੀ, ਕਿਉਂਕਿ ਇਹ ਦੋਵੇਂ ਪ੍ਰਭਾਵੀ ਮੰਗ ਵਿਚ ਵਾਧਾ ਜਾਂ ਕਮੀ ਕਾਰਨ ਪੈਦਾ ਹੁੰਦੀਆਂ ਹਨ। ਕੇਨਜ਼ ਦਾ ਸਿਧਾਂਤ ਇਸ ਕਰਕੇ ਵੀ ਆਮ ਸਿਧਾਂਤ (General Theory) ਕਿਹਾ ਜਾਂਦਾ ਹੈ, ਕਿਉਂਕਿ ਇਹ ਰੋਜ਼ਗਾਰ ਅਤੇ ਉਤਪਾਦਨ ਵਿਚ ਤਬਦੀਲੀ ਨੂੰ ਸਮੁੱਚੀ ਅਰਥ ਵਿਵਸਥਾ ਵਿਚ ਹੋਈ ਤਬਦੀਲੀ ਨਾਲ ਸਬੰਧਤ ਕਰਦਾ ਹੈ। ਜਿਹੜੇ ਲੋਕ ਇਹ ਸਮਝਦੇ ਹਨ ਕਿ ਇਹ ਸਿਧਾਂਤ ਕਿਤੇ ਵੀ, ਹਰ ਜਗ੍ਹਾ ਸਾਰੇ ਹਾਲਾਤਾਂ ਥੱਲੇ, ਜਾਂ ਹਰ ਕਿਸਮ ਦੀ ਅਰਥ ਵਿਵਸਥਾ ਤੇ ਲਾਗੂ ਨਹੀਂ ਹੁੰਦਾ, ਜਾਂ ਵਿਆਪਕ ਸਚਾਈਆਂ ਨਹੀਂ ਦੱਸ ਸਕਦਾ, ਉਨ੍ਹਾਂ ਵਾਸਤੇ ਇਹ ਰਾਹ ਠੀਕ ਹੈ ਕਿ ਉਹ ਆਮ ਸਿਧਾਂਤ ਉਤੇ ਹੀ ਆਪਣਾ ਸਮਾਂ ਨਸ਼ਟ ਨਾ ਕਰਨ, ਕਿਉਂਕਿ ਅਸੀਂ ਜਾਣਦੇ ਹਾਂ ਕਿ ਸਿਧਾਂਤ ਆਮ ਹੈ ਕਿਉਂਕਿ ਇਹ ਰੋਜ਼ਗਾਰ ਦੇ ਸਾਰੇ ਪੱਧਰਾਂ ਅਤੇ ਉਨ੍ਹਾਂ ਸਾਰੇ ਤੱਤਾਂ ਦੀ ਵਿਆਖਿਆ ਕਰਦਾ ਹੈ ਜਿਹੜੇ ਇਸ ਨੂੰ ਨਿਰਧਾਰਿਤ ਕਰਦੇ ਹਨ।

**ਸੰਖੇਪ ਉੱਤਰ ਵਾਲਾ ਪ੍ਰਸ਼ਨ –**

ਕੇਨਜ਼ ਦੇ ਰੋਜ਼ਗਾਰ ਸਿਧਾਂਤ ਨੂੰ ਆਮ ਸਿਧਾਂਤ ਕਿਉਂ ਕਿਹਾ ਜਾਂਦਾ ਹੈ?

### 1.1.4 ਆਮ ਸਿਧਾਂਤ ਦੀ ਮਹੱਤਤਾ :–

ਮੈਕਰੋ ਅਰਥ ਸ਼ਾਸਤਰ ਜਾਂ ਆਮਦਨੀ ਸਿਧਾਂਤ ਦਾ ਬੜਾ ਭਾਰੀ ਸਿਧਾਂਤਕ ਅਤੇ ਵਿਵਹਾਰਕ ਮਹੱਤਵ ਹੈ। ਅਸਲ ਵਿੱਚ ਮੈਕਰੋ ਅਰਥ ਸ਼ਾਸਤਰ ਬਿਨਾਂ, ਅਰਥ ਸ਼ਾਸਤਰ ਦਾ ਵਿਗਿਆਨ, ਨਾ ਸਿਰਫ਼ ਅਧੂਰਾ ਰਹਿ ਜਾਂਦਾ ਹੈ, ਸਗੋਂ ਕਈ ਆਰਥਿਕ ਸਮੱਸਿਆਵਾਂ ਦੇ ਵਿਸ਼ਲੇਸ਼ਣ ਵਿਚ ਮੈਕਰੋ ਦ੍ਰਿਸ਼ਟੀ ਨਾ ਅਪਣਾ ਕੇ, ਕੇਵਲ ਮਾਈਕਰੋ ਆਧਾਰ ਤੇ, ਅਸੀਂ ਗਲਤ ਸਿਧਾਂਤ ਬਣਾ ਲੈਂਦੇ ਹਾਂ, ਜੋ ਹਾਨੀਕਾਰਕ ਸਾਬਤ ਹੋ ਸਕਦੇ ਹਨ।

ਬੇਰੋਜ਼ਗਾਰੀ ਦੀ ਸਮੱਸਿਆ ਕਿਸੇ ਵੀ ਦੇਸ਼ ਦੀ ਸਭ ਤੋਂ ਵੱਡੀ ਆਰਥਿਕ ਸਮੱਸਿਆ ਹੁੰਦੀ ਹੈ। ਬੇਕਾਰੀ ਨੂੰ ਹਟਾ ਕੇ ਰੋਜ਼ਗਾਰ ਦੀ ਹਾਲਤ ਉਨਾਂ ਚਿਰ ਤੱਕ ਨਹੀਂ ਲਿਆਂਦੀ ਜਾ ਸਕਦੀ ਜਿੰਨਾਂ ਚਿਰ ਤੱਕ ਸਾਨੂੰ ਇਹ ਗਿਆਨ ਨਹੀਂ ਹੁੰਦਾ ਕਿ ਰੋਜ਼ਗਾਰ ਕਿਨ੍ਹਾਂ ਤੱਤਾਂ ਉਤੇ ਨਿਰਭਰ ਕਰਦਾ ਹੈ ਅਤੇ ਸਿਰਫ਼ ਤਾਂ ਹੀ ਉਚਿੱਤ ਨੀਤੀ ਅਪਣਾਈ ਜਾ ਸਕਦੀ ਹੈ।

ਆਮਦਨੀ ਜਾਂ ਮੈਕਰੋ ਸਿਧਾਂਤ ਦੁਆਰਾ ਹੀ ਇਹ ਪਤਾ ਲਗਦਾ ਹੈ ਕਿ ਅਰਥ ਵਿਵਸਥਾ ਵਿਚ ਆਰਥਿਕ ਉਤਰਾਅ–ਚੜ੍ਹਾਅ (Economic fluctuations) ਕਿਉਂ ਆਉਂਦੇ ਹਨ ਅਤੇ ਉਨ੍ਹਾਂ ਦੀ ਤੀਬਰਤਾ (severity) ਨੂੰ ਕਿਵੇਂ ਘੱਟ ਕੀਤਾ ਜਾਵੇ।

ਇਹ ਮੈਕਰੋ ਅਰਥ ਸ਼ਾਸਤਰ ਹੀ ਹੈ ਜਿਸ ਦੁਆਰਾ ਸਫੀਤੀ (inflation) ਅਤੇ ਸੁੰਗੇੜ (deflation) ਜਿਹੀਆਂ ਮੁਦਰਿਕ ਸਮੱਸਿਆਵਾਂ ਦੇ ਸਿਧਾਂਤਕ ਰੂਪ ਨੂੰ ਠੀਕ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ। ਇਨ੍ਹਾਂ ਦੋਹਾਂ ਦੇ ਹਾਨੀਕਾਰਕ ਪ੍ਰਭਾਵਾਂ ਤੋਂ ਬਚਣ ਲਈ ਕਿਹੜੀ ਨੀਤੀ ਉਚਿੱਤ ਹੈ, ਇਹ ਵੀ ਮੈਕਰੋ ਅਰਥ ਸ਼ਾਸਤਰ ਦਾ ਹੀ ਵਿਸ਼ਾ ਹੈ।

ਆਰਥਿਕ ਵਿਕਾਸ ਸਿਧਾਂਤ (Theory of Economic Growth) ਵੀ ਮੈਕਰੋ ਅਰਥ ਸ਼ਾਸਤਰ ਦਾ ਵਿਸ਼ਾ ਹੈ। ਕਿਹੜਾ ਦੇਸ਼ ਹੈ ਜੋ ਆਪਣਾ ਵਧੇਰੇ ਵਿਕਾਸ ਨਹੀਂ ਚਾਹੁੰਦਾ? ਇਹ ਗੱਲ ਘੱਟ ਵਿਕਸਿਤ ਅਤੇ ਨਾ–ਵਿਕਸਿਤ (under-developed and un-developed) ਦੇਸ਼ਾਂ ਦੇ ਸਬੰਧ ਵਿਚ ਹੋਰ ਵੀ ਜ਼ਰੂਰੀ ਹੈ।

ਉਚਿੱਤ ਮੁਦਰਾ ਨੀਤੀ ਜਾਂ ਉਚਿੱਤ ਰਾਜਕੋਸ਼ੀ ਨੀਤੀ, ਕਿਸੇ ਦੇਸ਼ ਦੇ ਸਬੰਧ ਵਿਚ ਕਿਹੜੀ ਹੋਵੇਗੀ, ਇਹ ਵੀ ਮੈਕਰੋ ਅਰਥ ਸ਼ਾਸਤਰ ਦੇ ਆਧਾਰ ਤੇ ਹੀ ਨਿਸ਼ਚਿਤ ਕੀਤਾ ਜਾ ਸਕਦਾ ਹੈ।

ਗੱਲ ਕੀ, ਕੇਨਜ਼ ਦੇ ਆਮ ਸਿਧਾਂਤ ਨੇ ਅਰਥ ਸ਼ਾਸਤਰ ਦੇ ਸਾਰੇ ਖੇਤਰਾਂ ਉਤੇ ਇਕ ਕ੍ਰਾਂਤੀਕਾਰੀ ਪ੍ਰਭਾਵ ਪਾਇਆ ਹੈ। ਮੰਦੀ ਅਤੇ ਲੜਾਈ ਨਾਲ ਸਬੰਧਤ ਮੁੱਖ ਆਰਥਿਕ ਬੀਮਾਰੀਆਂ ਦੇ ਹੱਲ ਲੱਭਣ ਲਈ ਕੇਨਜ਼ ਦੇ ਵਿਚਾਰ ਬਹੁਤ ਸਹਾਇਕ ਸਾਬਤ ਹੋਏ ਹਨ। ਭਾਵੇਂ ਉਸ ਦੇ ਦਿੱਤੇ ਵਿਵਹਾਰਕ ਹੱਲ, ਸਮੇਂ ਤੇ ਸਥਾਨ ਅਨੁਸਾਰ ਬਦਲਦੇ ਰਹੇ ਹਨ। ਇਹ ਆਮ ਸਿਧਾਂਤ ਹੀ ਸੀ ਜਿਸ ਕਾਰਨ ਕੇਨਜ਼ ਨੂੰ ਉਸ ਪ੍ਰਸਿੱਧੀ ਨਾਲੋਂ ਜ਼ਿਆਦਾ ਸਨਮਾਨ ਮਿਲਿਆ ਜਿਹੜਾ ਕਿ ਰਿਕਾਰਡੋ ਨੂੰ 100 ਤੋਂ ਵਧੇਰੇ ਸਾਲਾਂ ਦੇ ਅਰਸੇ ਵਿਚ ਪ੍ਰਾਪਤ ਹੋਈ, ਜਾਂ ਮਾਰਸ਼ਲ ਨੂੰ ਅਖੀਰਲੇ 50 ਸਾਲਾਂ ਵਿਚ ਮਿਲੀ। 1936 ਤੋਂ ਸੰਸਾਰ ਦੇ ਅਰਥ ਸ਼ਾਸਤਰੀਆਂ ਦੀ ਭਾਰੀ ਸੰਖਿਆ ਨੇ ਕੇਨਜ਼ ਦੇ ਆਮ ਸਿਧਾਂਤ ਨੂੰ ਪੜ੍ਹਿਆ ਅਤੇ 'ਹਾਰਾਂ' ਨੇ ਇਸ ਦੇ ਦੱਸੇ ਮਾਰਗ ਨੂੰ ਬੜੇ ਧਿਆਨ ਅਤੇ ਸ਼ਰਧਾ ਨਾਲ ਅਪਨਾਇਆ। ਬਹੁਤ ਘੱਟ ਅਜਿਹੀਆਂ ਲਿਖਤਾਂ ਹਨ ਜਿਹੜੀਆਂ ਕੇਨਜ਼ ਦੇ ਆਮ ਸਿਧਾਂਤ ਦੇ ਅਸਰ ਤੋਂ ਖਾਲੀ ਹਨ। ਸੈਮੂਅਲਸਨ (Samuelson) ਅਨੁਸਾਰ, ''ਆਮ ਸਿਧਾਂਤ ਨੂੰ ਵਧੀਆ ਤਰੀਕੇ ਨਾਲ ਲਿਖਿਆ ਅਤੇ ਅਰਥ ਸ਼ਾਸਤਰੀਆਂ, ਜਿਵੇਂ ਐਡਮ ਸਮਿੱਥ, ਵਾਲਰਸ ਅਤੇ ਕੂਰਨਾਂ (Cournot) ਦੇ ਕੰਮਾਂ ਦੇ ਬਰਾਬਰ ਮੰਨਿਆ ਜਾਣਾ ਚਾਹੀਦਾ ਹੈ।'' ਪ੍ਰੋ. ਹੈਜ਼ਲਿਟ ਤਾਂ ਇਥੋਂ ਤੱਕ ਕਹਿੰਦਾ ਹੈ ਕਿ ਇਸ ਪੁਸਤਕ ਦੇ ਨੁਕਸ ਵੀ ਇਸ ਦੀ ਵਡਿਆਈ ਵਿਚ ਵਾਧਾ ਕਰਦੇ ਹੋਏ ਦਿੱਸਦੇ ਹਨ।

**ਸੰਖੇਪ ਉੱਤਰਾਂ ਵਾਲੇ ਪ੍ਰਸ਼ਨ –**

(i) ਕੇਨਜ਼ ਦਾ ਆਮ ਸਿਧਾਂਤ ਕਿਵੇਂ ਇੱਕ ਕ੍ਰਾਂਤੀਕਾਰੀ ਸਿਧਾਂਤ ਹੈ?

(ii) ਮੈਕਰੋ ਅਰਥ ਸ਼ਾਸਤਰ ਦੇ ਮੁੱਖ ਵਿਸ਼ੇ ਕਿਹੜੇ-ਕਿਹੜੇ ਹਨ?

### 1.1.5 ਮਾਈਕਰੋ ਅਤੇ ਮੈਕਰੋ ਅਰਥ ਸ਼ਾਸਤਰ ਕੀ ਹੈ?

ਅਰਥ ਸ਼ਾਸਤਰ ਦਾ ਵਿਸ਼ਾ ਵਸਤੂ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ – ਇਕ ਹੈ ਮਾਈਕਰੋ ਅਤੇ ਦੂਜਾ ਹੈ ਮੈਕਰੋ ਅਰਥ ਸ਼ਾਸਤਰ। ਇਹ ਦੋਵੇਂ ਨਾਂ ਪਹਿਲਾਂ ਰਾਗਨਰ ਫਰਿਸ਼ (Ragner Frisch) ਨੇ ਬਣਾਏ ਅਤੇ ਵਰਤੇ ਅਤੇ ਹੁਣ ਸਾਰੇ ਸੰਸਾਰ ਦੇ ਅਰਥ ਸ਼ਾਸਤਰੀ ਇਨ੍ਹਾਂ ਦਾ ਪ੍ਰਯੋਗ ਕਰਦੇ ਹਨ।

**ਮਾਈਕਰੋ ਅਰਥ ਸ਼ਾਸਤਰ** : ਮਾਈਕਰੋ ਅਰਥ ਸ਼ਾਸਤਰ ਵਿਚ ਛੋਟੇ-ਛੋਟੇ ਭਾਗਾਂ ਜਾਂ ਅੰਸ਼ਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ, ਨਾ ਕਿ ਅਰਥ ਵਿਵਸਥਾ ਦਾ ਸਮੁੱਚੇ ਤੌਰ ਤੇ। ਇਸ ਵਿਚ ਵਿਅਕਤੀਗਤ ਉਪਭੋਗੀ, ਵਿਅਕਤੀਗਤ ਫਰਮ, ਵਿਅਕਤੀਗਤ ਉਦਯੋਗ ਅਤੇ ਉਨ੍ਹਾਂ ਦੇ ਸਮਤੋਲ ਦੀ ਅਵਸਥਾ ਆਦਿ ਦੀ ਪੜ੍ਹਾਈ ਕੀਤੀ ਜਾਂਦੀ ਹੈ।

ਮਾਈਕਰੋ ਅਰਥ ਸ਼ਾਸਤਰ ਦੇ ਸਬੰਧ ਵਿਚ ਇਕ ਵਿਸ਼ੇਸ਼ ਵਰਨਣਯੋਗ ਗੱਲ ਇਹ ਹੈ ਕਿ ਇਸ ਵਿਚ ਜ਼ਿਆਦਾਤਰ ਇਹ ਮੰਨ ਕੇ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਕਿ ਸਮੁੱਚੀ ਅਰਥ ਵਿਵਸਥਾ ਵਿਚ ਪੂਰਨ ਰੋਜ਼ਗਾਰ ਹੈ।

**ਮੈਕਰੋ ਅਰਥ ਸ਼ਾਸਤਰ** : ਮੈਕਰੋ ਅਰਥ ਸ਼ਾਸਤਰ ਵਿਚ ਸਮੱਸਤ ਜਾਂ ਸਮੁੱਚੀ ਅਰਥ ਵਿਵਸਥਾ ਨੂੰ ਲੈ ਕੇ ਸਮੱਸਤ ਅਰਥ ਵਿਵਸਥਾ ਦੇ ਮੁੱਖ ਕੁੱਲ ਜੋੜਾਂ, ਜਾਂ ਉਨ੍ਹਾਂ ਦੀਆਂ ਮੁੱਖ ਔਸਤਾਂ ਦਾ ਵਰਨਣ ਕੀਤਾ ਜਾਂਦਾ ਹੈ। ਉਦਾਹਰਣ ਵਜੋਂ, ਦੇਸ਼ ਦੀ ਸਮੱਸਤ ਰਾਸ਼ਟਰੀ ਆਮਦਨ, ਸਮੱਸਤ ਰਾਸ਼ਟਰੀ ਉਤਪਾਦਨ, ਸਮੱਸਤ ਰਾਸ਼ਟਰੀ ਉਪਯੋਗ, ਬੱਚਤ ਜਾਂ ਨਿਵੇਸ਼, ਕੁੱਲ ਪੂਰਤੀ ਅਤੇ ਕੀਮਤਾਂ ਦੀ

ਸਮਾਨ ਪੱਧਰ (General price level) ਦਾ ਅਧਿਐਨ ਕੀਤਾ ਜਾਂਦਾ ਹੈ। ਮੈਕਰੋ ਅਰਥ ਸ਼ਾਸਤਰ ਵਿਚ ਅਸੀਂ ਇਹ ਅਧਿਐਨ ਕਰਦੇ ਹਾਂ ਕਿ ਸਮੁੱਚੀ ਅਰਥ ਵਿਵਸਥਾ ਦੇ ਕੁੱਲ ਜੋੜ ਅਤੇ ਉਸ ਦੀਆਂ ਮੁੱਖ ਔਸਤਾਂ ਕਿਵੇਂ ਨਿਰਧਾਰਿਤ ਹੁੰਦੀਆਂ ਹਨ ਅਤੇ ਕਿਹੜੇ ਕਾਰਨਾਂ ਕਰਕੇ ਵਧਦੀਆਂ ਘਟਦੀਆਂ ਰਹਿੰਦੀਆਂ ਹਨ। ਇਸ ਤਰ੍ਹਾਂ ਮੈਕਰੋ ਅਰਥ ਸ਼ਾਸਤਰ ਸਮੂਹਾਂ ਦਾ ਅਧਿਐਨ ਕਰਦਾ ਹੈ। ਇਸ ਕਰਕੇ ਇਸ ਨੂੰ ਕਈ ਵਾਰੀ ਸਮੂਹਿਕ ਅਰਥ ਸ਼ਾਸਤਰ (Aggregative Economics) ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਸਮੇਂ ਅਤੇ ਸਥਾਨ ਅਨੁਸਾਰ ਸਮੂਹਾਂ ਦੇ ਵਰਤਾਓ ਦਾ ਅਧਿਐਨ ਕਰਦਾ ਹੈ। ਕੇ. ਬੋਲਡਿੰਗ (K. Boulding) ਅਨੁਸਾਰ ''ਆਰਥਿਕ ਸਮੂਹ–ਭਾਵ ਵਿਅਕਤੀਗਤ ਮਾਤਰਾ ਨਾਲ ਸਬੰਧ ਨਹੀਂ ਰੱਖਦਾ ਬਲਕਿ ਇਨ੍ਹਾਂ ਮਾਤਰਾਵਾਂ ਦੇ ਸਮੂਹ ਨਾਲ ਸਬੰਧਤ ਹੈ, ਨਿੱਜੀ ਆਮਦਨ ਨਹੀਂ ਬਲਕਿ ਰਾਸ਼ਟਰੀ ਆਮਦਨ ਨਾਲ ਸਬੰਧਤ ਹੈ। ਡਾ. ਜੇ.ਐਲ. ਹੈਨਸਨ (J.L. Hanson) ਦੇ ਸ਼ਬਦਾਂ ਵਿਚ ''ਆਰਥਿਕ ਸਮੂਹ–ਭਾਵ, ਅਰਥ ਸ਼ਾਸਤਰ ਦੀ ਉਹ ਸ਼ਾਖਾ ਹੈ, ਜਿਹੜੀ ਰੋਜ਼ਗਾਰ ਦੀ ਮਾਤਰਾ, ਬੱਚਤ ਤੇ ਨਿਵੇਸ਼ ਦੀ ਕੁੱਲ ਮਾਤਰਾ ਅਤੇ ਰਾਸ਼ਟਰੀ ਆਮਦਨ ਆਦਿ ਜਿਹੇ ਵੱਡੇ–ਵੱਡੇ ਸਮੂਹਾਂ ਵਿਚ ਸਬੰਧ ਦਾ ਅਧਿਐਨ ਕਰਦੀ ਹੈ।''

ਲਿਪਸੀ (Lipsey) ਅਨੁਸਾਰ, ਆਰਥਿਕ ਸਮੂਹ–ਭਾਵ ਦੀ ਬੁਨਿਆਦੀ ਸਮੱਸਿਆ ਆਮਦਨੀ ਦੇ ਵਹਾਉ ਦਾ ਨਿਰਧਾਰਨ ਹੈ ਅਤੇ ਮੌਲਿਕ ਸਿਧਾਂਤਕ ਢਾਂਚਾ ਅਤੇ ਆਮਦਨ ਦੇ ਚੱਕਰੀ ਵਹਾਉ ਦਾ ਨਮੂਨਾ (Model) ਹੈ। ਸੰਖੇਪ ਵਿਚ ਮੈਕਰੋ ਅਰਥ ਸ਼ਾਸਤਰ, ਆਰਥਿਕ ਜ਼ਿੰਦਗੀ ਦੇ ਅਸਲੀ ਤੇ ਵੱਡੇ ਸਵਾਲਾਂ ਦਾ ਜਵਾਬ ਦੇਣ ਦੀ ਕੋਸ਼ਿਸ਼ ਕਰਦਾ ਹੈ, ਜਿਵੇਂ ਕਿ ਪੂਰਨ ਰੋਜ਼ਗਾਰ ਜਾਂ ਬੇਕਾਰੀ, ਸਮਰੱਥਾ ਤੋਂ ਥੱਲੇ ਦੇ ਪੱਧਰ ਦਾ ਉਤਪਾਦਨ, ਤਸੱਲੀਬਖਸ਼ ਉੱਨਤੀ ਦੀ ਦਰ, ਸਫੀਤੀ ਜਾਂ ਕੀਮਤਾਂ ਦੀ ਸਥਿਰਤਾ ਆਦਿ। ਮੈਕਰੋ ਅਰਥ ਸ਼ਾਸਤਰ ਇਨ੍ਹਾਂ ਸਵਾਲਾਂ ਤੇ ਆਧਾਰਿਤ ਹੈ ਕਿ:

(ੳ) ਕਿਸੇ ਦੇਸ਼ ਦੇ ਕੁੱਲ ਉਤਪਾਦਨ ਦੀ ਮਾਤਰਾ, ਕਿਸ ਖਾਸ ਸਮੇਂ ਵਿਚ ਮਿਥੀ ਜਾਂਦੀ ਹੈ?

(ਅ) ਉਹ ਦਰ ਕਿਵੇਂ ਮਿੱਥੀ ਜਾਂਦੀ ਹੈ ਜਿਸ ਉੱਤੇ ਉਤਪਾਦਨ ਵਿਚ ਵਾਧਾ ਹੁੰਦਾ ਹੈ?

(ੲ) ਕੀਮਤਾਂ ਦਾ ਪੱਧਰ ਕਿਵੇਂ ਨਿਰਧਾਰਿਤ ਹੁੰਦਾ ਹੈ?

(ਸ) ਕੀਮਤਾਂ ਵਿਚ ਤਬਦੀਲੀ ਦੀ ਦਰ ਅਤੇ ਉਸ ਦੀ ਦਿਸ਼ਾ ਕਿਵੇਂ ਨਿਰਧਾਰਿਤ ਹੁੰਦੀ ਹੈ?

(ਹ) ਕਿਸੇ ਦੇਸ਼ ਦੀਆਂ ਅਯਾਤਾਂ ਅਤੇ ਨਿਰਯਾਤਾਂ ਦਾ ਪੱਧਰ ਕਿਵੇਂ ਨਿਰਧਾਰਿਤ ਹੁੰਦਾ ਹੈ?

ਇਨ੍ਹਾਂ ਸਵਾਲਾਂ ਦੇ ਜੁਆਬ ਲਈ, ਸਾਨੂੰ ਅਜਿਹੇ ਸਮੂਹਾਂ, ਜਿਵੇਂ ਕਿ ਉਤਪਾਦਨ, ਰੋਜ਼ਗਾਰ, ਕੁੱਲ ਉਪਭੋਗ, ਨਿਵੇਸ਼, ਮੁਦਰਾ ਦੀ ਪੂਰਤੀ, ਕੀਮਤਾਂ ਦਾ ਆਮ ਪੱਧਰ, ਨਿਰਯਾਤਾਂ ਅਤੇ ਅਯਾਤਾਂ ਆਦਿ ਸਮੂਹਾਂ ਦੀ ਜਾਂਚ ਕਰਨ ਦੀ ਲੋੜ ਹੈ ਜੋ ਕਿ ਰੋਜ਼ਗਾਰ ਸਿਧਾਂਤ, ਕੀਮਤ ਪੱਧਰ ਸਿਧਾਂਤ ਅਤੇ ਆਰਥਿਕ ਵਿਕਾਸ ਸਿਧਾਂਤ ਆਦਿ ਦਾ ਵੀ ਵਿਸ਼ਾ ਹਨ। ਇਸ ਤੋਂ ਇਲਾਵਾ ਮੈਕਰੋ ਅਰਥ ਸ਼ਾਸਤਰ ਵਿਚ ਇਨ੍ਹਾਂ ਜੋੜਾਂ ਦੇ ਪੱਧਰ ਨੂੰ ਨਿਰਧਾਰਿਤ ਕਰਨ ਵਿਚ ਸਰਕਾਰ ਦਾ ਕੀ ਰੋਲ ਹੈ ਅਤੇ ਸਰਕਾਰ ਆਪਣੀ ਨੀਤੀ ਸਬੰਧੀ ਔਜ਼ਾਰ ਕਿਵੇਂ ਵਰਤਦੀ ਹੈ ਤਾਂ ਕਿ ਇਨ੍ਹਾਂ ਦੀ ਪੂਰਤੀ ਕੀਤੀ ਜਾ ਸਕੇ, ਦੇ ਅਧਿਐਨ ਦੀ ਲੋੜ ਹੈ।

### 1.1.5.1 ਮਾਈਕਰੋ ਅਤੇ ਮੈਕਰੋ ਅਰਥ ਸ਼ਾਸਤਰ ਵਿਚ ਭਿੰਨਤਾ (Difference)

ਮਾਈਕਰੋ ਅਤੇ ਮੈਕਰੋ ਅਰਥ ਸ਼ਾਸਤਰ ਵਿਚ ਵਖਰੇਵਾਂ ਬਹੁਤਾ ਸਪੱਸ਼ਟ ਨਹੀਂ, ਕਿਉਂਕਿ ਜਿਸ ਨੂੰ ਅਸੀਂ ਮੈਕਰੋ ਅਰਥ ਸ਼ਾਸਤਰ ਦਾ ਵਿਸ਼ਾ ਇਕ ਮੌਕੇ ਤੇ, ਜਾਂ ਇੱਕ ਪੱਖੋਂ ਕਹਿੰਦੇ ਹਾਂ, ਦੂਜੇ ਮੌਕੇ ਤੇ ਜਾਂ ਦੂਜੇ ਪੱਖੋਂ ਉਹ ਮਾਈਕਰੋ ਅਰਥ ਸ਼ਾਸਤਰ ਦਾ ਵਿਸ਼ਾ ਬਣ ਜਾਂਦਾ ਹੈ। ਜੇ.ਕੇ. ਮਹਿਤਾ (J.K. Mehta) ਅਨੁਸਾਰ, ਇਹ ਜ਼ਰੂਰੀ ਨਹੀਂ ਕਿ ਆਰਥਿਕ ਵਿਅਕਤੀਭਾਵ ਵਿਚ ਅਸੀਂ ਵਿਅਕਤੀ ਦਾ ਅਧਿਐਨ ਕਰਦੇ ਹਾਂ ਅਤੇ ਆਰਥਿਕ ਸਮੂਹ-ਭਾਵ ਵਿਚ ਸਦਾ ਸਮੁੱਚੀ ਅਰਥ ਵਿਵਸਥਾ ਦਾ ਅਧਿਐਨ ਕਰਦੇ ਹਾਂ। ਰੌਬਿਨਸਨ ਕਰੂਸੋ (Robinson Crusoe) ਵਰਗੇ ਇਕੱਲੇ ਵਿਅਕਤੀ ਦਾ ਅਧਿਐਨ, ਮੈਕਰੋ ਅਰਥ ਸ਼ਾਸਤਰ ਅਧੀਨ ਆ ਸਕਦਾ ਹੈ ਅਤੇ ਇਕ ਸਮੂਹ ਦਾ ਅਧਿਐਨ ਮਾਈਕਰੋ ਅਰਥ ਸ਼ਾਸਤਰ ਦਾ ਵਿਸ਼ਾ ਬਣ ਸਕਦਾ ਹੈ। ਜੋ ਵਿਅਕਤੀ ਜਾਂ ਸਮੂਹ ਅੰਦਰਲੇ ਪ੍ਰਭਾਵਾਂ ਨੂੰ ਛੱਡ ਕੇ, ਬਾਕੀ ਸਾਰੇ ਬਾਹਰੀ ਪ੍ਰਭਾਵਾਂ ਤੋਂ ਮੁਕਤ ਹੋਵੇ ਤਾਂ ਇਹ ਅਧਿਐਨ ਮੈਕਰੋ ਅਰਥ ਸ਼ਾਸਤਰ ਦਾ ਅਧਿਐਨ ਬਣ ਜਾਂਦਾ ਹੈ। ਦੂਜੇ ਪਾਸੇ ਜੇ ਇਸ ਉੱਤੇ ਹੋਰ ਮਨੁੱਖਾਂ ਦਾ ਪ੍ਰਭਾਵ ਪਿਆ ਹੋਵੇ ਤਾਂ ਇਹ ਮਾਈਕਰੋ ਅਰਥ ਸ਼ਾਸਤਰ ਦਾ ਵਿਸ਼ਾ ਹੋ ਨਿੱਬੜਦਾ ਹੈ। ਦੂਜੇ ਸ਼ਬਦਾਂ ਵਿਚ, ਇਹ ਕਿਹਾ ਜਾ ਸਕਦਾ ਹੈ ਕਿ ਖੁੱਲ੍ਹੀ ਅਰਥ ਵਿਵਸਥਾ (Open Economy), ਮੈਕਰੋ ਅਰਥ ਸ਼ਾਸਤਰ ਦਾ ਵਿਸ਼ਾ ਹੈ।

ਮਾਈਕਰੋ ਅਰਥ ਸ਼ਾਸਤਰ ਵਿਚ ਅਸੀਂ ਵੱਖ-ਵੱਖ ਵਸਤਾਂ ਤੇ ਸੇਵਾਵਾਂ ਨਾਲ ਸਬੰਧਤ ਕੀਮਤਾਂ ਦੇ ਵਧਣ ਘਟਣ ਦੀ ਵਿਧੀ ਦਾ ਅਧਿਐਨ ਕਰਦੇ ਹਾਂ। ਇਹ ਵੀ ਅਧਿਐਨ ਕੀਤਾ ਜਾਂਦਾ ਹੈ ਕਿ ਉਨ੍ਹਾਂ ਦੀਆਂ ਕੀਮਤਾਂ ਦਾ ਨਿਰਧਾਰਨ ਕਿਵੇਂ ਹੁੰਦਾ ਹੈ, ਅਰਥਾਤ ਇਸ ਵਿਚ ਅੰਸ਼ਿਕ ਸਮਤੋਲ (Partial Equilibrium) ਦੀ ਹਾਲਤ ਦਾ ਵਰਨਣ ਕੀਤਾ ਜਾਂਦਾ ਹੈ।

ਮਾਈਕਰੋ ਸਿਧਾਂਤ ਅਨੁਸਾਰ, ਜੋ ਵਰਨਣ ਅਸੀਂ ਮੰਨ ਕੇ ਚੱਲਦੇ ਹਾਂ, ਜਿਵੇਂ ਕਿ ਦੇਸ਼ ਦਾ ਕੁੱਲ ਉਤਪਾਦਨ ਦਿੱਤਾ ਹੋਇਆ ਹੁੰਦਾ ਹੈ, ਇਹ ਗੱਲ ਮੈਕਰੋ ਅਰਥ ਸ਼ਾਸਤਰ ਵਿਚ ਇਕ ਵੱਡਾ ਚਰ (variable) ਹੈ। ਇਸ ਦੇ ਮੁੱਲ ਅਤੇ ਮਾਤਰਾ ਨੂੰ ਨਿਰਧਾਰਿਤ ਕਰਨਾ ਹੁੰਦਾ ਹੈ। ਇਸ ਤਰ੍ਹਾਂ ਮੈਕਰੋ ਅਰਥ ਸ਼ਾਸਤਰ, ਜਿਹੜੀਆਂ ਵੱਖ-ਵੱਖ ਗੱਲਾਂ ਨੂੰ ਮੰਨ ਕੇ ਚਲਦਾ ਹੈ, ਜਿਵੇਂ ਕਿ ਉਪਜ ਦੀ ਵੰਡ, ਰੋਜ਼ਗਾਰ ਅਤੇ ਖਰਚ, ਵੱਖ-ਵੱਖ ਉਦਯੋਗਾਂ ਅਤੇ ਫਰਮਾਂ ਦੀਆਂ ਪੈਦਾ ਕੀਤੀਆਂ ਵਸਤਾਂ ਅਤੇ ਸੇਵਾਵਾਂ ਅਨੁਸਾਰ ਕਿਵੇਂ ਹੈ, ਇਹ ਸਾਰੀਆਂ ਗੱਲਾਂ ਮਾਈਕਰੋ ਅਰਥ ਸ਼ਾਸਤਰ ਵਿਚ ਚਰ (variable) ਮੰਦਾਂ ਹਨ। ਇਸ ਤੋਂ ਇਲਾਵਾ ਮੈਕਰੋ ਅਰਥ ਸ਼ਾਸਤਰ ਵਿਚ ਆਮ ਕੀਮਤ ਇਕ ਚਰ ਹੈ ਅਤੇ ਸਾਪੇਖ (relative) ਕੀਮਤਾਂ ਅਚਰ ਹਨ ਜਦੋਂ ਕਿ ਮਾਈਕਰੋ ਅਰਥ ਸ਼ਾਸਤਰ ਵਿਚ ਇਨ੍ਹਾਂ ਨੂੰ ਬਿਲਕੁਲ ਉਲਟ ਲਿਆ ਜਾਂਦਾ ਹੈ।

### 1.1.5.2 ਮਾਈਕਰੋ ਅਤੇ ਮੈਕਰੋ ਅਰਥ ਸ਼ਾਸਤਰ ਦਾ ਏਕੀਕਰਨ (Integration)

ਮਾਈਕਰੋ ਅਤੇ ਮੈਕਰੋ ਵਿਸ਼ਲੇਸ਼ਣ ਦੇ ਆਪਣੇ ਗੁਣ ਅਤੇ ਸੀਮਾਵਾਂ ਹਨ। ਇਹ ਠੀਕ ਹੈ ਕਿ ਉਨ੍ਹਾਂ ਦੀਆਂ ਵਿਧੀਆਂ ਅੱਡੋ ਅੱਡ ਹਨ ਪਰ ਇਨ੍ਹਾਂ ਦੋਹਾਂ ਵਿਚ ਕੋਈ ਵਿਰੋਧ ਨਹੀਂ ਹੈ। ਜੇ ਅਸੀਂ ਇਕ ਉੱਤੇ ਨਿਰਭਰ ਕਰੀਏ ਅਤੇ ਦੂਜੇ ਨੂੰ ਅੱਖੋਂ ਉਹਲੇ ਕਰੀਏ ਤਾਂ ਕਦੀ ਵੀ ਸੰਤੋਖਜਨਕ ਸਿੱਟਿਆਂ ਦੀ ਪ੍ਰਾਪਤੀ ਨਹੀਂ ਹੋ ਸਕਦੀ।

ਕੋਈ ਵੀ ਦ੍ਰਿਸ਼ਟੀਕੋਣ ਇਕ ਦੂਜੇ ਤੋਂ ਬਿਨਾਂ ਅਧੂਰਾ ਹੈ। ਸੈਮਿਊਲਸਨ ਅਨੁਸਾਰ, ''ਮਾਈਕਰੋ ਅਰਥ ਸ਼ਾਸਤਰ ਅਤੇ ਮੈਕਰੋ ਅਰਥ ਸ਼ਾਸਤਰ ਅਸਲ ਵਿੱਚ ਵਿਰੋਧੀ ਨਹੀਂ ਹਨ। ਦੋਨੋਂ ਹੀ ਪੂਰਨ

ਰੂਪ ਵਿੱਚ ਮਹੱਤਵਪੂਰਨ ਹਨ। ਇਕ ਬਾਰੇ ਸਮਝ ਅਤੇ ਦੂਜੇ ਬਾਰੇ ਗਿਆਨ ਨਾ ਹੋਣਾ ਆਪ ਨੂੰ ਅਲਪ ਬੁੱਧੀ ਵਿਅਕਤੀ ਬਣਾ ਦਿੰਦਾ ਹੈ। ਅਸੀਂ ਇਹ ਨਹੀਂ ਕਹਿ ਸਕਦੇ ਕਿ ਪਹਿਲਾਂ ਕਿਹੜਾ ਆਉਂਦਾ ਹੈ। ਕੁਝ ਕਿਤਾਬਾਂ ਇਕ ਨਾਲ ਸ਼ੁਰੂ ਹੁੰਦੀਆਂ ਹਨ ਅਤੇ ਕੁਝ ਦੂਜੇ ਨਾਲ।''

ਸਨਾਤਨੀ ਅਰਥ ਸ਼ਾਸਤਰੀਆਂ ਨੇ ਸਦਾ ਮਾਈਕਰੋ ਵਿਧੀ ਦੀ ਵਰਤੋਂ ਕੀਤੀ ਅਤੇ ਇਹ ਉਨ੍ਹਾਂ ਦੀ ਭਾਰੀ ਗਲਤੀ ਸਾਬਤ ਹੋਈ ਜਿਸ ਨਾਲ ਅਰਥ ਵਿਵਸਥਾ ਵਿੱਚ ਅਹਿਮ ਮਹੱਤਤਾ ਵਾਲੀਆਂ ਸਮੱਸਿਆਵਾਂ, ਜਿਵੇਂ ਕਿ ਆਮਦਨ, ਉਤਪਾਦਨ ਅਤੇ ਦੇਸ਼ ਦਾ ਰੋਜ਼ਗਾਰ ਆਦਿ, ਵੱਲ ਧਿਆਨ ਨਾ ਦਿੱਤਾ ਜਾ ਸਕਿਆ ਅਤੇ ਮਾਈਕਰੋ ਸਿਧਾਂਤ, ਅਰਥ ਵਿਵਸਥਾ ਦੀਆਂ ਸਮੱਸਿਆਵਾਂ ਦਾ ਹੱਲ ਲੱਭਣ ਲਈ ਬਿਲਕੁਲ ਅਣਉਚਿੱਤ ਰਿਹਾ। ਨਵ-ਕਲਾਸੀਕਲ ਕੀਮਤ ਸਿਧਾਂਤ ਦੀ ਨਵ-ਕਲਾਸੀਕਲ ਮੈਕਰੋ ਆਰਥਿਕ ਸਿਧਾਂਤ ਨਾਲ ਤੁਲਨਾ ਕਰਦੇ ਹੋਏ ਕੇਨਜ਼ ਨੇ ਮਹਿਸੂਸ ਕੀਤਾ ਕਿ ਜਿੰਨਾ ਚਿਰ ਤੱਕ ਅਰਥ ਸ਼ਾਸਤਰੀਆਂ ਦਾ ਮੂਲ ਸਿਧਾਂਤ ਨਾਲ ਵਾਸਤਾ ਰਿਹਾ ਹੈ, ਉਹ ਇਹ ਪੜ੍ਹਾਉਣ ਦੇ ਆਦੀ ਰਹੇ ਹਨ ਕਿ ਕੀਮਤਾਂ ਉਤੇ ਮੰਗ ਅਤੇ ਪੂਰਤੀ ਦੀਆਂ ਹਾਲਤਾਂ ਹਾਵੀ ਹੁੰਦੀਆਂ ਹਨ ਅਤੇ ਖਾਸ ਕਰਕੇ ਸੀਮਾਂਤਕ ਲਾਗਤਾਂ ਵਿੱਚ ਤਬਦੀਲੀ ਅਤੇ ਥੋੜ੍ਹੇ ਸਮੇਂ ਦੀ ਪੂਰਤੀ ਦੀ ਲਚਕ ਨੇ ਮੁੱਖ ਰੋਲ ਅਦਾ ਕੀਤਾ ਹੈ ਪਰ ਜਦੋਂ ਉਹ ਦੋ ਭਾਗ (Volume II) ਜਾਂ ਕਈ ਵਾਰ ਮੁੱਲ ਅਤੇ ਕੀਮਤਾਂ ਦੇ ਸਿਧਾਂਤ ਦੇ ਵੱਖਰੇ ਨਿਬੰਧ (treatise) ਚੋ ਵਿਚਰਦੇ ਹਨ ਤਾਂ ਇਨ੍ਹਾਂ ਜਾਣੀਆਂ ਪਹਿਚਾਣੀਆਂ ਪਰੰਤੂ ਸਪੱਸ਼ਟ ਧਾਰਨਾਵਾਂ ਬਾਰੇ ਕੁਝ ਵੀ ਹੋਰ ਸੁਣਨ ਨੂੰ ਨਹੀਂ ਮਿਲਦਾ ਅਤੇ ਅਸੀਂ ਅਜਿਹੇ ਸੰਸਾਰ ਵਿੱਚ ਆ ਜਾਂਦੇ ਹਾਂ ਜਿੱਥੇ ਕੀਮਤਾਂ ਉਤੇ ਮੁਦਰਾ ਦੀ ਮਾਤਰਾ ਅਤੇ ਉਸ ਦਾ ਆਮਦਨ ਵੇਗ ਵੀ ਹਾਵੀ ਹੁੰਦਾ ਹੈ ਅਤੇ ਇਨ੍ਹਾਂ ਕਹਾਵਤਾਂ ਨੂੰ ਆਪਣੇ ਪੂਰਤੀ ਅਤੇ ਮੰਗ ਦੀਆਂ ਲਚਕਤਾਵਾਂ ਦੇ ਸੰਕਲਪ ਨਾਲ ਜੋੜਨ ਲਈ ਕੋਸ਼ਿਸ਼ ਨਹੀਂ ਕੀਤੀ ਜਾਂਦੀ।'' ਗੱਲ ਕੀ, ਚੋਣ ਮਾਈਕਰੋ ਜਾਂ ਮੈਕਰੋ ਵਿਚਾਲੇ ਨਹੀ, ਸਗੋਂ ਇਹ ਹੈ ਕਿ ਦੋਹਾਂ ਨੂੰ ਹੀ ਸਵੀਕਾਰ ਕੀਤਾ ਜਾਵੇ। ਜ਼ਰੂਰਤ ਇਕ ਦੀ ਨਹੀਂ, ਦੋਹਾਂ ਦ੍ਰਿਸ਼ਟੀਕੋਣਾਂ ਦੇ ਏਕੀਕਰਨ ਦੀ ਹੈ ਅਤੇ ਸਿਰਫ ਤਾਂ ਹੀ ਠੀਕ ਸਿੱਟੇ ਪ੍ਰਾਪਤ ਕੀਤੇ ਜਾ ਸਕਦੇ ਹਨ। ਸੋ ਸਪਸ਼ਟ ਹੈ ਕਿ ਮਾਈਕਰੋ ਅਤੇ ਮੈਕਰੋ ਵਿਸ਼ਲੇਸ਼ਣ ਇਕ ਦੂਜੇ ਦੇ ਪੂਰਕ ਹਨ, ਵਿਰੋਧੀ ਨਹੀਂ। ਗਾਰਡਨਰ ਐਕਲੇ (Gardner Ackley) ਅਨੁਸਾਰ, ''ਸਾਨੂੰ ਆਰਥਿਕ ਸਮੂਹ-ਭਾਵ ਦੀਆਂ ਸਮੱਸਿਆਵਾਂ ਦਾ ਹੱਲ ਆਰਥਿਕ ਵਿਅਕਤੀਭਾਵ ਦੇ ਔਜ਼ਾਰਾਂ ਨਾਲ ਅਤੇ ਆਰਥਿਕ ਵਿਅਕਤੀਭਾਵ ਦੀਆਂ ਸਮੱਸਿਆਵਾਂ ਦਾ ਹੱਲ ਆਰਥਿਕ ਸਮੂਹ-ਭਾਵ ਦੇ ਔਜ਼ਾਰਾਂ ਨਾਲ ਕਰਨਾ ਚਾਹੀਦਾ ਹੈ।''

**ਸੰਖੇਪ ਉਤਰਾਂ ਵਾਲੇ ਪ੍ਰਸ਼ਨ –**

(i) ਮਾਈਕਰੋ ਅਤੇ ਮੈਕਰੋ ਅਰਥ ਸ਼ਾਸਤਰ ਵਿਚ ਕੀ ਅੰਤਰ ਹੈ?

(ii) ਮਾਈਕਰੋ ਅਤੇ ਮੈਕਰੋ ਅਰਥ-ਸ਼ਾਸਤਰ ਇੱਕ ਦੂਜੇ ਤੋਂ ਬਿਨਾਂ ਅਧੂਰੇ ਹਨ। ਦੱਸੋ ਕਿਵੇਂ?

### 1.1.6 ਮੈਕਰੋ ਅਰਥ ਸ਼ਾਸਤਰ ਦੀ ਮਹੱਤਤਾ

ਅੱਜ ਕੱਲ੍ਹ ਆਰਥਿਕ ਸਮੂਹ-ਭਾਵ ਜਿਹੜਾ ਆਰਥਿਕ ਵਿਅਕਤੀਭਾਵ ਦਾ ਛੋਟਾ ਭਾਈ ਹੈ, ਵਧੇਰੇ ਹਰਮਨ ਪਿਆਰਾ ਹੋ ਰਿਹਾ ਹੈ। ਇਸ ਨੇ ਸਮੂਹਿਕ ਵਿਚਾਰਧਾਰਾ ਦਾ ਫੈਸ਼ਨ ਹੀ ਚਲਾ ਦਿੱਤਾ ਹੈ ਅਤੇ ਇਹ ਸਮੂਹਿਕ ਵਿਚਾਰਧਾਰਾ, ਆਰਥਿਕ ਸਿਧਾਂਤ ਅਤੇ ਲੋਕ ਨੀਤੀ ਦਾ ਇਕ ਜ਼ਰੂਰੀ ਉਪਕਰਣ ਬਣ ਗਿਆ ਹੈ। ਅਰਥਾਤ ਮੈਕਰੋ ਅਰਥ ਸ਼ਾਸਤਰ ਦੀ ਮਹੱਤਤਾ ਇਸ ਦੇ ਹੇਠ ਦਿੱਤੇ ਸਿਧਾਂਤਕ ਅਤੇ ਵਿਹਾਰਕ ਮਹੱਤਤਾ ਵਾਲੇ ਪੱਖਾਂ ਤੋਂ ਸਾਫ਼ ਨਜ਼ਰ ਆਉਂਦੀ ਹੈ।

**(i) ਰਾਸ਼ਟਰੀ ਆਰਥਿਕ ਉਦੇਸ਼ਾਂ ਦੀ ਪ੍ਰਾਪਤੀ**

**(Achievement of national economic objectives)**

ਮੈਕਰੋ ਅਰਥ ਸ਼ਾਸਤਰ ਦੀ ਪੜ੍ਹਾਈ ਕੁਝ ਮੁੱਖ ਰਾਸ਼ਟਰੀ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਬਣਨ ਵਾਲੀਆਂ ਸਰਕਾਰੀ ਆਰਥਿਕ ਨੀਤੀਆਂ ਦੇ ਨਿਰਮਾਣ ਵਿਚ ਸਹਾਇਤਾ ਕਰਦੀ ਹੈ। ਸਰਕਾਰ ਦਾ ਸਬੰਧ ਕਿਸੇ ਖਾਸ ਵਿਅਕਤੀ ਜਾਂ ਕਿਸੇ ਖਾਸ ਸਮੂਹ ਨਾਲ ਨਾ ਹੋ ਕੇ ਸਮੁੱਚੇ ਰਾਜ ਨਾਲ ਹੁੰਦਾ ਹੈ। ਇਸ ਲਈ ਸਰਕਾਰ ਲਈ ਆਪਣੀਆਂ ਨੀਤੀਆਂ ਬਣਾਉਣਾ ਜ਼ਰੂਰੀ ਹੋ ਗਿਆ ਹੈ ਤਾਂ ਜੋ ਇਨ੍ਹਾਂ ਹੇਠਲੇ ਉਦੇਸ਼ਾਂ ਨੂੰ ਪ੍ਰਾਪਤ ਕੀਤਾ ਜਾ ਸਕੇ।

(ੳ) **ਪੂਰਨ ਰੋਜ਼ਗਾਰ ਦੀ ਪ੍ਰਾਪਤੀ** : ਬੇਰੋਜ਼ਗਾਰ ਲੋਕਾਂ ਲਈ ਸਰਕਾਰ ਰੋਜ਼ਗਾਰ ਦੇ ਮੌਕੇ ਲੱਭਣ ਲਈ, ਉੱਚੀ ਪੱਧਰ ਤੇ ਯਤਨ ਕਰਦੀ ਹੈ। ਮਾਈਕਰੋ ਅਰਥ ਸ਼ਾਸਤਰ ਵਾਂਗ ਮੈਕਰੋ ਅਰਥ ਸ਼ਾਸਤਰ, ਪੂਰਨ ਰੋਜ਼ਗਾਰ ਦੀ ਹਾਲਤ ਮੰਨ ਕੇ ਨਹੀਂ ਚਲਦਾ। ਜਿਵੇਂ ਕਿ ਕੇਨਜ਼ ਨੇ ਕਿਹਾ ਹੈ ਕਿ ਪੂਰਨ ਰੋਜ਼ਗਾਰ ਦੀ ਦਸ਼ਾ ਨੂੰ ਮੰਨਣਾ ਸਿਰਫ਼ ਆਪਣੀਆਂ ਅੱਖਾਂ ਨੂੰ ਨਾ ਮੰਨਣ ਦੇ ਬਰਾਬਰ ਹੈ।

(ਅ) **ਸਥਿਰਤਾ ਦੀ ਪ੍ਰਾਪਤੀ** : ਕਿਉਂਕਿ ਕੀਮਤਾਂ ਵਿਚ ਮੰਦੀ ਅਤੇ ਤੇਜ਼ੀ ਸਮਾਜ ਦੇ ਵੱਖ-ਵੱਖ ਵਰਗਾਂ ਤੇ ਵੱਖ-ਵੱਖ ਪ੍ਰਭਾਵ ਪਾਉਂਦੀ ਹੈ ਅਤੇ ਬਹੁਤ ਸਾਰੀਆਂ ਰਾਸ਼ਟਰੀ ਸਮੱਸਿਆਵਾਂ ਜਨਮਦੀਆਂ ਹਨ, ਇਸ ਕਾਰਨ ਸਰਕਾਰ ਇਕ ਸਥਿਰ ਅਰਥ ਵਿਵਸਥਾ ਦੀ ਸਥਾਪਨਾ ਕਰਨਾ ਚਾਹੁੰਦੀ ਹੈ। ਮੈਕਰੋ ਅਰਥ ਸ਼ਾਸਤਰ ਦਾ ਅਧਿਐਨ ਸਾਨੂੰ ਇਹ ਲੱਭਣ ਵਿਚ ਮਦਦ ਕਰਦਾ ਹੈ ਕਿ ਮੰਦੀ ਤੇ ਤੇਜ਼ੀ ਦੇ ਕੀ ਕਾਰਨ ਹਨ ਤੇ ਉਨ੍ਹਾਂ ਨੂੰ ਦੂਰ ਕਿਵੇਂ ਕੀਤਾ ਜਾ ਸਕਦਾ ਹੈ।

(ੲ) **ਆਰਥਿਕ ਵਿਕਾਸ ਦੀ ਪ੍ਰਾਪਤੀ** : ਆਰਥਿਕ ਵਿਕਾਸ ਦੀ ਪ੍ਰਾਪਤੀ ਵੀ ਅਰਥ ਸ਼ਾਸਤਰ ਦਾ ਹੀ ਵਿਸ਼ਾ ਹੈ। ਕਿਹੜਾ ਦੇਸ਼ ਹੈ ਜੋ ਇਹ ਨਹੀਂ ਚਾਹੁੰਦਾ ਕਿ ਇਸ ਦਾ ਹੋਰ ਵਧੇਰੇ ਵਿਕਾਸ ਹੋਵੇ। ਇਹ ਗੱਲ ਘੱਟ ਉੱਨਤ ਤੇ ਨਾ-ਉੱਨਤ ਦੇਸ਼ਾਂ ਦੇ ਵਿਸ਼ੇ ਵਿਚ ਹੋਰ ਵੀ ਜ਼ਰੂਰੀ ਹੈ। ਮਾਈਕਰੋ ਅਰਥ ਸ਼ਾਸਤਰ ਅਧੀਨ ਰਾਸ਼ਟਰੀ ਆਮਦਨ ਨੂੰ ਸਥਿਰ ਮੰਨਿਆ ਜਾਂਦਾ ਹੈ ਤੇ ਮੁੱਖ ਸਮੱਸਿਆ ਰਾਸ਼ਟਰੀ ਉਤਪਾਦਨ ਨੂੰ ਉਤਪਾਦਨ ਦੇ ਸਾਧਨਾਂ ਵਿਚ ਵੰਡਣ ਦੀ ਹੁੰਦੀ ਹੈ। ਦੂਜੇ ਪਾਸੇ ਮੈਕਰੋ ਅਰਥ ਸ਼ਾਸਤਰ ਦੇ ਅਧਿਐਨ ਨਾਲ, ਨਾ ਸਿਰਫ ਅਰਥ ਵਿਵਸਥਾ ਵਿਚ ਧਨ ਦੇ ਪੱਖੋਂ ਵੱਡੀਆਂ ਅਸਮਾਨਤਾਵਾਂ ਦਾ ਪਤਾ ਲੱਗਿਆ ਹੈ ਸਗੋਂ ਵੱਖ-ਵੱਖ ਦੇਸ਼ਾਂ ਦੇ ਲੋਕਾਂ ਦੇ ਜੀਵਨ ਪੱਧਰ ਵਿਚ ਭਾਰੀ ਫਰਕ ਦਾ ਵੀ ਪਤਾ ਲੱਗਾ ਹੈ। ਇਸ ਨਾਲ ਉਨ੍ਹਾਂ ਨੂੰ ਇਹ ਇਸ਼ਾਰਾ ਹੋਇਆ ਹੈ ਕਿ ਕੁਝ ਕਦਮ ਚੁੱਕਣੇ ਜ਼ਰੂਰੀ ਹਨ ਤਾਂ ਕਿ ਨੀਵੇਂ ਜੀਵਨ ਪੱਧਰ ਵਾਲੇ ਉਨ੍ਹਾਂ ਲੋਕਾਂ ਦੀ ਆਰਥਿਕ ਭਲਾਈ ਵਿਚ ਵਾਧਾ ਕੀਤਾ ਜਾ ਸਕੇ।

**(ii) ਮਾਈਕਰੋ ਅਰਥ ਸ਼ਾਸਤਰ ਦੇ ਅਧਿਐਨ ਵਿਚ ਸਹਾਇਤਾ**

ਅਸਲ ਵਿਚ ਵੇਖਿਆ ਜਾਏ ਤਾਂ ਮੈਕਰੋ ਅਰਥ ਸ਼ਾਸਤਰ ਦਾ ਆਚਰਣ (behaviour) ਜਾਂ ਦੁਰਵਰਤੋਂ (misbehaviour) ਮਾਈਕਰੋ ਅਰਥ ਸ਼ਾਸਤਰ ਦੇ ਆਚਰਣ ਜਾਂ ਦੁਰਵਰਤੋਂ ਨੂੰ ਸਮਝਣ ਵਿਚ ਸਹਾਇਤਾ ਜ਼ਰੂਰ ਕਰਦਾ ਹੈ। ਇਸ ਤੋਂ ਇਲਾਵਾ ਮਾਈਕਰੋ ਅਰਥ ਸ਼ਾਸਤਰ ਦਾ ਕੋਈ ਨਿਯਮ ਸਮੂਹਾਂ ਦੇ ਅਧਿਐਨ ਤੋਂ ਬਿਨਾਂ ਨਹੀਂ ਬਣਾਇਆ ਜਾ ਸਕਦਾ। ਉਦਾਹਰਣ ਵਜੋਂ, ਉਪਭੋਗ ਦੇ ਨਿਯਮਾਂ ਦਾ ਅਧਿਐਨ ਵਿਅਕਤੀਆਂ ਦੇ ਸਮੂਹ ਦੇ ਆਚਰਣ ਤੋਂ ਬਿਨਾਂ ਅਸੰਭਵ ਹੈ।

**(iii) ਰਾਸ਼ਟਰੀ ਆਰਥਿਕ ਪ੍ਰਣਾਲੀ ਬਾਰੇ ਵਿਚਾਰ (Conception of a National Economic System)**

ਕਿਸੇ ਜਟਿਲ ਆਰਥਿਕ ਪ੍ਰਣਾਲੀ ਦਾ ਕਾਰਜ (functioning) ਸਮਝਣ ਲਈ ਮੈਕਰੋ ਅਰਥ ਸ਼ਾਸਤਰ ਦਾ ਅਧਿਐਨ ਬਹੁਤ ਜ਼ਰੂਰੀ ਹੈ। ਮੈਕਰੋ ਅਰਥ ਸ਼ਾਸਤਰ ਦਾ ਅਧਿਐਨ ਸਾਨੂੰ ਇਹ ਸਮਝਣ ਯੋਗ ਬਣਾ ਦਿੰਦਾ ਹੈ ਕਿ ਰਾਸ਼ਟਰੀ ਵਿਵਸਥਾ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ (ਜਿਵੇਂ ਬੇਕਾਰੀ, ਵਪਾਰ ਚੱਕਰ, ਮੁਦਰਾ ਅਸਫੀਤੀ ਆਦਿ) ਦਾ ਕਾਰਨ ਸਾਡੀ ਅਰਥ ਵਿਵਸਥਾ ਦੀ ਕਾਰਜ ਪ੍ਰਣਾਲੀ ਵਿਚ ਖਰਾਬੀ ਕਾਰਨ ਹੈ ਨਾ ਕਿ ਕਿਸੇ ਖਾਸ ਵਿਅਕਤੀ ਦੀ ਖਰਾਬੀ ਕਾਰਨ ਹੈ।

**(iv) ਰਾਸ਼ਟਰੀ ਆਮਦਨ ਦਾ ਅਧਿਐਨ**

ਇਹ ਮੈਕਰੋ ਅਰਥ ਸ਼ਾਸਤਰ ਦਾ ਅਧਿਐਨ ਹੀ ਹੈ ਜਿਸ ਦੁਆਰਾ ਸਾਨੂੰ ਰਾਸ਼ਟਰੀ ਆਮਦਨ ਅਤੇ ਸਮਾਜਿਕ ਲੇਖਾ (Social Account) ਅੰਕੜਿਆਂ ਦੀ ਭਾਰੀ ਮਹੱਤਤਾ ਦਾ ਪਤਾ ਲੱਗਿਆ। ਮਾਈਕਰੋ ਅਰਥ ਸ਼ਾਸਤਰ ਦੇ ਅਧਿਐਨ ਵਿਚ ਇਸ ਤਰ੍ਹਾਂ ਦੇ ਅਧਿਐਨ ਨੂੰ ਕੋਈ ਮਹੱਤਤਾ ਨਹੀਂ ਦਿੱਤੀ ਗਈ। ਇਹ ਰਾਸ਼ਟਰੀ ਆਮਦਨ ਦੇ ਅੰਕੜੇ ਹੀ ਹਨ ਜਿਨ੍ਹਾਂ ਦੇ ਆਧਾਰ ਤੇ ਵੱਖ-ਵੱਖ ਦੇਸ਼ਾਂ ਦੀ ਆਰਥਿਕ ਅਵਸਥਾ ਦੀ ਤੁਲਨਾਂ ਕੀਤੀ ਜਾ ਸਕਦੀ ਹੈ ਅਤੇ ਵੱਖ-ਵੱਖ ਰਾਸ਼ਟਰਾਂ ਲਈ ਉਚਿੱਤ ਆਰਥਿਕ ਨੀਤੀਆਂ ਬਣਾਈਆਂ ਜਾ ਸਕਦੀਆਂ ਹਨ।

**(v) ਅਰਥ ਵਿਵਸਥਾ ਦੇ ਆਚਰਣ ਨੂੰ ਸਮਝਣਾ**

ਮੈਕਰੋ ਅਰਥ ਸ਼ਾਸਤਰ, ਕਿਸੇ ਅਰਥ ਵਿਵਸਥਾ ਦੇ ਆਚਰਣ ਨੂੰ ਸਮਝਣ ਅਤੇ ਉਸ ਦੀ ਵਿਆਖਿਆ ਕਰਨ ਵਿਚ ਬਹੁਤ ਉਪਯੋਗੀ ਹੈ। ਰਾਸ਼ਟਰੀ ਆਮਦਨ ਸਾਰੀ ਵਿਵਸਥਾ ਦੇ ਆਚਰਣ ਨੂੰ ਮਾਪਣ ਦਾ ਇਕ ਉੱਤਮ ਮਾਪਕ ਯੰਤਰ ਹੈ। ਵੱਖ-ਵੱਖ ਸਮੇਂ ਤੇ ਰਾਸ਼ਟਰੀ ਆਮਦਨ ਦੇ ਪ੍ਰਾਪਤ ਹੋਏ ਅੰਕੜੇ, ਜੋ ਕਿ ਵਸਤਾਂ ਤੇ ਸੇਵਾਵਾਂ ਦੇ ਉਤਪਾਦਨ ਦੀ ਮਾਤਰਾ ਨੂੰ ਦੱਸਦੇ ਹਨ, ਅਰਥ ਵਿਵਸਥਾ ਦੇ ਆਚਰਣ ਦੇ ਸੂਚਕ ਹਨ ਕਿ ਕੀ ਅਰਥ ਵਿਵਸਥਾ ਦੀ ਉੱਨਤੀ ਹੋ ਰਹੀ ਹੈ ਜਾਂ ਨਹੀਂ। ਇਸੇ ਤਰ੍ਹਾਂ ਰਾਸ਼ਟਰੀ ਆਮਦਨ ਦੇ ਅੰਕੜਿਆਂ ਦੀ ਬਣਤਰ ਤੋਂ ਵੱਖ-ਵੱਖ ਸੈਕਟਰਾਂ ਦੇ ਯੋਗਦਾਨ ਦਾ ਪਤਾ ਲੱਗਦਾ ਹੈ।

**(vi) ਪਦਾਰਥਕ ਭਲਾਈ ਦੀ ਪ੍ਰਕ੍ਰਿਤੀ**

ਇਹ ਮੈਕਰੋ ਅਰਥ ਸ਼ਾਸਤਰ ਹੀ ਹੈ ਜਿਸ ਦੁਆਰਾ ਕਿਸੇ ਦੇਸ਼ ਦੀ ਪਦਾਰਥਕ ਭਲਾਈ ਦੀ ਪ੍ਰਕ੍ਰਿਤੀ ਅਤੇ ਆਕਾਰ ਦਾ ਅਧਿਐਨ ਕੀਤਾ ਜਾਂਦਾ ਹੈ। ਸਮਾਜਿਕ ਭਲਾਈ ਨੂੰ ਮਾਪਣ ਦੀ ਸਮੱਸਿਆ ਕੋਈ ਸੌਖੀ ਗੱਲ ਨਹੀਂ । ਇੱਥੋਂ ਤੱਕ ਕਿ ਭਲਾਈ ਅਰਥ ਸ਼ਾਸਤਰ (Welfare Economics) ਵੀ ਜ਼ਿਆਦਾ ਸਹਾਇਕ ਨਹੀਂ। ਇਸ ਤਰ੍ਹਾਂ ਮੈਕਰੋ ਅਰਥ ਸ਼ਾਸਤਰ ਦੀ ਮਹਾਨਤਾ ਦਾ ਪਤਾ ਚਲਦਾ ਹੈ, ਕਿਉਂਕਿ ਜਦੋਂ ਅਰਥ ਸ਼ਾਸਤਰ ਦਾ ਮੁੱਖ ਨਿਸ਼ਾਨਾ ਸਾਰੇ ਸਮਾਜ ਦੀ ਭਲਾਈ ਹੁੰਦਾ ਹੈ ਤਾਂ ਸਾਡਾ ਸਬੰਧ ਮੈਕਰੋ ਅਰਥ ਸ਼ਾਸਤਰ ਦੇ ਅਧਿਐਨ ਨਾਲ ਹੀ ਹੁੰਦਾ ਹੈ।

ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਭਾਵੇਂ ਪੂਰਨ ਰੋਜ਼ਗਾਰ ਦਾ ਉਦੇਸ਼ ਪ੍ਰਾਪਤ ਕਰਨਾ ਹੋਵੇ, ਦੇਸ਼ ਦੀ ਆਮਦਨੀ ਵੱਧ ਤੋਂ ਵੱਧ ਕਰਨੀ ਹੋਵੇ, ਆਰਥਿਕ ਸਥਿਰਤਾ ਦੀ ਪ੍ਰਾਪਤੀ ਕਰਨੀ ਹੋਵੇ, ਇਨ੍ਹਾਂ ਸਾਰੇ ਉਦੇਸ਼ਾਂ ਦੀ ਪ੍ਰਾਪਤੀ ਲਈ ਉਚਿੱਤ ਮੁਦਰਾ ਜਾਂ ਰਾਜਕੋਸ਼ੀ ਨੀਤੀ ਨਿਸ਼ਚਿਤ ਕਰਨ ਦੀ ਲੋੜ ਹੁੰਦੀ ਹੈ ਅਤੇ ਇਨ੍ਹਾਂ ਦੋਹਾਂ ਨੀਤੀਆਂ ਦਾ ਆਧਾਰ ਮੈਕਰੋ ਅਰਥ ਸ਼ਾਸਤਰ ਹੀ ਹੈ।

**ਸੰਖੇਪ ਉੱਤਰਾਂ ਵਾਲੇ ਪ੍ਰਸ਼ਨ –**

(i) ਮੈਕਰੋ ਅਰਥ ਸ਼ਾਸਤਰ ਦੀ ਮਦਦ ਨਾਲ ਕਿਹੜੇ ਕਿਹੜੇ ਰਾਸ਼ਟਰੀ ਉਦੇਸ਼ ਪ੍ਰਾਪਤ ਕੀਤੇ ਜਾ ਸਕਦੇ ਹਨ?

(ii) ਕਿਸੇ ਦੇਸ਼ ਦੀ ਪਦਾਰਥਕ ਭਲਾਈ ਦੀ ਪ੍ਰਕ੍ਰਿਤੀ ਅਤੇ ਆਕਾਰ ਦਾ ਅਧਿਐਨ ਮੈਕਰੋ ਅਰਥ ਸ਼ਾਸਤਰ ਦੁਆਰਾ ਕੀਤਾ ਜਾ ਸਕਦਾ ਹੈ। ਕੀ ਇਹ ਸਹੀ ਹੈ? ਜੇ ਹੈ ਤਾਂ ਕਿਵੇਂ ?

### 1.1.7 ਮੈਕਰੋ ਅਰਥ ਸ਼ਾਸਤਰ ਦੀਆਂ ਸੀਮਾਵਾਂ

ਭਾਵੇਂ ਮੈਕਰੋ ਅਰਥ ਸ਼ਾਸਤਰ ਦੀ ਵਧਦੀ ਹੋਈ ਲੋਕਪ੍ਰਿਯਤਾ ਬਾਰੇ ਕੋਈ ਸ਼ੱਕ ਨਹੀਂ, ਫਿਰ ਵੀ ਇਸ ਦੀਆਂ ਸੀਮਾਵਾਂ ਨੂੰ ਵੀ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ, ਜੋ ਹੇਠਾਂ ਦਿੱਤੀਆਂ ਗਈਆਂ ਹਨ :

**(1) ਅਤਿ ਜ਼ਿਆਦਾ ਸਾਧਾਰਣੀਕਰਣ**

ਸਮੂਹਿਕ ਵਿਚਾਰਧਾਰਾ ਦਾ ਸਭ ਤੋਂ ਵੱਡਾ ਖਤਰਾ ਜਾਂ ਸੀਮਾਂ ਇਹ ਹੈ ਕਿ ਆਰਥਿਕ ਸਮੂਹ–ਭਾਵ ਦੇ ਕੁਝ ਵਿਰੋਧਾਭਾਸ (Macro Economic Paradoxes) ਵੀ ਹਨ ਜਿਹੜੇ ਸਾਡੀ ਸਮਝ ਤੋਂ ਬਾਹਰ ਰਹਿ ਜਾਂਦੇ ਹਨ। ਜਿਹੜੀ ਗੱਲ ਇਕ ਵਿਅਕਤੀ ਜਾਂ ਇਕਾਈ ਲਈ ਸੱਚ ਹੈ ਉਹ ਸਾਰੇ ਵਿਅਕਤੀਆਂ ਜਾਂ ਇਕਾਈਆਂ ਲਈ ਗਲਤ ਹੋ ਸਕਦੀ ਹੈ। ਇਕ ਆਦਮੀ ਦੀ ਵਧੇਰੇ ਬੱਚਤ ਤਾਂ ਉਸ ਲਈ ਠੀਕ ਹੈ ਪ੍ਰੰਤੂ ਸਾਰਾ ਸਮਾਜ ਜੇ ਬੱਚਤ ਵਧਾ ਦੇਵੇ ਤਾਂ ਇਹ ਕਈ ਵਾਰੀ ਨੁਕਸਾਨਦੇਹ ਵੀ ਹੋ ਜਾਂਦੀ ਹੈ।

**(2) ਸਮੂਹਾਂ ਦੀ ਭਿੰਨਤਾ**

ਦੂਜੀ ਸੀਮਾਂ ਇਹ ਹੈ ਕਿ ਅਸੀਂ ਉਨ੍ਹਾਂ ਸਮੂਹਾਂ ਬਾਰੇ ਸੋਚਦੇ ਹਾਂ ਜਿਨ੍ਹਾਂ ਦੀਆਂ ਇਕਾਈਆਂ ਇਕੋ ਜਿਹੀਆਂ ਨਹੀਂ। ਜੇ ਸਾਰਾ ਸਮੂਹ ਇਕੋ ਜਿਹੀਆਂ ਇਕਾਈਆਂ ਦਾ ਜੋੜ ਹੋਵੇ ਤਾਂ ਇਸ ਦਾ ਕੁਝ ਮਤਲਬ (meaning) ਹੈ ਅਤੇ ਜੇ ਇਹ ਵੱਖ–ਵੱਖ ਕਿਸਮ ਦੀਆਂ ਇਕਾਈਆਂ ਦਾ ਜੋੜ ਹੈ ਤਾਂ ਬੇਅਰਥ (meaningless) ਹੈ। ਬੋਲਡਿੰਗ (Boulding) ਦੀ ਉਦਾਹਰਣ ਅਨੁਸਾਰ :

(i) 6 ਸੇਬ + 7 ਸੇਬ = 13 ਸੇਬ, ਇਹ ਜੋੜ ਸਾਰਥਕ ਹੈ।

(ii) 6 ਸੇਬ + 7 ਸੰਗਤਰੇ = 13 ਫਲ, ਇਹ ਜੋੜ ਵੀ ਕਾਫੀ ਹੱਦ ਤੱਕ ਸਾਰਥਕ ਹੈ।

(iii) 6 ਸੇਬ + 7 ਥੰਬਟੈਕਸ (thumbtacks) = 13 ਛੋਟੀਆਂ ਵਸਤਾਂ, ਇਨ੍ਹਾਂ ਵਸਤੂਆਂ ਦੇ ਜੋੜ ਦਾ ਵੀ ਕੁਝ ਮਤਲਬ ਹੈ।

(iv) 6 ਸੇਬ + ਬਹੁਤੇ ਉੱਚੇ ਮਕਾਨ (sky scrappers)

ਇਹ ਜੋੜ ਬਿਲਕੁਲ ਬੇਅਰਥ (meaningless) ਹੈ। ਇਸੇ ਤਰ੍ਹਾਂ ਜੇ ਔਸਤਾਂ ਵੀ ਸਾਰਥਕ ਬਣਾਉਣੀਆਂ ਹੋਣ, ਤਾਂ ਉਹ ਇਕ ਕਿਸਮ ਦੀਆਂ ਵਸਤਾਂ ਜਾਂ ਜੋੜਾਂ ਦੀਆਂ ਔਸਤਾਂ ਹੋਣੀਆਂ ਚਾਹੀਦੀਆਂ ਹਨ। ਉਦਾਹਰਣ ਵਜੋਂ ਇਕ ਵਿਅਕਤੀ ਅਤੇ ਇਕ ਕਾਰ ਦੇ ਭਾਰ ਦੀ ਔਸਤ ਦਾ ਅੰਕ ਬੇਅਰਥ ਹੈ।

**(3) ਜੋੜਾਂ ਦੇ ਮਾਪ ਵਿਚ ਔਖਿਆਈ**

ਵੱਖ-ਵੱਖ ਮਾਤਰਾਵਾਂ (ਜਿਵੇਂ ਬੱਚਤ, ਨਿਵੇਸ਼, ਉਪਭੋਗ ਅਤੇ ਆਮਦਨ ਆਦਿ) ਦਾ ਇਕ ਆਰਥਿਕ ਮਾਪ ਬਣਾਉਣ ਲਈ ਮਾਪ ਦੰਡ ਕਾਇਮ ਕਰਨਾ ਮੁਸ਼ਕਲ ਹੈ। ਇਸ ਔਖ ਨੂੰ ਮੁਦਰਾ ਰੂਪੀ ਮਾਪ-ਦੰਡ ਸੌਖਾ ਕਰ ਸਕਦਾ ਹੈ। ਪ੍ਰੰਤੂ ਔਖ ਇਹ ਹੈ ਕਿ ਮੁਦਰਾ ਦੀ ਕੀਮਤ ਵੀ ਬਦਲਦੀ ਰਹਿੰਦੀ ਹੈ। ਇਸ ਕਰਕੇ ਵੱਖ-ਵੱਖ ਕਿਸਮਾਂ ਦੀਆਂ ਮਾਤਰਾਵਾਂ ਦਾ ਜੋੜ ਜਾਂ ਔਸਤ, ਸਹੀ ਆਰਥਿਕ ਵਿਸ਼ਲੇਸ਼ਣ ਅਤੇ ਆਰਥਿਕ ਨੀਤੀ ਲਈ ਮਾਰਗ-ਦਰਸ਼ਨ ਨਹੀਂ ਬਣ ਸਕਦਾ।

**(4) ਭੁਲੇਖਾ-ਪਾਊ ਜੋੜ (Misleading Aggregates)**

ਜੋੜਾਂ ਦਾ ਅਧਿਐਨ ਭੁਲੇਖਾ ਪਾਉਣ ਵਾਲਾ ਵੀ ਹੋ ਸਕਦਾ ਹੈ। ਰਾਸ਼ਟਰ ਦੀ ਕੁੱਲ ਆਮਦਨੀ ਵਿਚ ਤਾਂ ਕੋਈ ਤਬਦੀਲੀ ਨਾ ਆਵੇ, ਪਰ ਇਸ ਗੱਲ ਤੋਂ ਇਹ ਅਰਥ ਕੱਢਿਆ ਜਾ ਸਕਦਾ ਹੈ ਕਿ ਵਿਅਕਤੀਆਂ, ਪਰਿਵਾਰਾਂ ਜਾਂ ਫਰਮਾਂ ਦੀ ਆਮਦਨੀ ਵਿਚ ਕੁਝ ਵਾਧਾ, ਕੁਝ ਹੋਰ ਵਿਅਕਤੀਆਂ ਜਾਂ ਫਰਮਾਂ ਦੀ ਆਮਦਨੀ ਵਿਚ ਹੋਇਆ ਘਾਟਾ ਪੂਰਾ ਕਰ ਦੇਵੇ। ਇਸੇ ਤਰ੍ਹਾਂ ਸਥਿਰ ਕੀਮਤ ਪੱਧਰ ਤੋਂ ਭਾਵ ਇਹੀ ਨਹੀਂ ਕਿ ਅਰਥ ਵਿਵਸਥਾ ਦੇ ਸਾਰੇ ਖੇਤਰ ਸਹੀ ਹਨ ਤੇ ਉਨ੍ਹਾਂ ਵਿਚ ਕੋਈ ਦੋਸ਼ ਪੈਦਾ ਨਹੀਂ ਹੋਇਆ। ਇਸ ਲਈ ਅਰਥ ਵਿਵਸਥਾ ਦੇ ਕਿਸੇ ਭਾਗ ਦੀ ਸਹਾਇਤਾ ਲਈ ਕੁਝ ਵੀ ਕਰਨ ਦੀ ਲੋੜ ਨਹੀਂ ਹੈ, ਜਦੋਂ ਕਿ ਅਸਲੀਅਤ ਇਹ ਹੈ ਕਿ ਕੀਮਤ ਵਿਚ ਘਾਟੇ ਨੇ ਉਸ ਖੇਤਰ ਦੀ ਬਹੁਤ ਹਾਨੀ ਕੀਤੀ ਹੈ ਪਰ ਆਮ ਕੀਮਤ ਪੱਧਰ (General price level) ਬਿਲਕੁਲ ਸਥਿਰ ਰਹੀ ਹੈ, ਕਿਉਂਕਿ ਇਕ ਖੇਤਰ ਵਿਚ ਕੀਮਤਾਂ ਘਟਣ ਨਾਲ ਹੋਇਆ ਨੁਕਸਾਨ ਹੋਰਨਾਂ ਖੇਤਰਾਂ ਦੇ ਵਾਧੇ ਨਾਲ ਪੂਰਾ ਹੋ ਗਿਆ ਹੈ। ਇਸ ਤਰ੍ਹਾਂ ਕੀਮਤਾਂ ਦੇ ਵਧਣ ਜਾਂ ਘਟਣ ਤੋਂ ਇਹ ਸਿੱਟਾ ਕੱਢਣਾ ਵੀ ਬਹੁਤ ਹਾਨੀਕਾਰਕ ਹੈ ਕਿ ਸਮਾਜ ਦੇ ਸਭ ਵਰਗਾਂ ਤੇ ਇੱਕੋ ਜਿਹਾ ਹੀ ਪ੍ਰਭਾਵ ਪਿਆ ਹੈ।

**(5) ਜੋੜਾਂ ਵਿਚ ਕਾਰਜਾਤਮਕ (functional) ਸੰਬੰਧ**

ਇਹ ਜ਼ਰੂਰੀ ਹੈ ਕਿ ਜੋੜ, ਜੋ ਕਿ ਮੈਕਰੋ ਅਰਥ ਸ਼ਾਸਤਰ ਦਾ ਮੁੱਖ ਅੰਗ ਹਨ, ਆਪੋ ਵਿਚ ਕਾਰਜਾਤਮਕ ਸਬੰਧ ਰੱਖਦੇ ਹੋਣ ਅਰਥਾਤ ਆਪੋ ਵਿਚ ਤਰਕਸੰਗਤ ਹੋਣ। ਉਦਾਹਰਣ ਵਜੋਂ ਕੁੱਲ ਉਪਭੋਗ ਅਤੇ ਨਿਵੇਸ਼ ਖਰਚ, ਜੋ ਕਿ ਮੈਕਰੋ ਅਰਥ ਸ਼ਾਸਤਰ ਦਾ ਹੀ ਹਿੱਸਾ ਹਨ, ਦੀ ਕੋਈ ਮਹੱਤਤਾ ਨਹੀਂ ਹੋਵੇਗੀ ਜੇ ਉਨ੍ਹਾਂ ਦਾ ਆਮਦਨ ਪੱਧਰ, ਵਿਆਜ ਅਤੇ ਰੋਜ਼ਗਾਰ ਨਾਲ ਕੋਈ ਕਾਰਜਾਤਮਕ ਸੰਬੰਧ ਨਹੀਂ। ਜੇ ਇਨ੍ਹਾਂ ਜੋੜਾਂ ਦਾ ਆਪੋ ਵਿਚ ਸੁਮੇਲ ਜਾਂ ਕਾਰਜਾਤਮਕ ਸਬੰਧ ਨਾ ਹੋਵੇ ਤਾਂ ਮੈਕਰੋ ਆਰਥਿਕ ਸਿਧਾਂਤ ਦਾ ਕੋਈ ਲਾਭ ਨਹੀਂ।

**(6) ਜੋੜਾਂ ਦੇ ਮਾਪ ਵਿਚ ਔਖਿਆਈ**

ਵੱਖ-ਵੱਖ ਜੋੜਾਂ ਦਾ ਇਕ ਆਰਥਿਕ ਮਾਪ ਬਣਾਉਣ ਲਈ ਮਾਪਦੰਡ ਕਾਇਮ ਕਰਨਾ ਕਠਿਨ ਹੈ। ਮੁਦਰਾ ਦਾ ਮਾਪ ਦੰਡ, ਇਸ ਔਖ ਨੂੰ ਦੂਰ ਕਰ ਸਕਦਾ ਹੈ, ਪ੍ਰੰਤੂ ਮੁਦਰਾ ਦੀ ਕੀਮਤ ਖੁਦ ਵੀ ਸਥਿਰ ਨਹੀਂ ਰਹਿੰਦੀ ਅਤੇ ਮੁਦਰਾ ਦੇ ਮਾਪਦੰਡ ਤੋਂ ਇਲਾਵਾ ਹੋਰ ਕੋਈ ਮਾਪ ਵਿਧੀ ਵੀ ਨਹੀਂ। ਰਾਸ਼ਟਰੀ ਆਮਦਨ, ਜੋ ਕਿ ਭਿੰਨ-ਭਿੰਨ ਜੋੜਾਂ ਨਾਲ ਬਣਦੀ ਹੈ, ਉਸ ਨੂੰ ਮਾਪਣ ਦਾ ਵੀ ਇਹੋ ਹੀ ਤਰੀਕਾ ਹੈ।

### 1.1.8 ਮੈਕਰੋ ਆਰਥਿਕ ਵਿਸ਼ਲੇਸ਼ਣ ਦਾ ਭਾਸ਼ਾ ਵਿਗਿਆਨ (Terminology) :-

ਅਜੋਕੇ ਸਮੇਂ ਵਿਚ, ਖਾਸ ਕਰਕੇ ਕੇਨਜ਼ ਤੋਂ ਮਗਰੋਂ, ਜੋ ਆਰਥਿਕ ਵਿਕਾਸ ਬਾਰੇ ਵਿਚਾਰਧਾਰਾ ਦਾ ਵਿਕਾਸ ਹੋਇਆ ਹੈ, ਵਿਚ ਕੁਝ ਪਦਾਂ (terms) ਦੀ ਬਹੁਤ ਵਰਤੋਂ ਕੀਤੀ ਗਈ ਹੈ। ਕਈ ਵਾਰੀ ਇਨ੍ਹਾਂ ਪਦਾਂ ਨੂੰ ਮੈਕਰੋ ਅਰਥ ਵਿਗਿਆਨ ਦੇ ਪਦ ਵੀ ਕਹਿ ਦਿੱਤਾ ਜਾਂਦਾ ਹੈ, ਜੋ ਕਿ ਹੇਠਾਂ ਦਿੱਤੇ ਗਏ ਹਨ:–

**ਚਰ (Variables)**

ਚਰ ਇਕ ਅਜਿਹੀ ਮਾਤਰਾ ਹੈ ਜਿਸ ਦਾ ਮੁੱਲ ਕਿਸੇ ਹੱਦ ਤੱਕ ਬਦਲ ਸਕਦਾ ਹੈ। ਦੂਜੇ ਸ਼ਬਦਾਂ ਵਿਚ ਇਹ ਅਜਿਹੀ ਮਾਤਰਾ ਹੈ, ਜੋ ਲਗਾਤਾਰ ਵਧਦੀ ਜਾਂ ਘਟਦੀ ਰਹਿੰਦੀ ਹੈ। ਇਸ ਨੂੰ ਅਜਿਹੀ ਮਾਤਰਾ ਵੀ ਕਹਿ ਸਕਦੇ ਹਾਂ ਜਿਸ ਦੇ ਇਕੋ ਪਦਾਵਲੀ (expression) ਵਿਚ ਅਣਗਿਣਤ ਮੁੱਲ ਹੋ ਸਕਦੇ ਹਨ। ਇਸ ਤਰ੍ਹਾਂ ਚਰ ਤੋਂ ਭਾਵ ਇਕ ਬਦਲਵੇਂ ਮੁੱਲਾਂ ਵਾਲੀ ਅਜਿਹੀ ਮਾਤਰਾ ਹੈ ਜਿਸ ਨੂੰ ਮਾਪਿਆ ਜਾਂ ਪੈਮਾਨੇ ਅਨੁਸਾਰ ਦੱਸਿਆ ਜਾ ਸਕਦਾ ਹੈ ਅਤੇ ਜਿਸ ਦੇ ਬਦਲਦੇ ਮੁੱਲਾਂ ਵਿਚ ਅਸੀਂ ਕੁਝ ਤਾਂ ਇਸ ਦੀ ਸਿੱਧੀ ਮਹੱਤਤਾ ਕਾਰਨ ਅਤੇ ਕੁਝ ਇਸ ਦੇ ਦੂਜੇ ਚਰਾਂ ਉੱਤੇ ਅਸਿੱਧੇ ਅਸਰ ਕਾਰਨ ਦਿਲਚਸਪੀ ਲੈਂਦੇ ਹਾਂ। ਇਨ੍ਹਾਂ ਚਰਾਂ ਵਿਚ ਕਾਫੀ ਹੱਦ ਤੱਕ ਤਬਦੀਲੀ ਹੁੰਦੀ ਹੈ, ਜਿਸ ਕਾਰਨ ਇਕ ਸਥੈਤਿਕ ਪ੍ਰਣਾਲੀ ਗਤੀਸ਼ੀਲ ਰੂਪ ਧਾਰਨ ਕਰ ਲੈਂਦੀ ਹੈ। ਇਹ ਠੀਕ ਹੈ ਕਿ ਇਨ੍ਹਾਂ ਚਰਾਂ ਦੀ ਗਿਣਤੀ ਅਤੇ ਕਿਸਮਾਂ ਬਹੁਤ ਜ਼ਿਆਦਾ ਹਨ, ਜਿਵੇਂ ਕਿ ਨਿਰੰਤਰ, ਸੁਤੰਤਰ, ਅਧੀਨ, ਵਿਲੱਖ (descrete) ਅਤੇ ਬੇਤਰਤੀਬ ਚਰ ਇਤਿਆਦਿ। ਮੈਕਰੋ ਅਰਥ ਸ਼ਾਸਤਰ ਵਿਚ ਹੇਠ ਲਿਖੇ ਮੁੱਖ ਚਰਾਂ ਦਾ ਅਧਿਐਨ ਕੀਤਾ ਜਾਂਦਾ ਹੈ :–

ਜੇ ਕੋਈ ਚਰ, ਆਰਥਿਕ ਪ੍ਰਣਾਲੀ ਨਾਲ ਇਸ ਤਰੀਕੇ ਨਾਲ ਜੁੜਿਆ ਹੋਵੇ, ਕਿ ਇਹ ਪ੍ਰਣਾਲੀ ਦਾ ਅਟੁੱਟ ਅੰਗ ਹੋਵੇ ਤਾਂ ਇਸ ਨੂੰ ਅੰਦਰਲਾ ਚਰ (Endogenous variable) ਆਖਿਆ ਜਾਂਦਾ ਹੈ ਅਤੇ ਜੇ ਚਰ, ਪ੍ਰਣਾਲੀ ਤੋਂ ਬਾਹਰਲਾ ਹੈ ਅਤੇ ਪ੍ਰਣਾਲੀ ਦਾ ਅਟੁੱਟ ਅੰਗ ਨਹੀਂ ਤਾਂ ਇਸ ਨੂੰ ਬਾਹਰਲਾ ਚਰ (Exogenous variable) ਆਖਿਆ ਜਾਂਦਾ ਹੈ। ਉਦਾਹਰਨ ਵਜੋਂ, ਰੋਜ਼ਗਾਰ ਸਿਧਾਂਤ ਵਿਚ ਨਿਵੇਸ਼, ਬੱਚਤ, ਉਤਪਾਦਨ, ਆਮਦਨ ਅਤੇ ਰੋਜ਼ਗਾਰ ਦੀ ਮਾਤਰਾ ਅੰਦਰਲੇ ਚਰ ਹਨ। ਦੂਜੇ ਪਾਸੇ ਜਨ-ਸੰਖਿਆ ਦਾ ਆਕਾਰ, ਤਕਨੀਕ ਦਾ ਪੱਧਰ, ਆਯਾਤ ਅਤੇ ਨਿਰਯਾਤ, ਮਜ਼ਦੂਰਾਂ ਦੀ ਗਿਣਤੀ, ਪ੍ਰਬੰਧ ਦੀ ਕਿਸਮ, ਆਦਿ ਬਾਹਰਲੇ ਚਰ ਹਨ। ਇਨ੍ਹਾਂ ਸਾਰਿਆਂ ਦਾ ਭਾਵੇਂ ਰੋਜ਼ਗਾਰ ਅਤੇ ਆਮਦਨ ਨਾਲ ਸੰਬੰਧ ਹੈ, ਪ੍ਰੰਤੂ ਪਹਿਲੀ ਕਿਸਮ ਦੇ ਚਰਾਂ ਦਾ ਸਬੰਧ ਬਹੁਤ ਨਜ਼ਦੀਕੀ ਹੈ ਤੇ ਇਕ ਵਿਚ ਪਰਿਵਰਤਨ, ਦੂਜੇ ਵਿਚ ਪਰਿਵਰਤਨ ਜ਼ਰੂਰ ਲਿਆਉਂਦਾ ਹੈ। ਦੂਜੀ ਕਿਸਮ ਦੇ ਚਰਾਂ ਦਾ ਸੰਬੰਧ ਨਜ਼ਦੀਕੀ ਨਹੀਂ। ਇਹ ਗੱਲ ਵੀ ਅੱਖੋਂ ਉਹਲੇ ਨਹੀਂ ਕੀਤੀ ਜਾ ਸਕਦੀ ਕਿ, ਇਨ੍ਹਾਂ ਦੋਹਾਂ ਵਿਚਕਾਰ ਕੋਈ ਪੱਕੀ ਲਕੀਰ ਖਿੱਚਣੀ ਅਸੰਭਵ ਹੈ, ਵੱਖ-ਵੱਖ ਸਮਿਆਂ ਤੇ ਇਨ੍ਹਾਂ ਦਾ ਕੀ ਪ੍ਰਭਾਵ ਪੈ ਰਿਹਾ ਹੈ, ਇਸ ਗੱਲ ਤੋਂ ਹੀ ਇਨ੍ਹਾਂ ਦੇ ਸਵਰੂਪ ਬਾਰੇ ਨਿਰਣਾ ਲਿਆ ਜਾ ਸਕਦਾ ਹੈ।

**ਭੰਡਾਰ ਅਤੇ ਵਹਾਉ ਚਰ (Stock and Flow Variables)**

ਭਾਵੇਂ ਕੋਈ ਚਰ ਅੰਦਰੂਨੀ ਹੈ ਜਾਂ ਬੈਰੂਨੀ ਇਹ ਜਾਂ ਤਾਂ ਭੰਡਾਰ ਹੈ ਜਾਂ ਵਹਾਉ ਰੂਪੀ ਹੈ। ਇਕ ਭੰਡਾਰ ਚਰ ਦਾ ਸਮੇਂ ਨਾਲ ਕੋਈ ਸਬੰਧ ਨਹੀਂ, ਜਦੋਂ ਕਿ ਵਹਾਉ ਚਰ ਦਾ ਹੁੰਦਾ ਹੈ। ਇਕ ਹਵਾਈ ਜਹਾਜ਼ ਦਾ ਭਾਰ ਇਕ ਭੰਡਾਰ ਚਰ ਹੈ ਜਦੋਂ ਕਿ ਇਸ ਦੀ ਰਫ਼ਤਾਰ ਇਕ ਵਹਾਉ ਚਰ

ਹੈ। ਭੰਡਾਰ ਦੀ ਮਾਤਰਾ ਦਾ ਕੋਈ ਸਮਾਂ ਮਾਪ ਸਬੰਧ ਨਹੀਂ, ਜਦੋਂ ਕਿ ਵਹਾਉ ਨੂੰ ਸਿਰਫ਼ ਪ੍ਰਤੀ ਸਮਾਂ ਇਕਾਈ ਦੇ ਰੂਪ ਵਿਚ ਹੀ ਦੱਸਿਆ ਜਾ ਸਕਦਾ ਹੈ। ਭੰਡਾਰ ਅਤੇ ਵਹਾਉ ਚਰਾਂ ਵਿਚਕਾਰ ਮੁੱਖ ਫਰਕ, ਸਮੇਂ ਉੱਤੇ ਆਧਾਰਿਤ ਹੈ, ਵਹਾਉ ਚਰ, ਇਕ ਅਜਿਹੀ ਮਾਤਰਾ ਹੈ ਜਿਹੜੀ ਸਿਰਫ ਕਿਸੇ ਦਿੱਤੇ ਹੋਏ ਸਮੇਂ, ਦੱਸੇ ਵਕਫੇ ਉਤੇ ਹੀ ਮਾਪੀ ਜਾ ਸਕਦੀ ਹੈ। ਭੰਡਾਰ ਚਰਾਂ ਨੂੰ ਸਮੇਂ ਦੇ ਨਾਲ ਸਿਰਫ ਜੋੜਿਆ ਜਾ ਸਕਦਾ ਹੈ, ਪਰੰਤੂ ਵਹਾਉ ਚਰਾਂ ਦਾ ਸਮੇਂ ਨਾਲ ਸੰਬੰਧ ਹੁੰਦਾ ਹੈ। ਭਾਵੇਂ ਭੰਡਾਰ ਅਤੇ ਵਹਾਉ ਦੋਵੇਂ ਕਿਸਮ ਦੇ ਚਰਾਂ ਦਾ ਸਮੇਂ ਨਾਲ ਸੰਬੰਧ ਜੋੜਿਆ ਜਾਂਦਾ ਹੈ, ਪਰ ਭੰਡਾਰ ਚਰ, ਵਹਾਉ ਚਰ ਨਾਲੋਂ ਵੱਖਰਾ ਹੈ, ਕਿਉਂਕਿ ਸਮੇਂ ਦਾ ਇਕ ਬਿੰਦੂ ਸਮੇਂ ਦੇ ਵਕਫੇ ਨਾਲੋਂ ਵੱਖਰੀ ਚੀਜ਼ ਹੈ।

**ਕਾਰਜਾਤਮਕ ਸੰਬੰਧ (Functional Relationship)**

ਚਰਾਂ ਵਿਚਕਾਰ ਸੰਬੰਧ ਨੂੰ ਫਲਨ (function) ਦੇ ਪਦ ਨਾਲ ਦਰਸਾਇਆ ਜਾਂਦਾ ਹੈ ਜਿਵੇਂ ਕਿ ਉਪਭੋਗ, ਆਮਦਨ ਦਾ ਫਲਨ (function) ਹੈ। ਇਥੇ ਉਪਭੋਗ ਇਕ ਨਿਰਭਰ (dependent) ਚਰ ਹੈ ਅਤੇ ਆਮਦਨ ਇਕ ਸੁਤੰਤਰ ਚਰ ਹੈ। ਇਹ ਗੱਲ ਕਿ ਕੋਈ ਚੀਜ਼ ਕਿਸੇ ਹੋਰ ਚੀਜ਼ ਦਾ ਫਲਨ ਹੈ, ਇਕ ਆਮ ਸੰਬੰਧ (general relationship) ਤੋਂ ਵੱਧ ਹੋਰ ਕੁਝ ਨਹੀਂ ਦੱਸਦੀ। ਬੱਚਤ ਜਾਂ ਉਪਭੋਗ, ਆਮਦਨ ਨਾਲੋਂ ਵੱਧ ਜਾਂ ਘਟ ਸਕਦੇ ਹਨ, ਅਰਥਾਤ ਦੋਹਾਂ ਸਥਿਤੀਆਂ ਵਿਚ ਇਹ ਆਮਦਨ ਦਾ ਹੀ ਫਲਨ ਹਨ। ਇਕ ਚਰ ਦਾ ਦੂਜੇ ਚਰ ਨਾਲ ਸਬੰਧ ਦੱਸਣਾ ਮੈਕਰੋ ਆਰਥਿਕ ਮਾਡਲਾਂ ਦੀ ਇਕ ਮਹੱਤਵਪੂਰਨ ਵਿਸ਼ੇਸ਼ਤਾਈ ਹੈ।

ਦੂਜੇ ਪਾਸੇ ਇਕ ਸਥਿਰ ਰੱਖਿਆ (constant) ਚਰ ਅਜਿਹੀ ਮਾਤਰਾ ਹੈ ਜਿਹੜੀ ਬਦਲਦੀ ਨਹੀਂ। ਕਿਸੇ ਚਰ ਨਾਲ ਜੇ ਸਥਾਈ ਸੰਖਿਆ ਜੋੜੀ ਜਾਂਦੀ ਹੈ ਉਸ ਨੂੰ ਆਮ ਤੌਰ ਤੇ ਉਸ ਚਰ ਦਾ ਦਰ (coefficient) ਕਿਹਾ ਜਾਂਦਾ ਹੈ। ਇਹ ਜ਼ਰੂਰੀ ਨਹੀਂ ਕਿ ਦਰ (coefficient) ਸੰਖਿਆਵਾਦੀ (numerical) ਹੋਵੇ। ਇਹ ਸੰਕੇਤਕ (symbolic) ਵੀ ਹੋ ਸਕਦੀ ਹੈ। ਮੰਨ ਲਓ ਕਿ ਸੰਕੇਤ 'a' ਕਿਸੇ ਸਥਿਰ ਸੰਖਿਆ ਦਾ ਪ੍ਰਤੀਨਿਧ ਹੈ ਅਤੇ ਅਸੀਂ ਕਿਸੇ ਮਾਡਲ ਨੂੰ ਵਧੇਰੇ ਵਿਆਪਕ ਬਣਾਉਣ ਲਈ 7 ਦੀ ਥਾਂ 'a' ਪਦਾਵਲੀ (expression) ਦੀ ਵਰਤੋਂ ਕਰਦੇ ਹਾਂ। ਇਹ ਸੰਕੇਤ ਬੜੇ ਖਾਸ ਤਰੀਕੇ ਦੇ ਵਰਤਾਉ ਨੂੰ ਦੱਸਦਾ ਹੈ। ਇਹ ਕਿਸੇ ਦਿੱਤੀ ਹੋਈ ਸਥਿਰ ਸੰਖਿਆ ਨੂੰ ਦੱਸਦਾ ਹੈ ਕਿਉਂਕਿ ਇਸ ਨੂੰ ਗਣਿਤਕ ਰੂਪ ਵਿਚ ਨਹੀਂ ਦੱਸਿਆ ਗਿਆ, ਇਸ ਲਈ ਇਹ ਕੋਈ ਵੀ ਮੁੱਲ ਅਖਤਿਆਰ ਕਰ ਸਕਦਾ ਹੈ। ਸੰਖੇਪ ਵਿਚ ਇਹ ਅਜਿਹੀ ਸਥਿਰ ਸੰਖਿਆ ਹੈ ਜਿਸ ਦਾ ਮੁੱਲ ਬਦਲਿਆ ਜਾ ਸਕਦਾ ਹੈ। ਇਸ ਨੂੰ ਇਕ ਖਾਸ ਦਰਜਾ ਪ੍ਰਾਪਤ ਹੈ, ਜਿਸ ਕਰਕੇ ਇਸ ਨੂੰ ਪੈਰਾਮੀਟਰਿਕ ਸਥਿਰ ਸੰਖਿਆ (parametric constant) ਕਿਹਾ ਜਾਂਦਾ ਹੈ।

**ਸਮਾਨ ਅਰਥੀਆ (Tautologies)**

ਸੈਮੂਅਲਸਨ ਦੇ ਸ਼ਬਦਾਂ ਵਿਚ ''ਸਮਾਨ ਅਰਥੀਆ ਉਹ ਕਥਨ ਹੁੰਦੇ ਹਨ ਜਿਹੜੇ ਅਸਲੀਅਤ ਬਾਰੇ ਕੁਝ ਵੀ ਨਹੀਂ ਦੱਸਦੇ, ਪਰ ਉਹ ਪਰਿਭਾਸ਼ਾ ਰਾਹੀਂ ਸੱਚ ਹੁੰਦੇ ਹਨ।''

ਸਟੋਨੀਅਰ ਤੇ ਹੇਗ ਦੇ ਸ਼ਬਦਾਂ ਵਿਚ ਸਮਾਨ ਅਰਥੀ, ਉਨ੍ਹਾਂ ਕਥਨਾਂ ਦੀ ਵਿਆਖਿਆ ਕਰਦੀ ਹੈ ਜਿਹੜੇ ਦੋ ਤੱਤਾਂ ਵਿਚ ਪੂਰੀ ਸਮਾਨਤਾ ਪ੍ਰਗਟ ਕਰਦੇ ਹਨ ਅਤੇ ਇਸ ਲਈ ਪਰਿਭਾਸ਼ਾ ਰਾਹੀਂ ਹੀ ਸੱਚ ਹੁੰਦੇ ਹਨ। ਅਸਲ ਵਿਚ ਇਹ ਅਜਿਹੇ ਕਥਨ ਹਨ ਜਿਨ੍ਹਾਂ ਨੂੰ ਅੰਕੜਿਆਂ ਦੇ ਆਧਾਰ ਤੇ ਨਿਰੀਖਣ ਕਰਕੇ ਗਲਤ ਸਾਬਤ ਨਹੀਂ ਕੀਤਾ ਜਾ ਸਕਦਾ। ਇਹ ਆਰਥਿਕ ਵਿਚਾਰਧਾਰਾ ਵਿਚ

ਅਹਿਮ ਰੋਲ ਅਦਾ ਕਰਦੇ ਹਨ। ਕੇਨਜ਼ ਦੇ ਆਮ ਸਿਧਾਂਤਾਂ ਵਿਚ ਸਮਾਨ ਅਰਥੀ ਕਥਨ ਆਉਂਦੇ ਹਨ। ਹੈਬਰਲਰ (Heberler) ਅਜਿਹੇ ਹੀ ਇਕ ਸਮਾਨ ਅਰਥੀ ਗੁਣਕ ਨੂੰ ਮੰਨਦਾ ਹੈ। ਇਸੇ ਤਰ੍ਹਾਂ ਏ.ਜੀ. ਹਾਰਟ (A.G. Hart) ਨੇ ਗੁਣਕ ਦੀ ਧਾਰਨਾ ਨੂੰ ਇਕ ਫਜ਼ੂਲ ਪੰਜਵਾਂ ਪਹੀਆ ਦੱਸਿਆ ਹੈ। ਗਾਰਡਨਰ ਐਕਲੇ (Gardener Ackley) ਵੀ ਇਸ ਗੱਲ ਨੂੰ ਠੀਕ ਮੰਨਦਾ ਹੈ ਕਿਉਂਕਿ ਗੁਣਕ ਨਾ ਵਿਚਾਰਾਂ ਤੇ ਅਤੇ ਨਾ ਹੀ ਉਪਭੋਗ ਪ੍ਰਵਿਰਤੀ ਦੇ ਅੰਤਰਹਿਤ ਨਤੀਜਿਆਂ ਤੇ ਨਵਾਂ ਚਾਨਣ ਪਾਉਂਦਾ ਹੈ।

### ਸਮਤਾਵਾਂ (Identities)

ਸਮਤਾਵਾਂ ਸਿਰਫ ਅਜਿਹੇ ਸੰਬੰਧ ਨੂੰ ਹੀ ਦੱਸਦੀਆਂ ਹਨ ਜੋ ਸਿਰਫ ਪਰਿਭਾਸ਼ਾ ਰੂਪ ਵਿਚ ਹੀ ਸੱਚ ਹੁੰਦੇ ਹਨ। ਸਮਤਾ ਸਿਰਫ ਇਕ ਸਵੈ-ਸਿੱਧ ਸੱਚਾਈ ਦਾ ਰੂਪ ਹੁੰਦੀ ਹੈ ਅਤੇ ਕੁਝ ਵੀ ਸਾਬਤ ਨਹੀਂ ਕਰਦੀ। ਸਮੀਕਰਨ $MV = PT$ ਕੇਵਲ ਇਹ ਦੱਸਦੀ ਹੈ ਕਿ ਵਸਤਾਂ ਅਤੇ ਸੇਵਾਵਾਂ ਦੀ ਖਰੀਦ ਉਤੇ ਕੀਤਾ ਗਿਆ ਕੁੱਲ ਖਰਚ, ਉਨ੍ਹਾਂ ਦੇ ਮੁਦਰਾ ਮੁੱਲ ਦੇ ਬਰਾਬਰ ਹੁੰਦਾ ਹੈ। ਕੇਨਜ਼ ਨੇ ਇਸ ਸੰਬੰਧ ਵਿਚ ਕਿਹਾ, ''ਮੁਦਰਾ ਦਾ ਪਰਿਣਾਮ ਸਿਧਾਂਤ ਇਕ ਮੰਨੀ ਹੋਈ ਗੱਲ ਹੈ ਜੋ ਕਿ ਲਾਗੂ ਹੁੰਦਾ ਹੈ, ਭਾਵੇਂ ਇਸ ਦਾ ਕੋਈ ਮਹੱਤਵ ਨਹੀਂ ਹੈ।'' ਇਸੇ ਤਰ੍ਹਾਂ ਇਹ ਸਮਤਾ ਕਿ ਨਿਵੇਸ਼, ਬੱਚਤ, ਕੁਝ ਵੀ ਲਾਹੇਵੰਦ ਨਹੀਂ ਦੱਸਦੀ।

### ਵਿਵਹਾਰਕ ਸਮੀਕਰਨ (Behavioural Equation)

ਵਿਵਹਾਰਕ ਸਮੀਕਰਨ ਵਿਵਹਾਰਕ ਸੰਬੰਧ ਨੂੰ ਦੱਸਦੀ ਹੈ ਅਰਥਾਤ ਕਿ ਕੋਈ ਚਰ, ਦੂਜੇ ਚਰ ਵਿਚ ਤਬਦੀਲੀ ਆਉਣ ਤੇ ਕਿਵੇਂ ਵਰਤਾਉ ਕਰਦਾ ਹੈ, ਅਰਥਾਤ ਕਿਵੇਂ ਵਧਦਾ ਜਾਂ ਘਟਦਾ ਹੈ। ਮੋਟੇ ਸ਼ਬਦਾਂ ਵਿਚ, ਵਿਵਹਾਰਕ ਸਮੀਕਰਣਾਂ ਨੂੰ ਕਿਸੇ ਮਾਡਲ ਦੀ ਆਮ ਸੰਸਥਾਤਮਕ ਜੁੜਾਊ (setting) ਦੀ ਵਿਆਖਿਆ ਕਰਨ ਲਈ ਵਰਤਿਆ ਜਾ ਸਕਦਾ ਹੈ। ਇਸ ਤੋਂ ਇਲਾਵਾ, ਉਹ ਉਸ ਦੇ ਤਕਨੀਕੀ ਅਤੇ ਕਾਨੂੰਨੀ ਪੱਖਾਂ ਨੂੰ ਦੱਸਦੀਆਂ ਹਨ।

ਉਦਾਹਰਣ ਵਜੋਂ

c=a+by

ਅਰਥਾਤ ਜੇ ਸਾਨੂੰ a, b ਅਤੇ y ਦੀ ਮਾਤਰਾ ਪਤਾ ਹੋਵੇ ਤਾਂ ਅਸੀਂ ਵੱਖ-ਵੱਖ ਆਮਦਨ ਪੱਧਰਾਂ ਤੇ c ਦੀ ਮਾਤਰਾ ਬਾਰੇ ਆਸਾਨੀ ਨਾਲ ਜਾਣ ਸਕਦੇ ਹਾਂ। ਅਰਥਾਤ, ਜੇ ਇਨ੍ਹਾਂ ਚਰਾਂ ਵਿਚੋਂ ਕਿਸੇ ਤਿੰਨ ਦਾ ਪਤਾ ਹੋਵੇ ਤਾਂ ਚੌਥੇ ਬਾਰੇ ਆਸਾਨੀ ਨਾਲ ਜਾਣਿਆ ਜਾ ਸਕਦਾ ਹੈ।

**ਵਕਫੇ (Lags)**

ਵਰਤਮਾਨ ਸਮੇਂ ਵਿਚ ਉਤਪਾਦਨ ਵਿਧੀ ਅਜਿਹੀ ਹੈ ਕਿ ਉਤਪਾਦਨ ਹੋਣ ਵਿਚ ਕਾਫੀ ਸਮਾਂ ਲਗਦਾ ਹੈ। ਉਦਾਹਰਣ ਵਜੋਂ ਆਮਦਨ ਵਿਚ ਵਾਧਾ ਹੋਣ ਨਾਲ, ਇਹ ਜ਼ਰੂਰੀ ਨਹੀਂ ਕਿ ਉਪਭੋਗ ਉਸੇ ਵਕਤ ਵੱਧ ਜਾਏਗਾ, ਸਗੋਂ ਇਸ ਨੂੰ ਕੁਝ ਸਮਾਂ ਲੱਗੇਗਾ। ਇਹ ਜੋ ਸਮਾਂ ਆਮਦਨ ਦੇ ਵਧਣ ਨਾਲ ਉਪਭੋਗ ਨੂੰ ਵਧਣ ਲਈ ਲੱਗਾ, ਇਸ ਨੂੰ ਹੀ ਮੈਕਰੋ ਅਰਥ ਸ਼ਾਸਤਰ ਵਿਚ ਵਕਫਾ ਜਾਂ ਸਮਾਂ ਵਕਫਾ ਕਿਹਾ ਜਾਂਦਾ ਹੈ। ਇਨ੍ਹਾਂ ਵਕਫਿਆਂ ਵਿਚ ਉਪਭੋਗ ਖਰਚਾ ਵਕਫਾ, ਮਜ਼ਦੂਰੀ ਵਕਫਾ, ਉਤਪਾਦਨ ਵਕਫਾ ਅਤੇ ਪ੍ਰਬੰਧਕ ਵਕਫਾ ਆਦਿ ਸ਼ਾਮਲ ਹਨ। ਇਨ੍ਹਾਂ ਵਕਫਿਆਂ ਦੀ ਕੰਮ ਦੀ ਵਿਧੀ ਨੇ ਆਪਣੇ ਸਿਧਾਂਤ ਵਿਚ ਇਨ੍ਹਾਂ ਵਕਫਿਆਂ ਦੇ ਪ੍ਰਭਾਵ ਨੂੰ ਅੱਖੋਂ ਉਹਲੇ ਰੱਖਿਆ ਅਤੇ ਉਸ ਨੇ ਮੋਟੇ ਤੌਰ ਤੇ ਮੈਕਰੋ ਆਰਥਿਕ ਚਰਾਂ ਤੇ ਤੱਤਕਾਲੀ (instantaneous) ਵਿਵਹਾਰ ਨੂੰ ਵੀ ਧਿਆਨ ਵਿਚ ਰੱਖਿਆ। ਇਹ ਗੱਲ ਕੇਨਜ਼ ਤੋਂ ਬਾਅਦ ਦੇ ਅਰਥ ਸ਼ਾਸਤਰੀਆਂ ਨੇ ਉਪਭੋਗ, ਨਿਵੇਸ਼, ਫਲਨ, ਤਰਲਤਾ ਤਰਜੀਹ, ਗੁਣਕ ਆਦਿ ਯੰਤਰਾਂ ਵਿਚ ਲਾਗੂ ਕੀਤੀ ਤਾਂ ਕਿ ਇਨ੍ਹਾਂ ਯੰਤਰਾਂ ਨੂੰ ਜ਼ਿਆਦਾ ਗਤੀਸ਼ੀਲ ਬਣਾਇਆ ਜਾ ਸਕੇ।

**ਚੱਕਰੀ ਪ੍ਰਵਾਹ (Circular flow)**

ਕਿਸੇ ਵੀ ਆਰਥਿਕ ਕ੍ਰਿਆ, ਜਿਸ ਦਾ ਉਦੇਸ਼ ਵਟਾਂਦਰੇ ਦੁਆਰਾ ਦੂਜਿਆਂ ਦੀਆਂ ਲੋੜਾਂ ਨੂੰ ਪੂਰਾ ਕਰਨਾ ਹੋਵੇ, ਨੂੰ ਉਤਪਾਦਨ ਆਖਿਆ ਜਾਂਦਾ ਹੈ। ਉਤਪਾਦਨ ਦੀ ਕ੍ਰਿਆ ਲਗਾਤਾਰ ਚੱਲਣ ਵਾਲੀ ਹੈ। ਆਧੁਨਿਕ ਅਰਥ ਵਿਵਸਥਾਵਾਂ ਵਟਾਂਦਰਾ ਅਰਥ ਵਿਵਸਥਾਵਾਂ ਹਨ, ਜਿੱਥੇ ਪਰਿਵਾਰ ਉੱਦਮੀਆਂ ਨੂੰ ਆਪਣੀਆਂ ਉਤਪਾਦਨ ਸੇਵਾਵਾਂ ਪ੍ਰਦਾਨ ਕਰਦੇ ਹਨ। ਇਸ ਤਰ੍ਹਾਂ ਪਰਿਵਾਰ ਅਤੇ ਉਤਪਾਦਨ ਵਿਚਕਾਰ ਇਕ ਆਮਦਨ ਅਤੇ ਖਰਚ ਦੇ ਚੱਕਰੀ ਵਹਾਉ ਤੋਂ ਭਾਵ ਇਹ ਹੈ ਕਿ ਖਰਚੀ ਹੋਈ ਮੁਦਰਾ, ਜਮ੍ਹਾਂ ਕਰਕੇ ਨਹੀਂ ਰੱਖੀ ਜਾਂਦੀ ਸਗੋਂ ਆਮਦਨ ਦੇ ਕਿਸੇ ਖਾਸ ਪੱਧਰ ਨੂੰ ਬਣਾਈ ਰੱਖਣ ਲਈ ਵਹਾਉ ਦੇ ਰੂਪ ਵਿਚ ਰਹਿਣੀ ਚਾਹੀਦੀ ਹੈ। ਆਮਦਨ ਅਤੇ ਉਤਪਾਦਨ ਦਾ ਚੱਕਰੀ ਪ੍ਰਵਾਹ ਇਸ ਗੱਲ ਨੂੰ ਸਮਝਣ ਵਿਚ ਸਾਡੀ ਸਹਾਇਤਾ ਕਰਦਾ ਹੈ ਕਿ 'ਆਮਦਨ ਦਾ ਪ੍ਰਵਾਹ' ਅਤੇ ਖਰਚ ਦਾ ਪ੍ਰਵਾਹ, ਸਾਰੇ ਬਰਾਬਰ ਕਿਉਂ ਹੁੰਦੇ ਹਨ। ਇਸ ਦਾ ਕਾਰਨ ਇਹ ਹੈ ਕਿ ਸਾਰੇ ਪ੍ਰਵਾਹ ਇਕੋ ਚੀਜ਼ ਦਾ ਹੀ ਨਾਪ ਕਰਦੇ ਹਨ।

**ਅਨੁਮਾਨਿਤ ਅਤੇ ਵਾਸਤਵਿਕ ਦੀਆਂ ਧਾਰਨਾਵਾਂ (The Concepts of Ex-ante and Ex-post)**

ਅਨੁਮਾਨਿਤ ਅਤੇ ਵਾਸਤਵਿਕ ਦੀਆਂ ਧਾਰਨਾਵਾਂ ਨੂੰ ਗੁਨਰ ਮਿਰਡਲ (Gunar Myrdal) ਨੇ ਆਪਣੇ ਮੁਦਰਿਕ ਤੱਤਾਂ ਤੇ ਬਹਿਸ ਬਾਰੇ ਜਨਮ ਦਿੱਤਾ। ਇਹ ਲਾਤੀਨੀ (Latin) ਵਾਕਾਂਸ (phrases) ਹਨ, ਜਿਨ੍ਹਾਂ ਦਾ ਮਤਲਬ 'ਪਹਿਲਾਂ ਤੋਂ' ਅਤੇ 'ਬਾਅਦ ਵਿਚ' ਹੈ। ਵਪਾਰ ਚੱਕਰ ਸਿਧਾਂਤ ਵਿਚ ਅਨੁਮਾਨਿਤ ਤੋਂ ਭਾਵ ਨਿਵੇਸ਼, ਉਪਭੋਗ ਅਤੇ ਬੱਚਤ ਦੀਆਂ ਉਹ ਮਾਤਰਾਵਾਂ ਹਨ, ਜਿਨ੍ਹਾਂ ਬਾਰੇ ਕਥਿਤ ਸਮੇਂ ਤੋਂ ਪਹਿਲਾਂ ਤੋਂ ਯੋਜਨਾ ਕੀਤੀ ਗਈ ਹੈ ਜਾਂ ਆਸ ਕੀਤੀ ਗਈ ਹੈ। ਉਦਾਹਰਣ ਵਜੋਂ

ਅਨੁਮਾਨਿਤ ਬੱਚਤ ਤੋਂ ਭਾਵ ਉਹ ਮਾਤਰਾ ਹੈ ਜਿਸ ਨੂੰ ਕਿਸੇ ਸਮੇਂ ਆਪਣੀ ਆਮਦਨ ਵਿਚੋਂ ਕਰਨ ਲਈ ਲੋਕਾਂ ਨੇ ਪਹਿਲਾਂ ਤੋਂ ਯੋਜਨਾ ਬਣਾ ਰੱਖੀ ਹੈ।

ਵਾਸਤਵਿਕ ਤੋਂ ਭਾਵ, ਨਿਵੇਸ਼ ਬੱਚਤ ਜਾਂ ਉਪਭੋਗ ਦੀਆਂ ਉਹ ਮਾਤਰਾਵਾਂ ਹਨ ਜਿਹੜੀਆਂ ਕਿ ਕਿਸੇ ਸਮੇਂ ਦੇ ਅੰਤ ਤੇ ਅਸਲ ਵਿਚ ਪ੍ਰਾਪਤ ਹੁੰਦੀਆਂ ਹਨ। ਇਸ ਤਰ੍ਹਾਂ ਅਸਲ (realised) ਬੱਚਤ, ਨਿਵੇਸ਼ ਜਾਂ ਉਪਭੋਗ ਦੀਆਂ ਮਾਤਰਾਵਾਂ ਹੁੰਦੀਆਂ ਹਨ। ਉਦਾਹਰਣ ਵਜੋਂ, ਵਾਸਤਵਿਕ ਬੱਚਤ ਅਜਿਹੀ ਮਾਤਰਾ ਹੈ ਜਿਹੜੀ ਲੋਕ ਕਿਸੇ ਅਸਲ ਰੂਪ ਵਿਚ ਬਚਾਉਂਦੇ ਹਨ। ਵਾਸਤਵਿਕ ਮਾਤਰਾਵਾਂ ਜ਼ਰੂਰੀ ਨਹੀਂ ਕਿ ਉਹੀ ਹੋਣ, ਜਿਨ੍ਹਾਂ ਦੀ ਸ਼ੁਰੂ ਵਿਚ ਆਸ ਜਾਂ ਯੋਜਨਾ ਕੀਤੀ ਗਈ ਸੀ ਅਤੇ ਇਸ ਤਰ੍ਹਾਂ ਇਨ੍ਹਾਂ ਵਿਚ ਫਰਕ ਯੋਜਨਾਵਾਂ ਨੂੰ ਪ੍ਰਭਾਵਿਤ ਕਰਦਾ ਹੈ।

**ਆਰਥਿਕ ਮਾਡਲ (Economic Model)**

ਆਰਥਿਕ ਮਾਡਲ ਤੋਂ ਭਾਵ ਸਮੀਕਰਣਾਂ ਜਾਂ ਸੰਬੰਧਾਂ ਦੇ ਅਜਿਹੇ ਸਮੂਹ ਤੋਂ ਹੈ, ਜਿਸ ਨੂੰ ਰਾਸ਼ਟਰੀ ਅਰਥ ਵਿਵਸਥਾ, ਫਰਮ ਜਾਂ ਕਿਸੇ ਆਰਥਿਕ ਇਕਾਈ ਦੇ ਕੰਮ-ਕਾਜ਼ ਦੀ ਸੰਖੇਪ ਵਿਆਖਿਆ ਲਈ ਵਰਤਿਆ ਜਾਂਦਾ ਹੈ। ਇਨ੍ਹਾਂ ਮਾਡਲਾਂ ਨੂੰ, ਜੋ ਜਟਿਲਤਾ ਦੇ ਆਧਾਰ ਤੇ ਵੱਖੋ-ਵੱਖਰੇ ਹਨ, ਕਿਸੇ ਸਿਧਾਂਤਕ ਨਿਯਮ ਜਾਂ ਆਰਥਿਕ ਵਰਤਾਉ ਦੀ ਵਿਆਖਿਆ ਲਈ ਵਰਤਿਆ ਜਾ ਸਕਦਾ ਹੈ। ਕਈ ਇਕੋਨੋਮੀਟਰਿਕ (Econometric) ਮਾਡਲ, ਜਿਹੜੇ ਕਿ ਰਾਸ਼ਟਰੀ ਆਰਥਿਕ ਕ੍ਰਿਆ ਦੇ ਅਧਿਐਨ ਲਈ ਵਰਤੇ ਜਾਂਦੇ ਹਨ, ਕਈ ਸੈਂਕੜੇ ਸਮੀਕਰਣਾਂ ਦੇ ਬਣੇ ਹੋਏ ਹਨ। ਆਮ ਤੌਰ ਤੇ ਇਹ ਆਰਥਿਕ ਸਿਧਾਂਤ ਦਾ ਵੱਡਾ ਭਾਗ ਅਜਿਹੇ ਮਾਡਲਾਂ ਦਾ ਬਣਿਆ ਹੋਇਆ ਹੈ ਜਿਨ੍ਹਾਂ ਦੀ ਜੇ ਵਧੀਆ ਵਿਉਂਤ ਕੀਤੀ ਜਾਵੇ ਤਾਂ ਵਧੀਆ ਤੇ ਸਹੀ ਸਿੱਟੇ ਪ੍ਰਾਪਤ ਕੀਤੇ ਜਾ ਸਕਦੇ ਹਨ।

ਅਰਥ ਸ਼ਾਸਤਰੀਆਂ ਨੂੰ ਮਾਡਲ ਬਣਾਉਣ ਦੀ ਲੋੜ ਇਸ ਕਰਕੇ ਪਈ ਕਿਉਂਕਿ ਉਹ ਬਾਕੀ ਵਿਗਿਆਨਾਂ ਵਾਂਗ ਤਜ਼ਰਬਿਆਂ ਲਈ ਪ੍ਰਯੋਗਸ਼ਾਲਾ ਦੀ ਵਰਤੋਂ ਨਹੀਂ ਕਰ ਸਕਦੇ ਸਨ। ਇਸ ਕਰਕੇ ਉਨ੍ਹਾਂ ਲਈ ਇਹ ਜ਼ਰੂਰੀ ਹੈ ਕਿ ਉਹ ਅਸਲ ਸਥਿਤੀ ਤੋਂ, ਉਨ੍ਹਾਂ ਵੱਖ-ਵੱਖ ਪ੍ਰਭਾਵਾਂ ਅਤੇ ਸੰਬੰਧ, ਜਿਹੜੇ ਕਿ ਕਿਸੇ ਖਾਸ ਸਿੱਟਿਆਂ ਦੇ ਮੁੱਖ ਨਿਰਧਾਰਕ ਸਮਝੇ ਜਾਂਦੇ ਹਨ, ਨੂੰ ਵੱਖ ਕਰਨ। ਕਿਸੇ ਮਾਡਲ ਦੇ ਵੱਖ-ਵੱਖ ਭਾਗ ਅੰਤਰ ਸੰਬੰਧ ਅਤੇ ਪ੍ਰਭਾਵ ਪਾਉਣ ਵਾਲੇ ਪ੍ਰਮੁੱਖ ਤੱਤ, ਇਹ ਵਿਆਖਿਆ ਕਰਨ ਵਿਚ ਸਾਡੀ ਮਦਦ ਕਰਦੇ ਹਨ ਕਿ ਉਹ ਮਾਡਲ ਕਿਵੇਂ ਕੰਮ ਕਰਦਾ ਹੈ। ਜੇ ਕੋਈ ਮਾਡਲ ਅਸਲ ਜ਼ਿੰਦਗੀ ਦੀਆਂ ਮਹੱਤਵਪੂਰਨ ਵਿਸ਼ੇਸ਼ਤਾਵਾਂ ਪੈਦਾ ਕਰਦਾ ਹੈ ਤਾਂ ਉਹ ਭਵਿੱਖ-ਬਾਣੀ ਦੇ ਸਮਝਣ ਲਈ ਇਕ ਆਧਾਰ ਦਾ ਕੰਮ ਕਰਦਾ ਹੈ।

ਮਾਡਲ ਦੋ ਕਿਸਮਾਂ ਦੇ ਹੁੰਦੇ ਹਨ, ਇਕ ਮਾਈਕਰੋ ਆਰਥਿਕ ਮਾਡਲ ਅਤੇ ਦੂਜਾ ਮੈਕਰੋ ਆਰਥਿਕ ਮਾਡਲ। ਮਾਈਕਰੋ ਆਰਥਿਕ ਮਾਡਲਾਂ ਦੀ ਮਦਦ ਨਾਲ ਇਹ ਸਮਝਣਾ ਆਸਾਨ ਹੁੰਦਾ ਹੈ ਕਿ ਕੁਝ ਖਾਸ ਵਸਤੂਆਂ ਦੀਆਂ ਕੀਮਤਾਂ, ਉਤਪਾਦਨ ਅਤੇ ਵੱਖ-ਵੱਖ ਸਾਧਨਾਂ ਦਾ ਭੁਗਤਾਨ ਆਦਿ ਕਿਵੇਂ ਮਿਥਿਆ ਜਾਂਦਾ ਹੈ। ਕੁੱਲ ਜਾਂ ਰਾਸ਼ਟਰੀ ਆਮਦਨ ਲੇਖਾ (National income accounting) ਦੀ ਬਣਤਰ ਕਾਰਨ ਵੱਖ-ਵੱਖ ਅਰਥ ਸ਼ਾਸਤਰੀਆਂ ਦੁਆਰਾ ਮੈਕਰੋ ਆਰਥਿਕ ਮਾਡਲ ਵੱਡੇ ਪੈਮਾਨੇ ਤੇ ਬਣਾਏ ਗਏ ਹਨ। ਮੈਕਰੋ ਆਰਥਿਕ ਮਾਡਲਾਂ ਦੀ ਵਰਤੋਂ ਦੁਆਰਾ ਅਰਥ ਵਿਵਸਥਾ ਦੇ ਸਮੁੱਚੇ ਰੂਪ ਵਿਚ ਵਰਤਾਉ ਦੀ ਵਿਆਖਿਆ ਅਤੇ ਭਵਿੱਖ-ਬਾਣੀ ਕੀਤੀ ਜਾਂਦੀ ਹੈ। ਯੋਜਨਾਬੰਦੀ ਦੇ ਸਬੰਧ ਵਿਚ ਵੱਖ-ਵੱਖ ਵਿਕਾਸ ਦਰਾਂ ਦੇ ਭਾਵ ਸਮਝਣ ਲਈ ਵੀ ਮੈਕਰੋ ਆਰਥਿਕ ਮਾਡਲਾਂ ਦੀ ਹੀ ਵਰਤੋਂ ਹੁੰਦੀ ਹੈ।

ਮਾਈਕਰੋ ਅਤੇ ਮੈਕਰੋ ਆਰਥਿਕ ਮਾਡਲਾਂ ਦੀ ਵੰਡ, ਅੱਗੇ ਸਮਤੋਲ ਅਤੇ ਪ੍ਰਕ੍ਰਿਆ (process) ਮਾਡਲਾਂ ਦੇ ਤੌਰ ਤੇ ਕੀਤੀ ਜਾ ਸਕਦੀ ਹੈ । ਸਮਤੋਲ ਮਾਡਲ ਉਨ੍ਹਾਂ ਹਾਲਤਾਂ ਦਾ ਜ਼ਿਕਰ ਕਰਦੇ ਹਨ ਜਿਨ੍ਹਾਂ ਅੰਦਰ ਮਾਲ ਵਿੱਚ ਵਰਤੇ ਗਏ ਚਰ ਸਥਿਰ ਰਹਿੰਦੇ ਹਨ, ਭਾਵੇਂ ਉਨ੍ਹਾਂ ਦੀ ਵਰਤੋਂ ਤਬਦੀਲੀ ਦੇ ਕਾਰਨਾਂ ਨੂੰ ਲੱਭਣ ਲਈ ਕੀਤੀ ਜਾਂਦੀ ਹੈ। ਪਹਿਲੀ ਤਾਂ ਇਹ ਹੈ ਕਿ ਕਈ ਵਾਰੀ ਉਹ ਸੇਧ ਦਿੰਦੇ ਹਨ ਜਿਸ ਵਿਚ ਅਸਮਤੋਲ ਦੀਆਂ ਹਾਲਤਾਂ ਵਿਚ ਸਮਾਯੋਜਨ (adjustment) ਹੋ ਸਕਦਾ ਹੈ। ਦੂਜਾ ਇਹ ਕਿ ਸ਼ੁਰੂ ਦੀਆਂ ਹਾਲਤਾਂ ਵਿਚ ਸਮਤੋਲ ਦੀ ਤੁਲਨਾ, ਉਨ੍ਹਾਂ ਹਾਲਤਾਂ ਦੇ ਸਮਤੋਲ ਨਾਲ, ਜਿਹੜੀਆਂ ਕਿਸੇ ਇਕ ਪੱਖੋਂ ਵੱਖਰੀਆਂ ਹਨ, ਉਸ ਇਕ ਫਰਕ ਕਾਰਨ, ਅਖੀਰ ਤੇ ਕੀ ਅਸਰ ਹੈ, ਦਾ ਇਸ਼ਾਰਾ ਦੇ ਸਕਦੀਆਂ ਹਨ। ਮਾਈਕਰੋ ਆਰਥਿਕ ਮਾਡਲਾਂ ਦੇ ਸੰਬੰਧ ਵਿਚ ਇਕ ਮਹੱਤਵਪੂਰਨ ਫਰਕ **ਆਮ** (General) ਅਤੇ ਅੰਸ਼ਿਕ (Partial) ਸਮਤੋਲ ਮਾਡਲਾਂ ਵਿਚ ਹੈ। ਆਮ ਆਰਥਿਕ ਮਾਡਲਾਂ ਦਾ ਮੁੱਖ ਮੰਤਵ ਇਹ ਵਿਆਖਿਆ ਦੇਣਾ ਹੁੰਦਾ ਹੈ ਕਿ ਅਰਥ ਵਿਵਸਥਾ ਦੇ ਸਾਰੇ ਭਾਗ ਆਪੋ ਵਿਚ ਕਿਵੇਂ ਅੰਤਰ ਸੰਬੰਧਤ ਹਨ। ਇਸ ਦੇ ਉਲਟ ਅੰਸ਼ਿਕ ਸਮਤੋਲ ਮਾਡਲਾਂ ਵਿਚ ਕੁਝ ਨੇੜੇ ਦੇ ਅੰਤਰ ਸਬੰਧਤ ਚਰਾਂ (ਜਿਵੇਂ ਕਿ ਖਾਸ ਵਸਤੂ ਦੀ ਕੀਮਤ ਅਤੇ ਉਸ ਦੀ ਮੰਗ) ਦੀ ਆਪੋ ਵਿਚਲੀ ਅੰਤਰ ਨਿਰਭਰਤਾ ਨੂੰ ਵੇਖਣ ਲਈ ਬਾਕੀ ਦੇ ਸਾਰੇ ਚਰਾਂ ਦੇ ਮੁੱਲਾਂ ਨੂੰ ਸਥਿਰ ਮੰਨ ਲਿਆ ਜਾਂਦਾ ਹੈ। ਸਮਤੋਲ ਮਾਡਲ ਇਹ ਨਹੀਂ ਦੱਸਦੇ ਕਿ ਇਕ ਸਮਤੋਲ ਤੋਂ ਦੂਜੀ ਸਮਤੋਲ ਸਥਿਤੀ ਕਿਵੇਂ ਪ੍ਰਾਪਤ ਹੋਈ, ਜਦੋਂ ਕਿ ਪ੍ਰਕ੍ਰਿਆ ਮਾਡਲ ਸਮਤੋਲ ਦੀਆਂ ਵੱਖ-ਵੱਖ ਸਥਿਤੀਆਂ ਵਿਚਲੀਆਂ ਸਾਰੀਆਂ ਹਾਲਤਾਂ ਦਾ ਜ਼ਿਕਰ ਕਰਦੇ ਹਨ।

### 1.1.9 ਪਾਠ ਦਾ ਸਾਰ

ਇਸ ਤਰ੍ਹਾਂ ਅਸੀਂ ਵੇਖਿਆ ਹੈ ਕਿ ਸਨਾਤਨੀ ਅਰਥ ਸ਼ਾਸਤਰੀਆਂ ਨੇ ਰੋਜ਼ਗਾਰ ਦਾ ਕੋਈ ਸਿਲਸਿਲੇਵਾਰ (systematic) ਸਿਧਾਂਤ ਨਹੀਂ ਦਿੱਤਾ। ਪ੍ਰੰਤੂ 1929-33 ਦੀ ਮੰਦੀ ਦੇ ਪ੍ਰਭਾਵ ਕਾਰਨ, ਕੇਨਜ਼ ਨੇ 1936 ਵਿਚ ਆਪਣਾ ਰੋਜ਼ਗਾਰ ਦਾ ਆਮ ਸਿਧਾਂਤ ਦਿੱਤਾ, ਜਿਸ ਵਿੱਚ ਸਰਕਾਰੀ ਦਖਲ ਅੰਦਾਜ਼ੀ ਨੂੰ ਉਚਿੱਤ ਸਮਝਿਆ ਗਿਆ। ਇਸ ਆਮ ਸਿਧਾਂਤ ਦਾ ਬੜਾ ਭਾਰੀ ਸਿਧਾਂਤਕ ਅਤੇ ਵਿਵਹਾਰਕ ਮਹੱਤਵ ਹੈ, ਜਿਸ ਅਧੀਨ ਅਰਥ ਵਿਵਸਥਾ ਦਾ ਸਮੁੱਚੇ ਤੌਰ ਤੇ ਅਧਿਐਨ ਕੀਤਾ ਜਾਂਦਾ ਹੈ। ਜਦੋਂ ਕਿ ਮਾਈਕਰੋ ਅਰਥ ਸ਼ਾਸਤਰ ਅਧੀਨ ਛੋਟੇ-ਛੋਟੇ ਭਾਗਾਂ ਜਾਂ ਅੰਸ਼ਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਭਾਵੇਂ ਮਾਈਕਰੋ ਅਤੇ ਮੈਕਰੋ ਵਿਸ਼ਲੇਸ਼ਣ ਵਿਧੀਆਂ ਅੱਡੋ-ਅੱਡ ਹਨ, ਪਰੰਤੂ ਫਿਰ ਵੀ ਇਹ ਇੱਕ ਦੂਜੇ ਦੀਆਂ ਪੂਰਕ ਹਨ।

ਮੈਕਰੋ ਅਰਥ ਸ਼ਾਸਤਰ, ਅਰਥਾਤ ਸਮੂਹਿਕ ਵਿਚਾਰਧਾਰਾ, ਆਰਥਿਕ ਸਿਧਾਂਤ ਅਤੇ ਲੋਕ ਨੀਤੀ ਦਾ ਇੱਕ ਜ਼ਰੂਰੀ ਉਪਕਰਣ ਬਣ ਚੁੱਕਾ ਹੈ, ਜੋ ਕਿ ਮੈਕਰੋ ਅਰਥ ਸ਼ਾਸਤਰ ਦੀ ਸਿਧਾਂਤਕ ਅਤੇ ਵਿਵਹਾਰਕ ਮਹੱਤਤਾ ਤੋਂ ਸਾਫ਼ ਨਜ਼ਰ ਆਉਂਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਵਿਸ਼ਲੇਸ਼ਣ ਵਿਧੀ ਦੀਆਂ ਕੁਝ ਸੀਮਾਵਾਂ ਵੀ ਹਨ। ਆਰਥਿਕ ਵਿਕਾਸ ਬਾਰੇ, ਖਾਸ ਕਰਕੇ ਕੇਨਜ਼ ਤੋਂ ਬਾਅਦ ਦੀ ਵਿਚਾਰਧਾਰਾ ਵਿੱਚ ਕੁੱਝ ਪਦਾਂ (terms) ਦੀ ਵੀ ਕਾਫ਼ੀ ਵਰਤੋਂ ਹੋਈ ਹੈ, ਜਿਨ੍ਹਾਂ ਨੂੰ ਕਿ ਮੈਕਰੋ ਅਰਥ ਵਿਗਿਆਨ ਦੇ ਪਦ ਕਿਹਾ ਜਾਂਦਾ ਹੈ, ਜਿਵੇਂ ਕਿ ਅਸੀਂ ਪਾਠ ਵਿੱਚ ਪੜ੍ਹ ਕੇ ਆਏ ਹਾਂ।

### 1.1.10 ਛੋਟੇ ਉਤਰਾਂ ਵਾਲੇ ਪ੍ਰਸ਼ਨ –

ਸੰਖੇਪ ਨੋਟ ਲਿਖੋ–

(ੳ) ਆਰਥਿਕ ਮਾਡਲ
(ਅ) ਫਲਨਾਤਮਕ ਸਬੰਧ
(ੲ) ਮੈਕਰੋ ਅਰਥ ਸ਼ਾਸਤਰ ਦੀਆਂ ਸੀਮਾਵਾਂ
(ਸ) ਸਮਤਾਵਾਂ
(ਹ) ਚੱਕਰੀ ਪ੍ਰਵਾਹ

### 1.1.11 ਵੱਡੇ ਉਤਰਾਂ ਵਾਲੇ ਪ੍ਰਸ਼ਨ –

1 ਮਾਈਕਰੋ ਅਤੇ ਮੈਕਰੋ ਅਰਥ ਸ਼ਾਸਤਰ ਨੂੰ ਵਿਸਥਾਰ ਵਿੱਚ ਬਿਆਨ ਕਰੋ।

2 ਮੈਕਰੋ ਅਰਥ ਸ਼ਾਸਤਰ ਤੋ ਕੀ ਭਾਵ ਹੈ? ਇਸਦੇ ਮਹੱਤਤਾ ਅਤੇ ਸੀਮਾਵਾਂ ਨੂੰ ਵਿਸਥਾਰ ਵਿੱਚ ਬਿਆਨ ਕਰੋ।

### 1.1.12 ਪੜ੍ਹਨਯੋਗ ਪੁਸਤਕਾਂ

R.D. Gupta : Keynes and Post Keynesian Economics.

T.F. Durnbarg and McDaugal: Macro Economics.

G. Ackley: Macro Economic Theory.

ਪਾਠ ਨੰ : 1.2

ਲੇਖਕ : ਡਾ. ਪ੍ਰਤਾਪ ਸਿੰਘ

Last updated on 8 may, 2023

# ਪਰੰਪਰਾਵਾਦੀ ਅਰਥ ਸ਼ਾਸਤਰ ਦੇ ਬੁਨਿਆਦੀ ਸਿਧਾਂਤ
# (Basic Principles of Classical Economics)

ਪਰੰਪਰਾਵਾਦੀ ਅਰਥ ਸ਼ਾਸਤਰ ਦੇ ਬੁਨਿਆਦੀ ਸਿਧਾਂਤਾਂ ਦੇ ਅਧਿਐਨ ਲਈ ਇਸ ਪਾਠ ਦੀ ਵੰਡ ਨਿਮਨ ਅਨੁਸਾਰ ਕੀਤੀ ਗਈ ਹੈ :-

1.2.1 ਪਾਠ ਦੇ ਉਦੇਸ਼ (Objectives)
1.2.2 ਭੂਮਿਕਾ (Introduction)
1.2.3 ਵਸਤੂ ਵਟਾਂਦਰਾ ਅਤੇ ਮੁਦਰਕ ਅਰਥ ਵਿਵਸਥਾਵਾਂ ਵਿਚ ਸੇ ਦਾ ਨਿਯਮ (Say's Law in Barter and Monetized Economies)
1.2.3.1 ਸੇ ਦੇ ਨਿਯਮ ਦੀਆਂ ਪੂਰਵ-ਕਲਪਨਾਵਾਂ (Presumptions of Say's Law)
1.2.3.2 ਸੇ ਦੇ ਨਿਯਮ ਦਾ ਪੀਗੂ ਦੁਆਰਾ ਪ੍ਰਤੀਪਾਦਨ (Pigouvian Formulation of Say's Law)
1.2.3.3 ਸੇ ਦੇ ਨਿਯਮ ਦਾ ਆਲੋਚਨਾਤਮਕ ਜਾਇਜ਼ਾ (Critical Appraisal of Say's Law)
1.2.3.4 ਵਰਤਮਾਨ ਹਾਲਤਾਂ ਵਿੱਚ ਸੇ ਦਾ ਨਿਯਮ (Say's Law in Modern Times)
1.2.4 ਪਾਠ ਦਾ ਸਾਰ
1.2.5 ਛੋਟੇ ਪ੍ਰਸ਼ਨ
1.2.6 ਵੱਡੇ ਪ੍ਰਸ਼ਨ
1.2.7 ਪ੍ਰਕਾਸ਼ਿਤ ਪੁਸਤਕਾਂ

## 1.2.1 ਪਾਠ ਦੇ ਉਦੇਸ਼ (Objectives) :-

ਇਹ ਪਾਠ ਨਿਮਨ ਉਦੇਸ਼ਾਂ ਦੀ ਪ੍ਰਾਪਤੀ ਕਰਨਾ ਚਾਹੁੰਦਾ ਹੈ ਤਾਂ ਕਿ ਵਿਦਿਆਰਥੀ ਨੂੰ ਪਤਾ ਲੱਗ ਸਕੇ ਕਿ :-

(ੳ) ਸਨਾਤਨੀ ਅਰਥ ਸ਼ਾਸਤਰ ਤੋਂ ਕੇਨਜ਼ ਦਾ ਭਾਵ ਕੀ ਸੀ ?

(ਅ) ਸਨਾਤਨੀ ਅਰਥ ਸ਼ਾਸਤਰ ਕਿਹੜੇ-ਕਿਹੜੇ ਸਿਧਾਂਤਾਂ ਤੇ ਆਧਾਰਿਤ ਹੈ ?

(ੲ) ਉਨ੍ਹਾਂ ਸਿਧਾਂਤਾਂ ਵਿੱਚ ਕੀ ਕਮੀਆਂ ਸਨ, ਕਿ ਕੇਨਜ਼ ਨੇ ਇਨ੍ਹਾਂ ਦੇ ਢੁੱਕਵੇਂਪਣ ਤੇ ਕਿੰਤੂ ਕੀਤਾ।

## 1.2.2 ਭੂਮਿਕਾ (Introduction) :-

20ਵੀਂ ਸਦੀ ਦਾ ਤੀਜਾ ਦਹਾਕਾ ਸਭ ਤੋਂ ਵੱਧ ਤੂਫਾਨੀ ਦਹਾਕਾ ਸੀ, ਜਿਸ ਨੇ ਕੇਨਜ਼ ਦੇ ਰੋਜ਼ਗਾਰ, ਵਿਆਜ ਅਤੇ ਮੁਦਰਾ ਦੇ ਆਮ ਸਿਧਾਂਤ (General Theory of Employment, Interest and Money) ਦੇ 1936 ਵਿਚ ਪ੍ਰਕਾਸ਼ਿਤ ਹੋਣ ਨਾਲ, ਆਰਥਿਕ ਵਿਚਾਰਧਾਰਾ ਵਿਚ ਅਤਿ ਤੇਜ਼ੀ ਨਾਲ ਪ੍ਰਗਤੀ ਸ਼ੁਰੂ ਕੀਤੀ। ਕੇਨਜ਼ ਦੀ ਇਸ ਪੁਸਤਕ ਦੇ ਛਪਣ ਤੋਂ ਪਹਿਲਾਂ ਮੈਕਰੋ ਅਰਥ ਸ਼ਾਸਤਰ ਵਰਗਾ

ਕੋਈ ਵੀ ਅਜਿਹਾ ਢਾਂਚਾ ਨਹੀ ਸੀ ਜੋ ਅਜਿਹੇ ਗਿਆਨ ਨੂੰ ਦਲੀਲ ਪੂਰਵਕ (Logical) ਢੰਗ ਨਾਲ ਪੇਸ਼ ਕਰਦਾ। ਕੇਨਜ਼ ਤੋਂ ਪਹਿਲਾਂ ਦੇ ਲੇਖਕਾਂ ਨੂੰ, ਜਿਨ੍ਹਾਂ ਨੇ ਇਸ ਖੇਤਰ ਵਿਚ ਕੰਮ ਕੀਤਾ, ਸਨਾਤਨੀ ਅਰਥ ਸ਼ਾਸਤਰੀ ਕਿਹਾ ਜਾਂਦਾ ਸੀ। ਸਨਾਤਨਵਾਦ ਜਾਂ ਸਨਾਤਨੀ ਅਰਥ ਸ਼ਾਸਤਰ ਤੋਂ ਕੇਨਜ਼ ਦਾ ਭਾਵ, ਅਜਿਹੇ ਕੱਟੜ ਪਰੰਪਰਾਗਤ ਆਰਥਿਕ ਸਿਧਾਂਤਾਂ ਤੋਂ ਹੈ ਜਿਹੜੇ ਪਹਿਲਾਂ ਰਿਕਾਰਡੋ ਅਤੇ ਸਮਿੱਥ ਨੇ ਪੇਸ਼ ਕੀਤੇ ਅਤੇ ਮਗਰੋਂ ਸਨਾਤਨਵਾਦ ਦੇ ਪ੍ਰਤੀਨਿਧੀਆਂ, ਜਿਵੇਂ ਕਿ ਮਿੱਲ, ਮਾਰਸ਼ਲ ਅਤੇ ਪੀਗੂ ਦੁਆਰਾ ਅਪਣਾਏ ਗਏ ਅਤੇ ਸੁਧਾਰੇ ਗਏ।

ਸਭ ਤੋਂ ਪਹਿਲਾਂ ਕਾਰਲ ਮਾਰਕਸ ਨੇ 'ਕਲਾਸੀਕਲ' ਨਾਂ ਦੀ ਵਰਤੋਂ ਕੀਤੀ। ਇਹ ਅਰਥ ਸ਼ਾਸਤਰੀ ਵੱਖ-ਵੱਖ ਗਰੁੱਪਾਂ ਨਾਲ ਸਬੰਧਤ ਸਨ ਅਤੇ ਇਨ੍ਹਾਂ ਦਾ ਪਿਛੋਕੜ ਇਕ ਦੂਜੇ ਤੋਂ ਬਿਲਕੁਲ ਭਿੰਨ ਸੀ। ਕੁਝ ਬਹੁਤ ਮਹੱਤਵਪੂਰਨ ਸਨਾਤਨੀ ਅਰਥ ਸ਼ਾਸਤਰੀ ਸਨ, ਜਿਵੇਂ ਐਡਮ ਸਮਿੱਥ, ਡੇਵਿਡ ਰਿਕਾਰਡੋ, ਟੀ.ਆਰ. ਮਾਲਥਸ ਅਤੇ ਜੇ.ਐਸ. ਮਿੱਲ ਆਦਿ। ਨਵ-ਕਲਾਸੀਕਲ ਅਰਥ ਸ਼ਾਸਤਰੀਆਂ ਵਿਚ ਐਜਵਰਥ (Edgeworth), ਮਾਰਸ਼ਲ ਅਤੇ ਪੀਗੂ ਸ਼ਾਮਲ ਸਨ ਜਿਨ੍ਹਾਂ ਨੇ ਸਨਾਤਨੀ ਗਿਆਨ ਨੂੰ ਨਾ ਸਿਰਫ ਸੋਧਿਆ, ਸਗੋਂ ਅੱਗੇ ਵੀ ਵਧਾਇਆ। ਇਥੇ ਇਹ ਵੀ ਦੱਸਣਾ ਜ਼ਰੂਰੀ ਜਾਪਦਾ ਹੈ ਕਿ ਕਲਾਸੀਕਲ ਅਰਥ ਸ਼ਾਸਤਰੀਆਂ ਨੇ ਰੋਜ਼ਗਾਰ ਦੇ ਬਾਰੇ ਵਿਚ ਕਿਸੇ ਵਿਧੀਪੂਰਨ (Systematic) ਸਿਧਾਂਤ ਦਾ ਪ੍ਰਤੀਪਾਦਨ ਨਹੀਂ ਕੀਤਾ ਸੀ। ਸਮੇਂ-ਸਮੇਂ ਤੇ ਉਨ੍ਹਾਂ ਨੇ ਜੋ ਵਿਚਾਰ ਪ੍ਰਗਟ ਕੀਤੇ ਉਨ੍ਹਾਂ ਦੀ ਮਦਦ ਨਾਲ ਰੋਜ਼ਗਾਰ ਸਬੰਧੀ ਪਰੰਪਰਾਵਾਦੀ ਜਾਂ ਕਲਾਸੀਕਲ ਸਿਧਾਂਤ ਦਾ ਨਿਰਮਾਣ ਕੀਤਾ ਜਾ ਸਕਦਾ ਹੈ।

ਸਨਾਤਨੀ ਜਾਂ ਕੇਨਜ਼ ਤੋਂ ਪਹਿਲਾਂ ਦੇ ਅਰਥ ਸ਼ਾਸਤਰੀ ਪੂਰਨ ਰੋਜ਼ਗਾਰ ਦੀ ਸਥਿਤੀ ਨੂੰ ਮੰਨ ਕੇ ਚਲਦੇ ਸਨ ਅਤੇ ਉਨ੍ਹਾਂ ਦੀ ਇਹ ਕੱਟੜ ਮਨੌਤ ਕਿ ਉਤਪਾਦਨ ਸਾਧਨਾਂ ਨੂੰ ਸਦਾ ਹੀ ਪੂਰਨ ਰੋਜ਼ ਗਾਰ ਪ੍ਰਾਪਤ ਰਹਿੰਦਾ ਹੈ, ਜੇ.ਬੀ.ਸੇ. (1767-1832) ਜੋ ਕਿ ਫਰਾਂਸ ਦਾ ਰਹਿਣ ਵਾਲਾ ਸੀ, ਦੇ ਮੰਡੀਆਂ ਦੇ ਨਿਯਮ ਉੱਤੇ ਆਧਾਰਤ ਸੀ। ਜੋ ਅਸਲ ਵਿਚ ਸਨਾਤਨੀ ਅਰਥ ਸ਼ਾਸਤਰ ਦਾ ਦਿਲ (core) ਵੀ ਕਿਹਾ ਜਾ ਸਕਦਾ ਹੈ। ਸੰਖੇਪ ਵਿਚ, ਇਹ ਨਿਯਮ ਦੱਸਦਾ ਹੈ ਕਿ ਪੂਰਤੀ ਆਪਣੀ ਮੰਗ ਆਪ ਪੈਦਾ ਕਰਦੀ ਹੈ। ਫਲਸਰੂਪ, ਅਰਥ ਵਿਵਸਥਾ ਵਿਚ, ਅਤਿ-ਉਤਪਾਦਨ (Over Production) ਅਤੇ ਸਾਧਾਰਣ ਬੇਰੋਜ਼-ਗਾਰੀ (General Unemployment) ਦੀਆਂ ਘਟਨਾਵਾਂ ਵਿਦਮਾਨ ਨਹੀਂ ਹੋ ਸਕਦੀਆਂ। ਸੇ ਦੇ ਨਿਯਮ ਅਨੁਸਾਰ, ਜਿਵੇਂ ਹੀ ਵਸਤੂ ਦਾ ਉਤਪਾਦਨ ਹੁੰਦਾ ਹੈ, ਤਿਵੇਂ ਹੀ ਉਸ ਵਸਤੂ ਦੇ ਮੁੱਲ ਦੇ ਬਰਾਬਰ ਦੂਜੀਆਂ ਵਸਤਾਂ ਦੀ ਮੰਗ ਪੈਦਾ ਹੋ ਜਾਂਦੀ ਹੈ। ਜਦ ਉਤਪਾਦਕ ਕਿਸੇ ਵਸਤੂ ਦਾ ਉਤਪਾਦਨ ਕਰਦਾ ਹੈ ਤਾਂ ਉਹ ਉਸ ਨੂੰ ਤੁਰੰਤ ਵੇਚਣਾ ਚਾਹੁੰਦਾ ਹੈ ਤਾਂ ਜੋ ਉਸ ਵਸਤੂ ਨੂੰ ਵੇਚਣ ਉਪਰੰਤ ਪ੍ਰਾਪਤ ਹੋਈ ਰਕਮ ਨਾਲ ਕਿਸੇ ਦੂਸਰੀ ਵਸਤੂ ਨੂੰ ਖਰੀਦਿਆ ਜਾ ਸਕੇ। ਇਸ ਤਰ੍ਹਾਂ ਕਿਸੇ ਵਸਤੂ ਦਾ ਉਤਪਾਦਨ ਤੁਰੰਤ ਦੂਜੀਆਂ ਵਸਤਾਂ ਦੀ ਮੰਗ ਪੈਦਾ ਕਰਦਾ ਹੈ ਅਤੇ ਅਤਿ-ਉਤਪਾਦਨ ਦਾ ਸੁਆਲ ਹੀ ਨਹੀਂ ਹੁੰਦਾ। ਕਲਾਸੀਕਲ ਅਰਥ ਸ਼ਾਸਤਰੀਆਂ ਦਾ ਕਹਿਣਾ ਸੀ ਕਿ ਜੇਕਰ ਕਿਸੇ ਕਾਰਣ ਮੰਗ ਅਤੇ ਪੂਰਤੀ ਵਿਚ ਅਸੰਤੁਲਨ ਹੋਣ ਕਾਰਨ ਅਰਥ ਵਿਵਸਥਾ ਵਿਚ ਅਤਿ-ਉਤਪਾਦਨ ਦੀ ਸਥਿਤੀ ਪੈਦਾ ਹੋ ਵੀ ਜਾਵੇ ਤਾਂ ਇਹ ਸਥਿਤੀ ਅਲਪ-ਕਾਲੀ ਹੀ ਹੁੰਦੀ ਹੈ। ਲੰਮੇ ਸਮੇਂ ਵਿਚ ਕੁੱਲ ਮੰਗ ਅਤੇ ਕੁੱਲ ਪੂਰਤੀ ਇਕ ਦੂਜੇ ਦੇ ਬਰਾਬਰ ਹੀ ਹੁੰਦੀਆਂ ਹਨ।

ਪੂਰਤੀ ਕਿਵੇਂ ਆਪਣੀ ਮੰਗ ਪੈਦਾ ਕਰਦੀ ਹੈ, ਇਸ ਨੂੰ ਇਵੇਂ ਦੱਸਿਆ ਜਾ ਸਕਦਾ ਹੈ ਕਿ ਜਦੋਂ ਕੋਈ ਉਤਪਾਦਨ ਹੁੰਦਾ ਹੈ ਤਾਂ ਉਤਪਾਦਨ ਸਾਧਨਾਂ ਨੂੰ ਉਨ੍ਹਾਂ ਦੀ ਆਪਣੀ ਦੇਣ (Contribution)

ਕਾਰਨ, ਕੁਝ ਇਵਜ਼ਾਨਾ ਮਿਲਦਾ ਹੈ ਜੋ ਉਨ੍ਹਾਂ ਦੀ ਆਮਦਨ ਹੈ। ਇਸ ਨਾਲ ਮਾਰਕੀਟ ਵਿਚ ਨਵੀਂ ਮੰਗ ਪੈਦਾ ਹੋ ਜਾਵੇਗੀ। ਸੇ ਦੇ ਆਪਣੇ ਸ਼ਬਦਾਂ ਵਿਚ, ''ਇਹ ਉਤਪਾਦਨ ਹੀ ਹੈ ਜੋ ਪਦਾਰਥਾਂ ਦੀ ਮੰਗ ਪੈਦਾ ਕਰਦਾ ਹੈ।'' ਜੇਮਜ਼ ਮਿੱਲ ਅਨੁਸਾਰ, ਉਪਭੋਗ ਉਤਪਾਦਨ ਦੇ ਨਾਲ ਰਹਿੰਦਾ ਹੈ, ਜਾਂ ਉਤਪਾਦਨ ਹੀ ਮੰਗ ਦਾ ਇਕ ਮਾਤਰ ਕਾਰਨ ਹੈ। ਸਾਰੇ ਉਤਪਾਦਕ, ਜੋ ਮਾਲ ਵੇਚਦੇ ਹਨ, ਖਰੀਦਦਾਰ ਵੀ ਹੁੰਦੇ ਹਨ। ਜੇ ਕਿਸੇ ਕਾਰਨ, ਦੇਸ਼ ਦੀ ਉਤਪਾਦਨ ਸ਼ਕਤੀ ਦੁੱਗਣੀ ਹੋ ਜਾਂਦੀ ਹੈ ਤਾਂ ਮਾਰਕਿਟ ਵਿਚ ਵਸਤਾਂ ਦੀ ਪੂਰਤੀ ਵੀ ਦੁੱਗਣੀ ਹੋ ਜਾਵੇਗੀ।

ਸੇ ਦੇ ਨਿਯਮ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਵੇਚਣ ਵਾਲਾ, ਅੰਤਿਮ ਅਰਥਾਂ ਵਿਚ ਖਰੀਦਦਾਰ ਹੁੰਦਾ ਹੈ। ਸਭ ਆਰਥਿਕ ਕ੍ਰਿਆਵਾਂ ਦਾ ਉਦੇਸ਼ ਉਪਭੋਗ ਹੈ ਜੋ ਆਮਦਨ ਤੇ ਨਿਰਭਰ ਕਰਦਾ ਹੈ। ਆਮਦਨ ਉਤਪਾਦਨ ਦਾ ਹੀ ਪ੍ਰਤੀਫਲ ਹੈ। ਹੋ ਸਕਦਾ ਹੈ ਕਿ ਸਾਧਨਾਂ ਦੀ ਗਲਤ ਵਿਵਸਥਾ ਦੇ ਫਲਸਰੂਪ ਕੁਝ ਵਸਤਾਂ ਦਾ ਉਤਪਾਦਨ ਜ਼ਿਆਦਾ ਹੋ ਜਾਵੇ। ਪਰ ਅਜਿਹੀ ਸਥਿਤੀ ਜਲਦੀ ਹੀ ਠੀਕ ਹੋ ਜਾਂਦੀ ਹੈ। ਅਸਲ ਵਿਚ ਜੇ ਅਰਥ ਵਿਵਸਥਾ ਵਿਚ ਕੋਈ ਕਮੀ ਨਾ ਆਵੇ ਤਾਂ ਅਣਇੱਛੁਕ ਬੇਰੋਜ਼ਗਾਰੀ (Involuntary Unemployment) ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਗਾਰਡਨਰ ਐਕਲੇ (Gardener Ackley) ਅਨੁਸਾਰ, ''ਲੋਕਾਂ ਦੇ ਕੰਮ ਕਰਨ ਦਾ ਉਦੇਸ਼ ਅਜਿਹੀਆਂ ਵਸਤਾਂ ਅਤੇ ਸੇਵਾਵਾਂ ਦਾ ਉਤਪਾਦਨ ਕਰਨਾ ਹੁੰਦਾ ਹੈ ਜੋ ਉਨ੍ਹਾਂ ਨੂੰ ਸੰਤੁਸ਼ਟੀ ਦੇ ਸਕਣ। ਪਰ ਲੋਕੀਂ ਆਪਣੀ ਲੋੜ ਦੀਆਂ ਸਭ ਵਸਤਾਂ ਦਾ ਉਤਪਾਦਨ ਨਹੀਂ ਕਰ ਸਕਦੇ ਕਿਉਂਕਿ ਉਹ ਸਿਰਫ਼ ਖ਼ਾਸ ਕਿਸਮ ਦੀਆਂ ਵਸਤਾਂ ਨੂੰ ਪੈਦਾ ਕਰਨ ਦੀ ਸਮਰੱਥਾ ਅਤੇ ਨਿਪੁੰਨਤਾ ਰੱਖਦੇ ਹਨ। ਇਕ ਵਿਅਕਤੀ, ਉਸ ਦੁਆਰਾ ਉਤਪਾਦਿਤ ਵਸਤਾਂ ਦਾ ਇਕ ਹਿੱਸਾ ਆਪਣੀਆਂ ਲੋੜਾਂ ਨੂੰ ਪੂਰਾ ਕਰਨ ਵਿਚ ਇਸਤੇਮਾਲ ਕਰਦਾ ਹੈ ਅਤੇ ਬਚੇ ਹੋਏ ਹਿੱਸੇ ਦਾ ਦੂਜਿਆਂ ਦੁਆਰਾ ਪੈਦਾ ਕੀਤੀਆਂ ਵਸਤਾਂ ਨਾਲ ਵਟਾਂਦਰਾ ਹੁੰਦਾ ਹੈ। ਇਸ ਤਰ੍ਹਾਂ ਉਤਪਾਦਨ ਕ੍ਰਿਆ, ਦੂਜਿਆਂ ਦੁਆਰਾ ਉਤਪਾਦਿਤ ਵਸਤਾਂ ਦੇ ਲਈ ਮੰਗ ਵੀ ਹੁੰਦੀ ਹੈ। ਕੁੱਲ ਮੰਗ, ਕੁੱਲ ਪੂਰਤੀ ਦੇ ਬਰਾਬਰ ਹੋਣੀ ਚਾਹੀਦੀ ਹੈ। ਜੇ ਕਿਸੇ ਗਲਤੀ ਕਾਰਨ ਕਿਸੇ ਖਾਸ ਉਦਯੋਗ ਦੇ ਉਤਪਾਦਨ ਦੇ ਸਬੰਧ ਵਿਚ ਅਤਿ-ਉਤਪਾਦਨ ਹੋ ਜਾਂਦਾ ਹੈ ਤਾਂ ਇਹ ਆਪਣੇ ਆਪ ਠੀਕ ਹੋ ਜਾਂਦਾ ਹੈ, ਕਿਉਂਕਿ ਇਸ ਨਾਲ ਵਪਾਰੀਆਂ ਨੂੰ ਹਾਨੀ ਹੁੰਦੀ ਹੈ ਅਤੇ ਉਹ ਉਨ੍ਹਾਂ ਵਸਤਾਂ ਦਾ ਉਤਪਾਦਨ ਕਰਨਾ ਸ਼ੁਰੂ ਕਰ ਦਿੰਦੇ ਹਨ ਜਿਨ੍ਹਾਂ ਨੂੰ ਵੇਚ ਸਕਦੇ ਹਨ।'' ਰਿਕਾਰਡੋ ਅਤੇ ਮਿੱਲ ਨੇ ਸੇ ਦਾ ਸਮਰਥਨ ਕੀਤਾ, ਕਿਉਂਕਿ ਉਨ੍ਹਾਂ ਦਾ ਆਪਣਾ ਵਿਚਾਰ ਵੀ ਇਹੋ ਸੀ ਕਿ ਮਾਰਕਿਟ ਵਿਚ ਆਮ ਅਤਿ-ਉਤਪਾਦਨ (general glut) ਨਹੀਂ ਹੋ ਸਕਦਾ। ਐਫ.ਐਮ. ਟੇਲਰ (F.M. Taylor) ਨੇ ਸੇ ਦੇ ਨਿਯਮ ਦਾ ਸਮਰਥਨ ਕਰਦੇ ਹੋਏ ਕਿਹਾ ਹੈ ਕਿ ਵਪਾਰਕ ਮੰਦੇ (Business Depression), ਸੇ ਦੇ ਨਿਯਮ ਨੂੰ ਗਲਤ ਸਾਬਤ ਨਹੀਂ ਕਰਦੇ। ਉਸ ਨੇ ਦੱਸਿਆ ਹੈ ਕਿ ਥੋੜ੍ਹੇ ਸਮੇਂ ਵਿਚ ਵਸਤਾਂ ਦੇ ਵਟਾਂਦਰੇ ਦੀ ਨਿਰਵਿਘਨ ਅਤੇ ਸਵੈਚਾਲਕ ਵਿਧੀ ਥੋੜ੍ਹ-ਚਿਰੀ ਖਲਬਲੀ (Disturbance) ਦੇ ਕਾਰਨ ਟੁੱਟ ਸਕਦੀ ਹੈ, ਪਰੰਤੂ ਇਹ ਸੇ ਦੇ ਨਿਯਮ ਥੱਲੇ ਕੰਮ ਕਰਨ ਵਾਲੀਆਂ ਬੁਨਿਆਦੀ ਤਾਕਤਾਂ ਦੀ ਪ੍ਰਭਾਵਕਤਾ, ਜੋ ਪੂਰਨ ਰੋਜ਼ਗਾਰੀ ਦੇ ਪੱਧਰ ਤੇ ਆਪਣੇ ਆਪ ਸਮਾਯੋਜਨ ਕਰਾਉਣ ਦੀ ਪ੍ਰਵਿਰਤੀ ਰੱਖਦੀਆਂ ਹਨ, ਅਪ੍ਰਮਾਣਕ ਨਹੀਂ ਠਹਿਰਾਉਂਦੀ।

**ਸਵੈ ਅਧਿਐਨ ਪ੍ਰਸ਼ਨ**

1 ਪਰੰਪਰਾਵਾਦੀ ਅਰਥ ਸ਼ਾਸਤਰ ਦੇ ਬੁਨਿਆਦੀ ਸਿਧਾਂਤ ਨੂੰ ਬਿਆਨ ਕਰੋ।

### 1.2.3 ਵਸਤੂ ਵਟਾਂਦਰਾ ਅਤੇ ਮੁਦਰਕ ਅਰਥ ਵਿਵਸਥਾਵਾਂ ਵਿਚ ਸੇ ਦਾ ਨਿਯਮ :-

ਵਸਤੂ ਵਟਾਂਦਰਾ ਪ੍ਰਣਾਲੀ (Barter Economy) ਵਿਚ ਸੇ ਦਾ ਨਿਯਮ ਹਮੇਸ਼ਾ ਠੀਕ ਉਤਰਦਾ ਹੈ। ਅਜਿਹੀ ਅਰਥ ਵਿਵਸਥਾ ਵਿਚ ਕੀਮਤਾਂ ਦਾ ਅਨੁਪਾਤ ਅਜਿਹਾ ਹੁੰਦਾ ਹੈ ਕਿ ਮਾਰਕਿਟ ਵਿਚ ਵਾਧੂ ਵਸਤਾਂ ਨਹੀਂ ਰਹਿੰਦੀਆਂ। ਜੇ ਇਕ ਵਸਤੂ ਦੀ ਕੀਮਤ, ਦੂਜੀ ਨਾਲੋਂ ਜ਼ਿਆਦਾ ਹੁੰਦੀ ਹੈ ਤਾਂ ਘੱਟ ਕੀਮਤ ਵਾਲੀਆਂ ਵਸਤਾਂ ਦੇ ਉਤਪਾਦਨ ਵਲੋਂ ਸਾਧਨ, ਵੱਧ ਕੀਮਤ ਵਾਲੀਆਂ ਵਸਤਾਂ ਦੇ ਉਤਪਾਦਨ ਵੱਲ ਬਦਲੇ ਜਾਂਦੇ ਹਨ। ਇਸ ਤਰ੍ਹਾਂ ਕੀਮਤਾਂ ਦੀ ਬਰਾਬਰੀ ਦੀ ਕ੍ਰਿਆ ਸ਼ੁਰੂ ਹੋ ਜਾਂਦੀ ਹੈ ਅਤੇ ਮੰਡੀ ਵਿਚ ਸਮਤੋਲ ਕੀਮਤ ਸਥਾਪਤ ਹੋ ਜਾਂਦੀ ਹੈ, ਜਿਹੜੀ ਵਸਤੂ ਵਟਾਂਦਰਾ ਅਰਥ ਵਿਵਸਥਾ ਦੇ ਵਿਚ ਇਕ ਗੱਲ ਯਕੀਨੀ ਬਣਾਉਂਦੀ ਹੈ ਕਿ ਸਾਰੀਆਂ ਵਸਤਾਂ ਦਾ ਕਿਸੇ ਧਨਾਤਮਕ ਕੀਮਤ ਤੇ ਜਾਂ ਤਾਂ ਉਪਭੋਗ ਕਰ ਲਿਆ ਜਾਂਦਾ ਹੈ ਜਾਂ ਵਿਨਿਯਮ ਕੀਤਾ ਜਾਂਦਾ ਹੈ।

ਸਨਾਤਨੀ ਅਰਥ ਸ਼ਾਸਤਰੀਆਂ ਦਾ ਵਿਚਾਰ ਸੀ ਕਿ ਸੇ ਦਾ ਨਿਯਮ ਉਨਾਂ ਹੀ ਠੀਕ ਉਤਰਦਾ ਹੈ ਜਿੰਨਾਂ ਵਸਤੂ ਵਟਾਂਦਰਾ ਪ੍ਰਣਾਲੀ ਵਿਚ, ਜੇ ਵਿਆਖਿਆ ਕਰਦੇ ਹੋਏ ਮੁਦਰਾ ਨੂੰ ਧਿਆਨ ਅਧੀਨ ਲੈ ਲਿਆ ਜਾਏ। ਇੱਕ ਮੁਦਰਕ ਅਰਥ ਅਵਸਥਾ ਵਿਚ, ਸੇ ਦੇ ਨਿਯਮ ਦੀ ਇਵੇਂ ਵਿਆਖਿਆ ਕੀਤੀ ਜਾ ਸਕਦੀ ਹੈ ਕਿ ਮੁਦਰਾ ਆਪਣੇ ਆਪ ਅਤੇ ਲਗਾਤਾਰ ਉਸੇ ਦਰ ਨਾਲ ਖਰਚੀ ਜਾਵੇਗੀ, ਜਿਸ ਦਰ ਨਾਲ ਇਸ ਦੀ ਉਤਪਾਦਨ ਕ੍ਰਿਆ (Act of Production) ਦੁਆਰਾ ਉਤਪਤੀ ਹੁੰਦੀ ਹੈ। ਕਲਾਸੀਕਲ ਅਰਥ ਸ਼ਾਸਤਰੀਆਂ ਦੀ ਇਕ ਲੰਬੀ ਕਤਾਰ ਦਾ ਵਿਸ਼ਵਾਸ਼ ਸੀ ਕਿ ਭਾਵੇਂ ਸ਼ੁਰੂ ਵਿਚ ਸੇ ਦਾ ਨਿਯਮ, ਵਸਤੂ ਵਟਾਂਦਰਾ ਅਰਥ ਵਿਵਸਥਾ ਲਈ ਪੇਸ਼ ਕੀਤਾ ਗਿਆ ਸੀ, ਫਿਰ ਵੀ, ਇਹ ਨਿਯਮ ਮੁਦਰਿਕ ਅਵਸਥਾ ਵਿਚ ਉਨਾਂ ਹੀ ਲਾਗੂ ਹੋਣ ਵਿਚ ਕੋਈ ਰੁਕਾਵਟ ਨਹੀਂ ਪਾਉਂਦਾ। ਉਹ ਕਹਿੰਦੇ ਸਨ, ਕਿ ਸਿਰਫ ਕੰਜੂਸ ਵਿਅਕਤੀ ਨੂੰ ਹੀ ਮੁਦਰਾ, ਉਸ ਦੀ ਵਰਤੋਂ ਦੀ ਬਜਾਏ, ਮੁਦਰਾ ਲਈ ਚਾਹੀਦੀ ਹੈ।

ਇਸ ਤਰ੍ਹਾਂ ਸੇ ਦੇ ਨਿਯਮ ਦੇ ਪ੍ਰਸਤੁਤਕਰਤਾਵਾਂ (Proponents) ਅਨੁਸਾਰ, ਸੇ ਦਾ ਨਿਯਮ ਦੋਵੇਂ ਕਿਸਮ ਦੀਆਂ ਅਰਥ ਵਿਵਸਥਾਵਾਂ, ਵਸਤੂ ਵਟਾਂਦਰਾ ਜਾਂ ਮੁਦਰਿਕ, ਵਿਚ ਠੀਕ ਸਾਬਤ ਹੁੰਦਾ ਹੈ। ਇਹ ਦੱਸਣਾ, ਕਿ ਜੋ ਆਮਦਨ ਪ੍ਰਾਪਤ ਹੁੰਦੀ ਹੈ, ਸਦਾ ਉਪਭੋਗ ਅਤੇ ਨਿਵੇਸ਼ ਉਤੇ ਹੀ ਖਰਚ ਕੀਤੀ ਜਾਂਦੀ ਹੈ, ਅਰਥਾਤ ਮੁਦਰਾ ਨੂੰ ਜਮ੍ਹਾਂ ਕਰਨ ਦੇ ਕੰਮ ਨਹੀਂ ਲਿਆਂਦਾ ਜਾਂਦਾ। ਮੁਦਰਾ ਖਰਚ ਦਾ ਪ੍ਰਵਾਹ (MV) ਨਿਰਪੱਖ ਰਹਿੰਦਾ ਹੈ। ਮੁਦਰਾ ਤਾਂ ਵਟਾਂਦਰੇ ਦੀ ਕ੍ਰਿਆ ਨੂੰ ਸੌਖਾ ਕਰਨ ਵਾਲੀ ਹੈ ਜੋ ਸਿਰਫ ਵਸਤੂ ਵਟਾਂਦਰਾ ਪ੍ਰਣਾਲੀ ਦੀਆਂ ਔਕੜਾਂ ਨੂੰ ਦੂਰ ਕਰਦੀ ਹੈ। ਇਸ ਤਰ੍ਹਾਂ ਮੁਦਰਿਕ ਅਰਥ ਵਿਵਸਥਾ ਉਵੇਂ ਹੀ ਕੰਮ ਕਰਦੀ ਹੈ ਜਿਵੇਂ ਵਸਤੂ ਵਟਾਂਦਰਾ ਅਰਥ ਵਿਵਸਥਾ, ਕਿਉਂਕਿ ਸਿਆਣੇ (Rational) ਵਿਅਕਤੀ ਰੁਪਏ ਨੂੰ ਕਦੇ ਵਿਹਲਾ ਨਹੀਂ ਰੱਖਦੇ ਸਗੋਂ ਧਨਾਤਮਕ ਕੀਮਤ ਤੇ ਉਧਾਰ ਦੇ ਦਿੰਦੇ ਹਨ ਜਾਂ ਨਿਵੇਸ਼ ਕਰਦੇ ਹਨ ਅਤੇ ਲਾਭ ਕਮਾਉਂਦੇ ਹਨ। ਇਸ ਤਰ੍ਹਾਂ ਵਸਤੂ ਵਟਾਂਦਰਾ ਅਤੇ ਮੁਦਰਕ ਅਰਥ ਵਿਵਸਥਾ, ਦੋਹਾਂ ਵਿਚ ਵਿਕਰੀ ਅਤੇ ਖਰੀਦ ਦੀ ਬਰਾਬਰੀ (Identity) ਬਣੀ ਰਹਿੰਦੀ ਹੈ।

#### 1.2.3.1 ਸੇ ਦੇ ਨਿਯਮ ਦੀਆਂ ਪੂਰਵ-ਕਲਪਨਾਵਾਂ (Presumptions of Say's Law) :-

1. ਅਰਥ ਵਿਵਸਥਾ ਵਿਚ ਪੂਰਨ ਪ੍ਰਤੀਯੋਗਤਾ ਦੀਆਂ ਹਾਲਤਾਂ ਵਿਦਮਾਨ ਹੋਣੀਆਂ ਚਾਹੀਦੀਆਂ ਹਨ।
2. ਮੁਦਰਾ ਸਿਰਫ਼ ਵਸਤਾਂ ਦੇ ਵਿਨਿਯਮ ਦਾ ਹੀ ਕਾਰਜ ਕਰਦੀ ਹੈ।

3. ਅਰਥ ਵਿਵਸਥਾ ਵਿਚ ਸਰਕਾਰ ਵਲੋਂ ਕਿਸੇ ਕਿਸਮ ਦੀ ਦਖਲ-ਅੰਦਾਜ਼ੀ ਨਹੀਂ ਹੋਣੀ ਚਾਹੀਦੀ।
4. ਕੀਮਤਾਂ, ਮਜ਼ਦੂਰੀ ਅਤੇ ਵਿਆਜ ਦੀ ਦਰ ਲੋਚਸ਼ੀਲ ਹੋਣੀ ਚਾਹੀਦੀ ਹੈ।
5. ਮੰਡੀ ਦਾ ਆਕਾਰ ਅਸੀਮਤ ਹੁੰਦਾ ਹੈ ਅਤੇ ਕਿਸੇ ਵੀ ਹੱਦ ਤੱਕ ਇਹ ਫੈਲ ਸਕਦਾ ਹੈ।
6. ਆਮਦਨ ਦਾ ਲਗਾਤਾਰ ਪ੍ਰਵਾਹ ਚਲਦਾ ਰਹਿੰਦਾ ਹੈ ਜੋ ਕਿ ਕੁਝ ਉਪਭੋਗ ਅਤੇ ਕੁਝ ਨਿਵੇਸ਼ ਉੱਤੇ ਖਰਚ ਕੀਤਾ ਜਾਂਦਾ ਹੈ। ਬੱਚਤ, ਖਰਚ ਦਾ ਦੂਜਾ ਰੂਪ ਹੈ, ਜੋ ਨਿਵੇਸ਼ ਪਦਾਰਥਾਂ ਤੇ ਖਰਚ ਕਰ ਦਿੱਤਾ ਜਾਂਦਾ ਹੈ।
7. ਲੰਮਾ ਸਮਾਂ (Long Period)।

### 1.2.3.2 ਸੇ ਦੇ ਨਿਯਮ ਦਾ ਪੀਗੂ ਦੁਆਰਾ ਪ੍ਰਤੀਪਾਦਨ (Pigouvian Formulation of Say's Law) :

ਪ੍ਰੋ. ਪੀਗੂ ਨੇ ਸੇ ਦੇ ਨਿਯਮ ਦੇ ਆਧਾਰ ਤੇ ਰੋਜ਼ਗਾਰੀ ਸਿਧਾਂਤ ਦਾ ਪ੍ਰਤੀਪਾਦਨ ਕੀਤਾ ਹੈ। ਪੀਗੂ ਅਨੁਸਾਰ ਪੂਰਨ ਪ੍ਰਤੀਯੋਗਤਾ ਦੀ ਹਾਲਤ ਵਿਚ ਅਰਥ ਵਿਵਸਥਾ ਦੀ ਪ੍ਰਵਿਰਤੀ ਪੂਰਨ ਰੋਜ਼ਗਾਰ ਸਥਾਪਿਤ ਕਰਨ ਦੀ ਹੁੰਦੀ ਹੈ। ਪੀਗੂ ਅਨੁਸਾਰ, ਖੁੱਲ੍ਹੀ ਪ੍ਰਤੀਯੋਗਤਾ ਦੇ ਅੰਤਰਗਤ ਮਜ਼ਦੂਰੀ ਨੂੰ ਘੱਟ ਕਰਕੇ, ਅਣਇੱਛਕ ਬੇਰੋਜ਼ਗਾਰੀ ਨੂੰ ਦੂਰ ਕੀਤਾ ਜਾ ਸਕਦਾ ਹੈ। ਉਸ ਦਾ ਕਹਿਣਾ ਹੈ ਕਿ ਕ੍ਰਿਤ ਮੰਡੀ ਵਿਚ ਆਮ ਬੇਰੋਜ਼ਗਾਰੀ ਨਹੀਂ ਹੋ ਸਕਦੀ, ਜੇ ਮਜ਼ਦੂਰ ਆਪਣੀ ਸੀਮਾਂਤ ਉਤਪਾਦਿਕਤਾ ਦੇ ਬਿਲਕੁਲ ਬਰਾਬਰ ਮਜ਼ਦੂਰੀ ਲੈਣੀ ਸਵੀਕਾਰ ਕਰ ਲੈਣ। ਪੀਗੂ ਅਨੁਸਾਰ ਬੇਰੋਜ਼ਗਾਰੀ ਦੇ ਹੋਣ ਦਾ ਕਾਰਨ ਹੈ ਕਿ ਮਜ਼ਦੂਰੀ ਜ਼ਿਆਦਾ ਹੈ। ਇਸ ਤਰ੍ਹਾਂ ਬੇਰੋਜ਼ਗਾਰੀ ਨੂੰ ਦੂਰ ਕਰਨ ਦੇ ਲਈ ਮਜ਼ ਦੂਰੀ ਦੀ ਦਰ ਨੂੰ ਘਟਾ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਸਨਾਤਨੀ ਅਰਥ ਸ਼ਾਸਤਰੀਆਂ ਦਾ ਖਿਆਲ ਸੀ ਕਿ ਬੇਰੋਜ਼ਗਾਰੀ ਦਾ ਲੰਮੇ ਸਮੇਂ ਤੱਕ ਰਹਿਣ ਦਾ ਕਾਰਨ, ਮਜ਼ਦੂਰ ਮੰਡੀ ਵਿਚ ਪਾਈਆਂ ਜਾਣ ਵਾਲੀਆਂ ਅਪੂਰਨਤਾਵਾਂ (Imperfections) ਕਾਰਨ ਮਜ਼ਦੂਰੀ ਦੀ ਕਠੋਰਤਾ ਹੈ। ਪੀਗੂ ਅਨੁਸਾਰ ਅਜਿਹੀਆਂ ਹਾਲਤਾਂ ਪਹਿਲੇ ਵਿਸ਼ਵ ਯੁੱਧ ਤੋਂ ਪਹਿਲਾਂ ਪਾਈਆਂ ਜਾਂਦੀਆਂ ਸਨ ਅਤੇ ਸਿੱਟੇ ਵਜੋਂ ਬੇਕਾਰੀ, ਜੇ ਪਾਈ ਜਾਂਦੀ ਸੀ ਤਾਂ ਸਿਰਫ ਥੋੜ੍ਹੇ ਚਿਰ ਲਈ। ਯੁੱਧ ਤੋਂ ਬਾਅਦ ਹਾਲਾਤ ਬਦਲ ਗਏ ਅਤੇ ਮਜ਼ਦੂਰ ਮੰਡੀ ਵਿਚ ਕੰਮ ਕਰ ਰਹੀਆਂ ਪ੍ਰਤੀਯੋਗੀ ਤਾਕਤਾਂ ਨੂੰ ਕਮਜ਼ੋਰ ਕਰਨ ਵਾਲੀਆਂ ਕੁਝ ਨਵੀਆਂ ਤਾਕਤਾਂ ਨੇ ਜਨਮ ਲਿਆ, ਜਿਵੇਂ ਕਿ ਘੱਟੋ-ਘੱਟ ਮਜ਼ਦੂਰੀ ਦੇ ਨਿਯਮ, ਸਮੂਹਿਕ ਸੌਦੇਬਾਜ਼ੀ, ਮਜ਼ਦੂਰ ਸੰਘਾਂ ਦਾ ਵਿਕਾਸ, ਮਜ਼ਦੂਰਾਂ ਅਤੇ ਮਾਲਕਾਂ ਵਿਚ ਬੇਕਾਰੀ, ਬੀਮਾ ਪ੍ਰਬੰਧ, ਗਰੁੱਪ ਦਬਾਅ ਅਤੇ ਸਰਕਾਰੀ ਦਖਲ-ਅੰਦਾਜ਼ੀ ਆਦਿ। ਇਨ੍ਹਾਂ ਕਾਰਨਾਂ ਨੇ ਮਜ਼ਦੂਰੀ ਮੰਡੀ ਨੂੰ ਕਾਫੀ ਹੱਦ ਤੱਕ ਅਪੂਰਨ ਬਣਾਇਆ ਹੈ ਅਤੇ ਬੇਰੋਜ਼ਗਾਰੀ ਦੀ ਸੰਭਾਵਨਾਂ ਵਧੀ ਹੈ। ਇਸ ਤਰ੍ਹਾਂ ਦੀ ਬੇਰੋਜ਼ਗਾਰੀ ਨੂੰ ਮਜ਼ਦੂਰੀ ਦੀ ਦਰ ਵਿਚ ਕਟੌਤੀ ਕਰ ਕੇ ਦੂਰ ਨਹੀਂ ਕੀਤਾ ਜਾ ਸਕਦਾ। ਪੀਗੂ ਨੇ ਕਦੇ ਵੀ ਸੇ ਦੇ ਨਿਯਮ ਤੇ ਕੋਈ ਸਿੱਧੀ ਚੋਟ ਨਹੀਂ ਕੀਤੀ, ਇਸ ਕਰਕੇ ਨਹੀਂ ਕਿ ਉਸ ਨੂੰ ਇਸ ਦੀ ਮੌਲਿਕਤਾ ਬਾਰੇ ਕੋਈ ਸ਼ੱਕ ਸੀ, ਸਗੋਂ ਇਹ ਇਸ ਕਰਕੇ ਕਿ ਸੇ ਦੇ ਨਿਯਮ ਦਾ ਪਰੰਪਰਾਗਤ (orthodox) ਪ੍ਰਤੀਪਾਦਨ, ਜਿਸ ਸਮਾਜ ਵਿਚ ਪੀਗੂ ਰਹਿੰਦਾ ਸੀ, ਉਸ ਲਈ ਢੁਕਵਾਂ ਨਹੀ ਸੀ।

### 1.2.3.3 ਸੇ ਦੇ ਨਿਯਮ ਦਾ ਆਲੋਚਨਾਤਮਕ ਜਾਇਜ਼ਾ (Critical Appraisal of Say's Law) :-

ਸਭ ਤੋਂ ਪਹਿਲਾਂ ਕੇਨਜ਼ ਨੇ ਹੀ ਸੇ ਦੇ ਨਿਸਮ ਨੂੰ ਰੱਦ (Reject) ਨਹੀਂ ਕੀਤਾ, ਸਗੋਂ ਮਾਲਥਸ ਅਤੇ ਸਿਸਮੌਡੀ (Sismondi) ਦੇ ਵਿਚਾਰ ਵੀ ਸੇ ਦੇ ਵਿਚਾਰਾਂ ਤੋਂ ਉਲਟ ਰਹੇ ਹਨ। ਸ਼ੁਰੂ ਦੇ

ਸਮਾਜਵਾਦੀਆਂ (ਮਾਰਕਸ ਅਤੇ ਏਂਜਲਸ) ਅਤੇ ਹਾਬਸਨ (Hobson) ਵਰਗੇ ਅਲਪ ਉਪਭੋਗ (Under Consumption) ਅਰਥ ਸ਼ਾਸਤਰੀਆਂ ਨੇ ਵੀ ਇਸੇ ਤੇ ਚੋਟ ਕੀਤੀ। ਫਰਾਂਸ ਅਤੇ ਅਫਤਾਲੀਆ (Aftalian) ਨੇ ਸੰਯੁਕਤ ਰਾਜਾਂ ਵਿਚ ਜੇ.ਐਮ. ਕਲਰਕ ਨੇ, ਨਵ-ਇੰਗਲੈਂਡ ਵਿਚ ਡੀ.ਐਚ. ਰਾਬਰਟਸਨ ਨੇ ਇਸ ਤੇ ਚੋਟ ਕੀਤੀ। ਹੈਬਰਲਰ ਅਨੁਸਾਰ ਸੇ ਦੇ ਨਿਯਮ ਦਾ ਖੰਡਨ ਨਵ-ਕਲਾਸੀਕਲ ਅਰਥ ਸ਼ਾਸਤਰੀਆਂ ਨੇ ਕੇਨਜ਼ ਤੋਂ ਬਹੁਤ ਸਮਾਂ ਪਹਿਲਾਂ ਕੀਤਾ। ਪਰੰਤੂ ਫਿਰ ਵੀ ਅਸੀਂ ਕਹਿ ਸਕਦੇ ਹਾਂ ਕਿ ਇਹ ਕੇਨਜ਼ ਹੀ ਸੀ ਜਿਸ ਨੇ ਇਸ ਨੂੰ ਪੂਰਨ ਰੂਪ ਵਿਚ ਬਿਨਾਂ ਸ਼ਰਤ (qualification) ਦੇ ਇਸ ਆਧਾਰ ਉਤੇ ਰੱਦ ਕੀਤਾ ਕਿ ਕੁੱਲ ਮੰਗ ਜ਼ਰੂਰੀ ਨਹੀਂ ਸੀ ਕਿ ਕੁੱਲ ਪੂਰਤੀ ਦੇ ਸਦਾ ਬਰਾਬਰ ਹੋਵੇ। ਸੇ ਦੇ ਨਿਯਮ ਦੀ ਕੇਨਜ਼ ਨੇ ਹੇਠ ਦਿੱਤੇ ਅਨੁਸਾਰ ਆਲੋਚਨਾ ਕੀਤੀ :

1. ਸੇ ਦਾ ਨਿਯਮ ਇਹ ਮੰਨ ਕੇ ਚਲਦਾ ਹੈ ਕਿ ਕਮਾਈ ਹੋਈ ਆਮਦਨ ਆਪਣੇ ਆਪ ਹੀ ਉਸ ਦਰ ਨਾਲ ਖਰਚ ਕੀਤੀ ਜਾਂਦੀ ਹੈ ਜਿਸ ਨਾਲ ਦੇਸ਼ ਦੇ ਸਾਰੇ ਉਤਪਾਦਕ ਸਾਧਨਾਂ ਨੂੰ ਪੂਰਨ ਰੋਜ਼ਗਾਰ ਪ੍ਰਾਪਤ ਰਹਿੰਦਾ ਹੈ। ਆਮਦਨ ਅਤੇ ਖਰਚ ਦਾ ਚੱਕਰੀ ਵਹਾਓ ਉਵੇਂ ਬਣਿਆ ਰਹਿੰਦਾ ਹੈ ਅਤੇ ਉਸ ਵਿਚ ਕੋਈ ਕਮੀ ਆਉਣ (Leakage) ਦੀ ਗੁੰਜਾਇਸ਼ ਨਹੀਂ ਹੁੰਦੀ। ਪਰੰਤੂ ਇਸ ਦੇ ਉਲਟ ਕੇਨਜ਼ ਨੇ ਦੱਸਿਆ ਕਿ ਜੀਵਨ ਦੇ ਅਸਲ ਤੱਥ ਇਸ ਗੱਲ ਦਾ ਸਮਰਥਨ ਨਹੀ ਕਰਦੇ ਸਗੋਂ ਕੁੱਲ ਮੰਗ, ਕੁੱਲ ਪੂਰਤੀ ਤੋਂ ਪਿੱਛੇ ਰਹਿ ਜਾਂਦੀ ਹੈ, ਕਿਉਂਕਿ ਜੋ ਵੀ ਆਮਦਨ ਹੁੰਦੀ ਹੈ ਉਹ ਸਾਰੀ ਖ਼ਰਚ ਨਹੀ ਹੁੰਦੀ, ਸਗੋਂ ਰੁਪਏ ਦੇ ਮੁੱਲ ਭੰਡਾਰ ਕਾਰਜ (Store value function) ਕਾਰਨ ਉਹ ਬੱਚਤ ਦੇ ਰੂਪ ਵਿਚ ਰਹਿ ਜਾਂਦੀ ਹੈ।

2. ਸੇ ਦੇ ਨਿਯਮ ਦੀ ਆਲੋਚਨਾ ਕਰਦੇ ਹੋਏ ਕੇਨਜ਼ ਨੇ ਆਪਣੀ ਰਾਇ ਦਿੱਤੀ ਕਿ ਜੋ ਵੀ ਮੌਜੂਦਾ ਆਮਦਨ ਵਿਚੋਂ ਬਚਾਇਆ ਜਾਂਦਾ ਹੈ, ਉਹ ਨਿਵੇਸ਼ ਤੇ ਖ਼ਰਚ ਨਹੀਂ ਹੁੰਦਾ, ਕਿਉਂਕਿ ਨਿਵੇਸ਼ ਲਈ ਅਸੀਮਿਤ ਮੌਕੇ ਪ੍ਰਾਪਤ ਨਹੀਂ ਹੁੰਦੇ ਅਤੇ ਬਚਾਇਆ ਹੋਇਆ ਰੁਪਿਆ, ਭਵਿੱਖੀ ਮੁਸੀਬਤਾਂ ਜਾਂ ਲੋੜਾਂ ਲਈ ਜਮ੍ਹਾਂ ਕਰਕੇ ਜਾਂ ਨਕਦੀ ਦੇ ਰੂਪ ਵਿਚ ਵੀ ਰੱਖਿਆ ਜਾ ਸਕਦਾ ਹੈ। ਇਸ ਤਰ੍ਹਾਂ ਮੁਦਰਾ ਦੇ ਮੁੱਲ ਭੰਡਾਰ ਸੰਬੰਧੀ ਕੰਮ ਨੂੰ ਸੇ ਨੇ ਅੱਖੋਂ ਓਹਲੇ ਕੀਤਾ, ਜਿਸ ਕਾਰਨ ਕੇਨਜ਼ ਨੇ ਉਸਦੀ ਆਲੋਚਨਾ ਕੀਤੀ।

3. 1929-33 ਦੀ ਮੰਦੀ ਵੀ, ਸੇ ਦੇ ਨਿਯਮ ਦੀ ਆਲੋਚਨਾ ਦਾ ਕਾਰਣ ਬਣੀ ਕਿਉਂਕਿ ਉਸ ਸਮੇਂ ਦੀ ਕਮੀ ਕਾਰਨ ਫੈਕਟਰੀਆਂ ਵਿਚ ਭੰਡਾਰ, ਅਤੇ ਸਿੱਟੇ ਵਜੋਂ ਬੇਕਾਰੀ ਵਧਦੀ ਗਈ।

4. ਕੇਨਜ਼ ਨੇ ਸੇ ਦੇ ਨਿਯਮ ਦਾ, ਜੋ ਪੀਗੂ ਦੁਆਰਾ ਪ੍ਰਤੀਪਾਦਨ ਕੀਤਾ ਗਿਆ, ਉਸ ਦੀ ਆਲੋਚਨਾ ਕੀਤੀ ਅਤੇ ਦੱਸਿਆ ਕਿ ਮਜ਼ਦੂਰੀ ਦੋ ਧਾਰੀ ਤਲਵਾਰ ਹੈ। ਇਹ ਨਾ ਸਿਰਫ ਉਤਪਾਦਨ ਦੀ ਲਾਗਤ ਦਾ ਹੀ ਹਿੱਸਾ ਹੈ, ਸਗੋਂ ਮਜ਼ਦੂਰਾਂ ਦੀ ਆਮਦਨ ਜਾਂ ਖਰੀਦ ਸ਼ਕਤੀ ਵੀ ਹੈ। ਇਸ ਤਰ੍ਹਾਂ ਮਜ਼ਦੂਰੀ ਦੀ ਦਰ ਨੂੰ ਘੱਟ ਕਰਕੇ ਰੋਜ਼ਗਾਰ ਨੂੰ ਵਧਾਇਆ ਨਹੀਂ ਜਾ ਸਕਦਾ ਸਗੋਂ ਮਜ਼ਦੂਰ ਦੀ ਮਜ਼ਦੂਰੀ ਘਟਣ ਕਾਰਨ, ਪ੍ਰਭਾਵਸ਼ਾਲੀ ਮੰਗ ਦੇ ਘਟਣ ਤੇ ਰੋਜ਼ਗਾਰ ਪੱਧਰ ਘੱਟ ਜਾਂਦਾ ਹੈ।

5. ਕੇਨਜ਼ ਨੇ ਵਿਆਜ ਦਰ ਦੀ ਲੋਚਸ਼ੀਲਤਾ ਨੂੰ ਵੀ ਬੱਚਤ ਅਤੇ ਨਿਵੇਸ਼ ਵਿੱਚ ਬਰਾਬਰੀ ਲਿਆਉਣ ਵਾਲੀ ਨਹੀਂ ਸਮਝਿਆ ਸਗੋਂ ਉਸ ਨੇ ਦੱਸਿਆ ਕਿ ਇਹ ਬਰਾਬਰੀ ਤਾਂ ਆਮਦਨ ਦੇ ਪੱਧਰ ਵਿਚ ਤਬਦੀਲੀ ਆਉਣ ਕਾਰਨ ਸਥਾਪਤ ਹੁੰਦੀ ਹੈ।

6. ਸਨਾਤਨੀ ਅਰਥ ਸ਼ਾਸਤਰੀਆਂ ਦੀ ਮੁਕਤ ਬਜ਼ਾਰ (Free Market) ਦੀ ਆਧਾਰ-ਭੂਤ ਮਨੌਤ ਵੀ ਅਸਲੀਅਤ ਵਿਚ ਨਹੀਂ ਮਿਲਦੀ ਅਤੇ ਜੀਵਨ ਵਿਚ, ਭਾਵੇਂ ਉਹ ਵਸਤੂ ਮੰਡੀ ਹੋਵੇ ਜਾਂ ਸਾਧਨਾਂ ਦੀ ਮੰਡੀ ਹੋਵੇ, ਏਕਾਧਿਕਾਰ ਜਾਂ ਅਪੂਰਨ ਮੁਕਾਬਲੇ ਦੀ ਹਾਲਤ ਪਾਈ ਜਾਂਦੀ ਹੈ। ਅਜਿਹੀਆਂ ਅਪੂਰਨਤਾਵਾਂ ਦੀ ਹਾਲਤ ਵਿਚ ਸੇ ਦਾ ਨਿਯਮ ਕੰਮ ਨਹੀਂ ਕਰਦਾ।

**ਸਵੈ ਅਧਿਐਨ ਪ੍ਰਸ਼ਨ**

1. ਸੇ ਦੇ ਨਿਯਮਾਂ ਬਾਰੇ ਸੰਖੇਪ ਵਿੱਚ ਲਿਖੋ।

### 1.2.3.4 ਵਰਤਮਾਨ ਹਾਲਤਾਂ ਵਿਚ ਸੇ ਦਾ ਨਿਯਮ (Say's Law in Modern Times)

ਉਪਰੋਕਤ ਵਿਵਰਣ ਤੋਂ ਸਾਫ਼ ਨਜ਼ਰ ਆਉਂਦਾ ਹੈ ਕਿ ਵਸਤੂ ਵਟਾਂਦਰਾ ਅਰਥ ਵਿਵਸਥਾਵਾਂ ਦੇ ਸਮੇਂ ਤੋਂ ਸੇ ਦੇ ਨਿਯਮ ਦੀ ਭਾਵੇਂ ਕਿੰਨੀ ਕਦਰ ਸੀ ਪਰੰਤੂ ਅੱਜ ਦੇ ਸਮੇਂ ਵਿਚ ਉਹ ਗੱਲ ਉਵੇਂ ਨਹੀਂ ਹੁੰਦੀ। ਅਜੋਕੇ ਅਰਥ ਸ਼ਾਸਤਰੀਆਂ ਨੇ ਮੁਦਰਾ ਅਤੇ ਵਪਾਰ ਚੱਕਰਾਂ ਦੇ ਸੰਬੰਧ ਵਿਚ ਆਪਣੇ ਸਿਧਾਂਤਕ ਅਤੇ ਅਮਲੀ ਕੰਮ ਵਿਚ ਸੇ ਦੇ ਨਿਯਮ ਨੂੰ ਬਿਲਕੁਲ ਛੱਡ ਦਿੱਤਾ ਹੈ। ਅਜੋਕੇ ਸਮੇਂ ਵਿੱਚ ਜਦੋਂ ਉਤਪਾਦਨ, ਮੰਗ ਸਬੰਧੀ ਭਵਿੱਖੀ ਆਸ਼ਾਵਾਂ ਉਤੇ ਆਧਾਰਿਤ ਹੁੰਦਾ ਹੈ ਤਾਂ ਸੇ ਦਾ ਨਿਯਮ ਬਿਲਕੁਲ ਠੀਕ ਨਹੀਂ ਜਾਪਦਾ, ਕਿਉਂਕਿ ਕੁਝ ਨਾ ਕੁਝ ਉਪਜ ਹੋ ਸਕਦੀ ਹੈ ਜਿਸ ਨਾਲ ਮੰਡੀ ਵਿਚ ਵਸਤਾਂ ਦਾ ਹੜ੍ਹ ਆ ਸਕਦਾ ਹੈ। ਭਾਵੇਂ ਮਾਈਕਰੋ ਪੱਧਰ ਤੇ ਇਹ ਨਿਯਮ ਕੁਝ ਠੀਕ ਉੱਤਰ ਸਕਦਾ ਹੈ। ਪਰੰਤੂ ਸਮੂਹਿਕ ਰੂਪ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਪੂਰਤੀ ਨਾ ਤਾਂ ਆਪਣੀ ਮੰਗ ਆਪ ਪੈਦਾ ਕਰਦੀ ਹੈ ਤੇ ਨਾ ਹੀ ਕਰ ਸਕਦੀ ਹੈ। ਜੇ. ਏ. ਸ਼ੰਪੀਟਰ ਨੇ ਸੇ ਦੇ ਨਿਯਮ ਦੇ ਸਮਰਥਨ ਵਿਚ ਇਵੇਂ ਕਿਹਾ ਹੈ ਕਿ 'ਸੇ' ਨੇ ਇਸ ਨਿਯਮ ਨੂੰ ਜਿਸ ਰੂਪ ਵਿਚ ਅਸੀਂ ਅੱਜ ਵੇਖਦੇ ਹਾਂ, ਕਦੇ ਪੇਸ਼ ਨਹੀਂ ਕੀਤਾ। ਉਸ ਦੇ (ਸੇ ਦੇ) ਕਹਿਣ ਤੋਂ ਭਾਵ ਅਸਲ ਵਿਚ ਇਹ ਸੀ ਕਿ ਉਤਪਾਦਨ ਦਾ ਕਾਫੀ ਭਾਗ, ਉਪਭੋਗ ਲਈ ਹੁੰਦਾ ਹੈ ਅਤੇ ਬਾਕੀ ਜੋ ਬਚਾਇਆ ਜਾਂਦਾ ਹੈ, ਆਮ ਤੌਰ ਤੇ ਨਿਵੇਸ਼ ਕਰ ਦਿੱਤਾ ਜਾਂਦਾ ਹੈ।

ਕੇਨਜ਼ ਦੇ ਅਸਰ ਕਾਰਨ ਜਿੰਨਾਂ ਅਰਥਹੀਣ ਇਹ ਨਿਯਮ ਕਈਆਂ ਨੂੰ ਲਗਦਾ ਹੈ ਉਨਾਂ ਬੇਅਰਥਾ ਇਹ ਨਹੀਂ ਹੈ। ਅੱਜ ਵੀ ਅਸੀਂ ਵੇਖਦੇ ਹਾਂ ਕਿ ਇਹ ਨਿਯਮ ਉਸ ਹੱਦ ਤੱਕ ਠੀਕ ਹੈ, ਜਿਸ ਹੱਦ ਤੱਕ (ਉਤਪਾਦਨ ਦੇ ਸਾਧਨਾਂ ਨੂੰ ਭੁਗਤਾਨ ਦੁਆਰਾ) ਇਹ ਆਪਣੀ ਮੰਗ ਆਪ ਪੈਦਾ ਕਰਦਾ ਹੈ, ਜਿਸ ਕਾਰਨ ਉਹ ਉਪਭੋਗ ਕਰਦੇ ਹਨ। ਇਹ ਗੱਲ ਕਹਿਣੀ ਕਿ ਅਰਥ ਵਿਵਸਥਾ ਵਿਚ ਸਥਾਈ ਸਮਤੋਲ ਸਥਾਪਿਤ ਨਹੀਂ ਹੋ ਸਕਦਾ, ਜੇ ਆਮਦਨ, ਉਪਭੋਗ ਅਤੇ ਨਿਵੇਸ਼ ਦੇ ਜੋੜ ($y = c + 1$) ਦੇ ਬਰਾਬਰ ਨਾ ਹੋਵੇ, ਵੀ ਅਜੋਕੇ ਹਾਲਤਾਂ ਵਿਚ ਸੇ ਦੇ ਨਿਯਮ ਦੀ ਦਰੁਸਤੀ ਅਤੇ ਤਰਕ ਸੰਗਤੀ ਦਾ ਸਬੂਤ ਹੈ। ਜਾਂ ਇਹ ਕਹਿ ਲਵੋ ਕਿ ਉਪਭੋਗ ਅਤੇ ਨਿਵੇਸ਼ ਮੰਗ ਉਤੇ ਹੋਣ ਵਾਲੇ ਖਰਚ ਦਾ ਜੋੜ, ਘੱਟੋ ਘੱਟ ਇੰਨਾਂ ਜ਼ਰੂਰ ਹੋਣਾ ਚਾਹੀਦਾ ਹੈ ਜੋ ਪੈਦਾ ਕੀਤੀ ਹੋਈ ਆਮਦਨ (ਪੂਰਤੀ) ਦੇ ਬਰਾਬਰ ਹੋਵੇ। ਇਸ ਤਰ੍ਹਾਂ ਆਮਦਨ = ਉਪਭੋਗ + ਨਿਵੇਸ਼, ਸੇ ਦੇ ਨਿਯਮ ਦੀ ਲੰਬੇ ਸਮੇਂ ਵਿਚ ਹੋਣ ਵਾਲੀ ਵਰਤੋਂ (application) ਅਤੇ ਸੰਪੂਨਤਾ (elaboration) ਤੋਂ ਬਿਨਾਂ ਹੋਰ ਕੁਝ ਨਹੀਂ। ਇਸ ਸਬੰਧ ਵਿਚ ਜੇ.ਏ.ਸ਼ੰਪੀਟਰ ਨੇ ਕਿਹਾ ਹੈ ਕਿ ਬਹੁਤੇ ਲੋਕਾਂ ਨੇ ਇਸ ਨੂੰ (ਸੇ ਦੇ ਨਿਯਮ ਨੂੰ) ਗਲਤ ਸਮਝਿਆ ਹੈ ਅਤੇ ਆਪਣੀ ਪਸੰਦ ਜਾਂ ਨਾ ਪਸੰਦ ਅਨੁਸਾਰ, ਇਸ ਵਿਚੋਂ ਸਿੱਟੇ ਕੱਢੇ ਹਨ ਅਤੇ ਇਸ ਸਬੰਧੀ ਬਹਿਸ (discussion) ਨੇ ਸਾਰੀਆਂ ਸਬੰਧਿਤ ਪਾਰਟੀਆਂ ਨੂੰ ਕੋਈ ਵਡਿਆਈ ਨਹੀਂ ਲੈਣ ਦਿੱਤੀ ਅਤੇ ਅੱਜ ਵੀ ਵਧੀਆ ਤਕਨੀਕ ਵਾਲੇ ਲੋਕ ਉਵੇਂ ਉਸੇ ਪੁਰਾਣੀ

ਸੋਚ ਵਿਚਾਰ ਦੀ ਹਾਲਤ ਵਿਚ ਹਨ ਅਤੇ ਹਰ ਇਕ ਇਸ ਨਿਯਮ ਬਾਰੇ ਆਪਣੀ ਗਲਤ ਫਹਿਮੀ ਨੂੰ ਵਿਰੋਧ ਵਿਚ ਦੂਜੇ ਦੀ ਗਲਤ ਫਹਿਮੀ ਕਹਿ ਰਿਹਾ ਹੈ ਅਤੇ ਇਸ ਤਰ੍ਹਾਂ ਕੁਝ ਵੀ ਠੋਸ ਪ੍ਰਾਪਤੀ ਨਹੀਂ। ਜਿਥੋਂ ਤੱਕ ਇਸ ਨਿਯਮ ਦੇ ਲਾਗੂ ਹੋਣ ਦਾ ਸਵਾਲ ਹੈ, ਅਸੀਂ ਇਹ ਕਹਿ ਸਕਦੇ ਹਾਂ ਕਿ ਜੇ ਕਿਤੇ ਇਹ ਨਿਯਮ ਲਾਗੂ ਹੁੰਦਾ ਹੈ ਤਾਂ ਸਿਰਫ ਘੱਟ ਵਿਕਸਿਤ ਦੇਸ਼ਾਂ ਵਿਚ, ਜਿੱਥੇ ਇਸ ਦੇ ਲਾਗੂ ਹੋਣ ਲਈ ਜ਼ਰੂਰੀ ਮਾਹੌਲ ਮਿਲਦਾ ਹੈ।

**1.2.4 ਪਾਠ ਦਾ ਸਾਰ (Summary) :-**

ਇਸ ਪਾਠ ਵਿੱਚ ਅਸੀਂ ਵੇਖਿਆ ਹੈ ਕਿ ਕੇਨਜ਼ ਤੋਂ ਪਹਿਲਾਂ ਦੇ ਅਰਥ ਸ਼ਾਸਤਰੀ ਪੂਰਨ ਰੁਜ਼ਗਾਰ ਦੀ ਸਥਿਤੀ ਨੂੰ ਮੰਨਕੇ ਚੱਲਦੇ ਸਨ ਅਤੇ ਉਨ੍ਹਾਂ ਦਾ ਇਹ ਵਿਚਾਰ ਸੇ ਦੇ ਮੰਡੀਆਂ ਦੇ ਨਿਯਮ ਅਤੇ ਮੁਦਰਾ ਦੀ ਮਾਤਰਾ ਦੇ ਸਿਧਾਂਤ ਉਤੇ ਟਿਕਿਆ ਹੋਇਆ ਸੀ। ਇਸ ਮੁਦਰਾ ਦੀ ਮਾਤਰਾ ਸਿਧਾਂਤ ਦੇ ਫਿਸ਼ਰ ਅਨੁਵਾਦ ਤੋਂ ਇਲਾਵਾ, ਨਕਦ ਬਕਾਇਆ ਵਿਧੀ ਅਤੇ ਮੁਦਰਾ ਅਤੇ ਕੀਮਤਾਂ ਦਾ ਆਮਦਨ ਸਿਧਾਂਤ ਵੀ ਇਸ ਪਾਠ ਵਿੱਚ ਪੜ੍ਹੇ ਹਨ। ਇਹ ਹੀ ਨਹੀਂ ਸਗੋਂ ਵਿਆਜ ਦੀ ਦਰ ਸਨਾਤਨੀ ਸਿਧਾਂਤ ਵਿੱਚ ਇਹ ਕਿਵੇਂ ਮਿੱਥੀ ਜਾਂਦੀ ਹੈ, ਜਿਸ ਦਾ ਲਚਕੀਲਾਪਣ (flexibility) ਪੂਰਨ ਰੁਜ਼ਗਾਰ ਨੂੰ ਮੁੜ ਤੋਂ ਸਥਾਪਿਤ ਕਰਨ ਵਿਚ ਮਦਦ ਕਰਦਾ ਹੈ, ਦੀ ਵਿਆਖਿਆ ਵੀ ਕੀਤੀ ਗਈ ਹੈ।

**1.2.5 ਛੋਟੇ ਪ੍ਰਸ਼ਨ**

(i) ਨਾ-ਦਖਲ ਅੰਦਾਜ਼ੀ ਦੀ ਨੀਤੀ (Laissez Faire Policy) ਕੀ ਹੈ?
(ii) ਸੇ ਦੇ ਨਿਯਮ ਅਧੀਨ ਪੂਰਤੀ ਆਪਣੀ ਮੰਗ ਕਿਵੇਂ ਪੈਦਾ ਕਰਦੀ ਹੈ?
(iii) ਪੂਰਨ ਪ੍ਰਤੀਯੋਗਤਾ ਦੀਆਂ ਹਾਲਾਤਾਂ ਤੋਂ ਕੀ ਭਾਵ ਹੈ?

**1.2.6 ਵੱਡੇ ਪ੍ਰਸ਼ਨ**

1 ਪਰੰਪਰਾਵਾਦੀ ਅਰਥ ਸ਼ਾਸਤਰ ਦੇ ਬੁਨਿਆਦੀ ਸਿਧਾਂਤ ਨੂੰ ਸੰਖੇਪ ਵਿੱਚ ਬਿਆਨ ਕਰੋ।
2 ਸੇ ਦੇ ਨਿਯਮਾਂ ਬਾਰੇ ਵਿਸਥਾਰ ਵਿੱਚ ਵਿਆਖਿਆ ਕਰੋ।

**1.2.7 ਪੜ੍ਹਨਯੋਗ ਪੁਸਤਕਾਂ :**

R.D. Gupta : Keynes and Post Keynesian Economics.
T.F. Durnbarg and McDaugal: Macro Economics.
G. Ackley: Macro Economic Theory.

*(ਇਹ ਪਾਠ **D.E.C.** ਦੀ ਵਿੱਤੀ ਸਹਾਇਤਾ ਨਾਲ ਲਿਖਿਆ ਗਿਆ ਹੈ)*

ਪਾਠ ਨੰ : 1.3 ਲੇਖਕ : ਡਾ. ਪ੍ਰਤਾਪ ਸਿੰਘ

Last updated on 18 may, 2023

## ਰੋਜ਼ਗਾਰ ਦਾ ਸਨਾਤਨੀ ਅਤੇ ਨਵ-ਸਨਾਤਨੀ ਸਿਧਾਂਤ

ਇਸ ਪਾਠ ਦੇ ਅਧਿਐਨ ਲਈ ਇਸ ਨੂੰ ਨਿਮਨ ਅਨੁਸਾਰ ਵੰਡਿਆ ਗਿਆ ਹੈ :-

1.3.1 ਪਾਠ ਦੇ ਉਦੇਸ਼ (Objectives)
1.3.2 ਭੂਮਿਕਾ (Introduction)
1.3.3 ਸਨਾਤਨੀ ਥੋੜ੍ਹ-ਚਿਰੀ ਮਾਡਲ (Short-Run Classical Model)
1.3.4 ਬੱਚਤ ਅਤੇ ਨਿਵੇਸ਼ ਤੋਂ ਬਿਨਾਂ ਸਨਾਤਨੀ ਮਾਡਲ (Classical Model Without Saving and Investment)
1.3.4.1 ਉਤਪਾਦਨ ਫਲਨ ਵਿੱਚ ਤਬਦੀਲੀ (Change in Production Function)
1.3.4.1.1 ਉਤਪਾਦਨ ਫਲਨ ਵਿਚ ਗੈਰ-ਸਮਾਨ-ਅੰਤਰ ਤਬਦੀਲੀ ਅਤੇ ਸਨਾਤਨੀ ਮਾਡਲ (Non-parallel Change in Production Function and the Classical Model)
1.3.4.1.2 ਉਤਪਾਦਨ ਫਲਨ ਵਿਚ ਸਮਾਨ-ਅੰਤਰ ਤਬਦੀਲੀ (Parallel Change in Production Function)
1.3.4.1.3 ਮੁਦਰਾ ਦੀ ਪੂਰਤੀ ਵਿੱਚ ਤਬਦੀਲੀ (Change in Money Supply)
1.3.5 ਬੱਚਤ ਅਤੇ ਨਿਵੇਸ਼ ਨਾਲ ਸਨਾਤਨੀ ਮਾਡਲ (Classical Model with Saving and Investment)
1.3.6 ਵਿਆਜ ਦੀ ਦਰ (Rate of Interest)
1.3.7 ਮਾਡਲ ਦਾ ਆਲੋਚਨਾਤਮਕ ਜਾਇਜ਼ਾ (Critical Evaluation of the Model)
1.3.8 ਸਾਰਾਂਸ਼
1.3.9 ਛੋਟੇ ਪ੍ਰਸ਼ਨ
1.3.10 ਵੱਡੇ ਪ੍ਰਸ਼ਨ
1.3.11 ਪ੍ਰਸਤਾਵਿਤ ਪੁਸਤਕਾਂ

### 1.3.1 ਪਾਠ ਦੇ ਉਦੇਸ਼ (Objectives) :-

ਇਸ ਪਾਠ ਦੁਆਰਾ ਅਸੀਂ ਇਹ ਜਾਨਣਾ ਚਾਹੁੰਦੇ ਹਾਂ ਕਿ –

(ੳ) ਰੋਜ਼ਗਾਰ ਦੇ ਸਨਾਤਨੀ ਸਿਧਾਂਤ ਅਨੁਸਾਰ ਪੂਰਨ ਰੋਜ਼ਗਾਰ ਦੀ ਸਥਿਤੀ ਕਿਉਂ ਵਿਦਮਾਨ ਰਹਿੰਦੀ ਹੈ?

(ਅ). ਸਨਾਤਨੀ ਲੋਕਾਂ ਅਨੁਸਾਰ ਪੂਰਨ ਰੋਜ਼ਗਾਰ ਕੀ ਹੈ?

(ੲ) ਸਨਾਤਨੀ ਲੋਕਾਂ ਦਾ ਥੋੜ੍ਹ-ਚਿਰੀ ਮਾਡਲ ਕਿਹੜੀਆਂ ਮਨੌਤਾਂ ਅਤੇ ਸਬੰਧਾਂ ਤੇ ਆਧਾਰਿਤ ਸੀ?

(ਸ) ਰਾਸ਼ਟਰੀ ਉਤਪਾਦਨ ਅਤੇ ਰੋਜ਼ਗਾਰ ਦੇ ਸਮਤੋਲ ਪੱਧਰ ਵਿੱਚ ਆਉਣ ਵਾਲੀਆਂ ਤਬਦੀਲੀਆਂ ਕਿਹੜੇ ਬੁਨਿਆਦੀ ਫਲਨਾਂ (functions) ਦੁਆਰਾ ਨਿਰਧਾਰਤ ਹੁੰਦੀਆਂ ਹਨ?

(ਹ) ਬੱਚਤ ਅਤੇ ਨਿਵੇਸ਼ ਤੋਂ ਬਿਨਾਂ ਅਤੇ ਬੱਚਤ ਅਤੇ ਨਿਵੇਸ਼ ਦੁਆਰਾ ਸਨਾਤਨੀ ਮਾਡਲ ਦੀ ਵਿਆਖਿਆ ਕਿਵੇਂ ਕੀਤੀ ਜਾਂਦੀ ਹੈ?

(ਕ) ਰੋਜ਼ਗਾਰ ਦੇ ਸਨਾਤਨੀ ਮਾਡਲ ਦੀ ਕਿਹੜੇ-ਕਿਹੜੇ ਪੱਖਾਂ ਤੋਂ ਆਲੋਚਨਾਂ ਹੋਈ ਹੈ?

### 1.3.2 ਭੂਮਿਕਾ (Introduction)

ਪ੍ਰਸਿੱਧ ਅਰਥ ਸ਼ਾਸਤਰੀ ਡੇਵਿਡ ਰਿਕਾਰਡੋ (David Ricardo) ਤੋਂ ਚੱਲੇ ਆ ਰਹੇ ਅਰਥ ਸ਼ਾਸਤਰ ਦੇ ਪੁਰਾਣੇ ਨਿਯਮਾਂ ਨੂੰ ਕੇਨਜ਼ ਨੇ ਕਲਾਸੀਕਲ ਜਾਂ ਪਰੰਪਰਾਵਾਦੀ ਅਰਥ ਸ਼ਾਸਤਰ ਦਾ ਨਾਂ ਦਿੱਤਾ ਹੈ। ਸਮੇਂ ਦੇ ਨਾਲ ਇਨ੍ਹਾਂ ਨਿਯਮਾਂ ਦਾ ਸੰਸ਼ੋਧਨ ਅਤੇ ਪਰਿਸ਼ੋਧਨ ਕੀਤਾ ਜਾਂਦਾ ਰਿਹਾ ਅਤੇ ਇਸ ਤਰ੍ਹਾਂ ਇਨ੍ਹਾਂ ਨਿਯਮਾਂ ਦੀ ਮਿਆਦ ਤਕਰੀਬਨ ਸੌ ਸਾਲ ਰਹੀ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਸਨਾਤਨੀ ਅਰਥ ਸ਼ਾਸਤਰੀਆਂ ਨੇ, ਰੋਜ਼ਗਾਰ ਦਾ ਕੋਈ ਸਿਲਸਿਲੇਵਾਰ (systematic) ਸਿਧਾਂਤ ਨਹੀਂ ਦਿੱਤਾ। ਸਮੇਂ-ਸਮੇਂ ਤੇ ਕਲਾਸੀਕਲ ਅਰਥ ਸ਼ਾਸਤਰੀਆਂ ਨੇ ਜੋ ਵਿਚਾਰ ਪ੍ਰਗਟ ਕੀਤੇ, ਉਨ੍ਹਾਂ ਦੀ ਸਹਾਇਤਾ ਨਾਲ ਰੋਜ਼ਗਾਰ ਦੇ ਪਰੰਪਰਾਵਾਦੀ ਜਾਂ ਸਨਾਤਨੀ ਸਿਧਾਂਤ ਦਾ ਨਿਰਮਾਣ ਕੀਤਾ ਜਾ ਸਕਦਾ ਹੈ। ਇਥੇ ਇਹ ਦੱਸਣਾ ਵੀ ਢੁੱਕਵਾਂ ਜਾਪਦਾ ਹੈ ਕਿ ਕੇਨਜ਼ ਤੋਂ ਪਹਿਲਾਂ ਦੀਆਂ ਸਾਰੀਆਂ ਲਿਖਤਾਂ ਨੂੰ ਆਮ ਤੌਰ ਤੇ ਕਲਾਸੀਕਲ ਅਰਥ ਸ਼ਾਸਤਰ ਅਤੇ 20ਵੀਂ ਸਦੀ ਦੇ ਮੈਕਰੋ ਆਰਥਿਕ ਲਿਖਾਰੀਆਂ ਨੂੰ ਨਵ-ਕਲਾਸੀਕਲ ਅਰਥ ਸ਼ਾਸਤਰੀ ਕਿਹਾ ਜਾਂਦਾ ਹੈ। ਨਵ-ਕਲਾਸੀਕਲ ਅਰਥ ਸ਼ਾਸਤਰੀਆਂ ਵਿਚ ਐਡਮ ਸਮਿੱਥ, ਰਿਕਾਰਡੋ, ਜੇ.ਐਸ. ਮਿੱਲ, ਟੀ.ਆਰ., ਮਾਲਥਸ ਅਤੇ ਜੇਮਜ਼ ਮਿੱਲ ਦੇ ਨਾਂ ਦਾ ਜ਼ਿਕਰ ਆਉਂਦਾ ਹੈ। ਕੇਨਜ਼ ਤੋਂ ਪਹਿਲਾਂ ਦੀਆਂ ਸਾਰੀਆਂ ਵਿਆਖਿਆਵਾਂ ਅਤੇ ਧਾਰਨਾਵਾਂ (concepts) ਬੁਨਿਆਦੀ ਤੌਰ ਤੇ, ਸਨਾਤਨੀ ਅਰਥ ਸ਼ਾਸਤਰੀਆਂ ਦੀ ਹੀ ਦੇਣ ਸਨ, ਜਦੋਂ ਕਿ ਨਵ-ਕਲਾਸੀਕਲ ਅਰਥ ਸ਼ਾਸਤਰੀਆਂ ਨੇ ਨਾ ਸਿਰਫ ਉਨ੍ਹਾਂ ਨੂੰ ਸੋਧਿਆ ਸਗੋਂ ਉਨ੍ਹਾਂ ਦੀ ਵਰਤੋਂ ਨੂੰ ਹੋਰ ਅੱਗੇ ਵੀ ਵਧਾਇਆ।

ਰੋਜ਼ਗਾਰ ਦੇ ਪਰੰਪਰਾਵਾਦੀ ਸਿਧਾਂਤ ਅਨੁਸਾਰ, ਹਰੇਕ ਅਰਥ ਵਿਵਸਥਾ ਵਿਚ ਸਦਾ ਪੂਰਨ ਰੋਜ਼ਗਾਰ ਦੀ ਸਥਿਤੀ ਵਿਦਮਾਨ ਰਹਿੰਦੀ ਹੈ ਅਤੇ ਜੇ ਕਦੀ ਅਰਥ ਵਿਵਸਥਾ, ਪੂਰਨ ਰੋਜ਼ਗਾਰ ਦੀ ਸਥਿਤੀ ਤੋਂ ਖੁੰਝ ਜਾਵੇ, ਤਾਂ ਇਹ ਸਿਰਫ ਥੁੜ੍ਹ-ਚਿਰੀ ਗੱਲ ਹੁੰਦੀ ਹੈ ਅਤੇ ਅਰਥ ਵਿਵਸਥਾ ਦੀ ਰੁਚੀ ਪੂਰਣ ਰੋਜ਼ਗਾਰ ਪ੍ਰਾਪਤ ਕਰਨ ਦੀ ਹੁੰਦੀ ਹੈ। ਜੇ ਕਦੀ ਪੂਰਨ ਰੋਜ਼ਗਾਰ ਦੀ ਸਥਿਤੀ ਵਿਦਮਾਨ ਨਹੀਂ ਹੁੰਦੀ, ਤਾਂ ਇਸ ਦਾ ਕਾਰਨ, ਸਰਕਾਰੀ ਦਖਲ-ਅੰਦਾਜ਼ੀ ਹੁੰਦਾ ਹੈ। ਇਸ ਤਰ੍ਹਾਂ ਉਹ ਸਾਰੀਆਂ ਮੰਡੀਆਂ ਵਿਚ ਪੂਰਣ ਮੁਕਾਬਲੇ ਦੀ ਸਥਿਤੀ ਨੂੰ ਮੰਨ ਕੇ ਚਲਦੇ ਸਨ ਅਤੇ ਉਨ੍ਹਾਂ ਲਈ ਵਿਆਖਿਆ ਅੰਸ਼ਿਕ ਸਮਤੋਲ ਤੇ ਆਧਾਰਿਤ ਸੀ। ਇਸ ਤੋਂ ਇਲਾਵਾ, ਉਹ ਕਿਸੇ ਵੀ ਸਮੱਸਿਆ ਦੇ ਹੱਲ ਲਈ ਲੰਮੇ ਸਮੇਂ ਉਤੇ ਜ਼ੋਰ ਦਿੰਦੇ ਸਨ। ਜਿਵੇਂ ਕਿ ਪਹਿਲਾਂ ਦੱਸਿਆ ਹੈ, ਪਰੰਪਰਾਈ ਸਿਧਾਂਤ ਅਨੁਸਾਰ ਬੇਕਾਰੀ ਦੀ ਸਮੱਸਿਆ, ਉਨ੍ਹਾਂ ਦਾ ਮੁੱਖ ਵਿਸ਼ਾ ਸੀ। ਇਸ ਤਰ੍ਹਾਂ ਅਰਥ ਵਿਵਸਥਾ ਵਿਚ ਪੂਰਨ ਰੋਜ਼ਗਾਰ ਨੂੰ ਮੰਨ ਕੇ ਪਰੰਪਰਾਈ ਸਿਧਾਂਤ ਮੁੱਖ ਤੌਰ ਤੇ ਅਜਿਹੇ ਸਵਾਲਾਂ ਦੇ ਜੁਆਬ ਨਾਲ ਸਬੰਧਤ ਰਿਹਾ ਜਿਹੜੇ ਇਹ ਨਿਰਧਾਰਿਤ ਕਰਦੇ ਹਨ ਕਿ :-

(ੳ) ਦਿੱਤੇ ਹੋਏ ਸਾਧਨਾਂ ਨਾਲ ਅਰਥ ਵਿਵਸਥਾ ਵਿਚ ਕਿਹੜੀਆਂ ਵੱਖੋ-ਵੱਖ, ਵਸਤਾਂ ਤੇ ਸੇਵਾਵਾਂ ਪੈਦਾ ਕੀਤੀਆਂ ਜਾਣਗੀਆਂ?

(ਅ) ਵੱਖੋ-ਵੱਖ ਮੁਕਾਬਲੇ ਵਾਲੀਆਂ ਵਸਤੂਆਂ ਵਿਚ, ਸਾਧਨਾਂ ਨੂੰ ਕਿਸ ਤਰ੍ਹਾਂ ਵੰਡਿਆ ਜਾਵੇ?

(ੲ) ਵੱਖੋ-ਵੱਖ ਵਸਤਾਂ/ਸੇਵਾਵਾਂ ਅਤੇ ਉਤਪਾਦਨ ਸਾਧਨਾਂ ਦੀਆਂ ਸਾਪੇਖਕ ਕੀਮਤਾਂ ਕੀ ਹੋਣਗੀਆਂ?

(ਸ) ਉਤਪਾਦਨ ਦੇ ਸਾਧਨਾਂ ਦੁਆਰਾ ਪੈਦਾ ਹੋਈ ਆਮਦਨ ਨੂੰ ਉਤਪਾਦਨ ਸਾਧਨਾਂ ਵਿਚ, ਕਿਵੇਂ ਵੰਡਿਆ ਹੋਵੇ, ਆਦਿ।

ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਪਰੰਪਰਾਈ ਅਰਥ ਸ਼ਾਸਤਰੀ, ਪੂਰਨ ਰੋਜ਼ਗਾਰ ਤੋਂ ਭਾਵ ਇਹ ਨਹੀਂ ਸਨ ਲੈਂਦੇ ਕਿ ਅਰਥ ਵਿਵਸਥਾ ਵਿਚ ਬੇਕਾਰੀ ਬਿੱਲਕੁਲ ਹੁੰਦੀ ਹੀ ਨਹੀਂ, ਸਗੋਂ ਪੂਰਨ ਰੋਜ਼ਗਾਰ ਦੇ ਹੁੰਦੇ ਹੋਏ ਵੀ ਕੁਝ ਇਛੁੱਕ ਬੇਕਾਰੀ (voluntary unemployment) ਦੀ ਹੋਂਦ ਨੂੰ ਉਹ ਮੰਨਦੇ ਸਨ। ਇਸ ਤੋਂ ਇਲਾਵਾ, ਉਹ ਇਹ ਵੀ ਮੰਨਦੇ ਸਨ ਕਿ ਕਈ ਵਾਰ ਮਸ਼ੀਨਾਂ ਖਰਾਬ ਹੋ ਜਾਣ ਕਾਰਨ, ਜਾਂ ਕੱਚਾ ਮਾਲ ਪ੍ਰਾਪਤ ਨਾ ਹੋਣ ਕਾਰਨ ਜਾਂ ਘਟ ਜਾਣ ਕਾਰਨ ਬੇਰੋਜ਼ਗਾਰੀ ਹੋ ਜਾਂਦੀ ਹੈ, ਇਸ ਨੂੰ ਉਹ ਆਰਥਿਕਤਾ ਨਾ ਚੱਲਣ ਕਰਕੇ ਬੇਰੋਜ਼ਗਾਰੀ ਜਾਂ ਬਣਤਰੀ ਬੇਰੋਜ਼ਗਾਰੀ (Functional unemployment) ਕਹਿੰਦੇ ਸਨ। ਇਸ ਤਰ੍ਹਾਂ ਪੂਰਨ ਰੋਜ਼ਗਾਰ ਦੇ ਨਾਲ-ਨਾਲ ਅਰਥ ਵਿਵਸਥਾ ਵਿਚ ਇਛੁੱਕ ਮਜ਼ਦੂਰੀ ਦੀ ਦਰ ਤੇ ਮਜ਼ਦੂਰ ਕੰਮ ਕਰਨ ਨੂੰ ਤਿਆਰ ਨਹੀਂ ਹੁੰਦੇ। ਸੰਖੇਪ ਵਿਚ, ਪੂਰਨ ਰੋਜ਼ਗਾਰ ਤੋਂ ਉਨ੍ਹਾਂ ਦਾ ਭਾਵ ਸੀ ਕਿ ਅਰਥ ਵਿਵਸਥਾ ਵਿਚ ਅਣਇੱਛੁਕ ਬੇਕਾਰੀ ਬਿਲਕੁਲ ਨਹੀਂ ਹੁੰਦੀ। ਅਰਥਾਤ ਜੋ ਲੋਕ ਕੰਮ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਚਾਲੂ ਮਜ਼ਦੂਰੀ ਦੀ ਦਰ ਤੇ ਕੰਮ ਉਪਲੱਬਧ ਹੁੰਦਾ ਹੈ। ਸਾਰਾਂਸ਼ ਰੂਪ ਵਿਚ ਸਨਾਤਨੀ ਸਿਧਾਂਤ ਨੂੰ ਅਗਲੇ ਪੰਨੇ ਤੇ ਦਿੱਤੇ ਮਾਡਲ ਦੁਆਰਾ ਸਪੱਸ਼ਟ ਕੀਤਾ ਜਾ ਸਕਦਾ ਹੈ :

**ਸਵੈ-ਅਭਿਆਸ ਲਈ ਪ੍ਰਸ਼ਨ –**

(i) ਇੱਛਕ ਅਤੇ ਅਣ-ਇੱਛਕ ਬੇਰੁਜ਼ਗਾਰੀ ਤੋਂ ਤੁਹਾਡੀ ਕੀ ਭਾਵ ਹੈ?


(ii) ਕਿਸੇ ਅਰਥ-ਵਿਵਸਥਾ ਵਿਚ ਸਰਕਾਰੀ ਦਖਲ ਅੰਦਾਜੀ ਨੂੰ ਬੇਰੋਜ਼ਗਾਰੀ ਦਾ ਕਾਰਨ ਕਿਵੇਂ ਮੰਨਿਆ ਜਾ ਸਕਦਾ ਹੈ?

### 1.3.3 ਸਨਾਤਨੀ ਥੋੜ੍ਹ-ਚਿਰੀ ਮਾਡਲ (Short-Run Classical Model)

ਸਨਾਤਨੀ ਲੋਕਾਂ ਦਾ ਰੋਜ਼ਗਾਰ ਬਾਰੇ ਥੋੜ੍ਹ-ਚਿਰੀ ਮਾਡਲ ਹੇਠ ਲਿਖਿਆਂ ਸਬੰਧਾਂ ਅਤੇ ਮਨੌਤਾਂ ਤੇ ਆਧਾਰਿਤ ਸੀ:

1. ਮਜ਼ਦੂਰਾਂ ਦੀ ਪੂਰਤੀ, ਅਸਲ ਮਜ਼ਦੂਰੀ ਦੀਆਂ ਦਰਾਂ ਨਾਲ ਸਿੱਧਾ ਸੰਬੰਧ ਰੱਖਦੀ ਹੈ ਅਰਥਾਤ ਉੱਚੀ ਅਸਲ ਮਜ਼ਦੂਰੀ ਦੀ ਦਰ ਤੇ ਮਜ਼ਦੂਰ ਜ਼ਿਆਦਾ ਕੰਮ ਕਰਨ ਨੂੰ ਤਿਆਰ ਹੁੰਦੇ ਹਨ।
2. ਉੱਚੀ ਅਸਲ ਮਜ਼ਦੂਰੀ ਦੀ ਦਰ ਤੇ ਮਜ਼ਦੂਰਾਂ ਦੀ ਮੰਗ ਘੱਟ ਹੁੰਦੀ ਹੈ ਅਤੇ ਨੀਵੀਂ ਦਰ ਤੇ ਉਨ੍ਹਾਂ ਦੀ ਮੰਗ ਵੱਧ ਹੁੰਦੀ ਹੈ।
3. ਮਜ਼ਦੂਰ ਮੰਡੀ ਵਿਚ ਕਿਸੇ ਕਿਸਮ ਦੀਆਂ ਅਪੂਰਨਤਾਵਾਂ ਜਾਂ ਸੰਸਥਾਤਮਕ ਰੁਕਾਵਟਾਂ ਨਹੀਂ ਹੁੰਦੀਆਂ, ਅਰਥਾਤ, ਮਜ਼ਦੂਰਾਂ ਵਿਚ ਪੂਰਨ ਗਤੀਸ਼ੀਲਤਾ ਹੁੰਦੀ ਹੈ।
4. ਵਸਤਾਂ ਅਤੇ ਸੇਵਾਵਾਂ ਲਈ ਕੁੱਲ ਮੰਗ ਉਹੀ ਰਹਿੰਦੀ ਹੈ ਅਤੇ ਕਿਸੇ ਤਬਦੀਲੀ ਦੀ ਸੰਭਾਵਨਾ ਨਹੀਂ ਹੁੰਦੀ।
5. ਜਨ-ਸੰਖਿਆ, ਸੁਆਦ ਅਤੇ ਤਕਨੀਕ ਦਾ ਪੱਧਰ ਉਹੀ ਹੁੰਦਾ ਹੈ।

ਇਨ੍ਹਾਂ ਉਪਰੋਕਤ ਸਬੰਧਾਂ ਅਤੇ ਮਨੌਤਾਂ ਦਾ ਰੇਖਾ-ਚਿੱਤਰ ਦੇ ਰੂਪ ਵਿਚ ਅਨੁਵਾਦ ਹੇਠ ਦਿੱਤੇ ਅਨੁਸਾਰ ਹੈ :




ਰੇਖਾ ਚਿੱਤਰ ਨੰ: 1

ਅਸੀਂ ਵੇਖਦੇ ਹਾਂ ਕਿ ਜਦੋਂ ਅਸਲ ਮਜ਼ਦੂਰੀ ਦੀ ਦਰ $(W/P)_1$ ਹੈ ਤਾਂ ਅਰਥ ਵਿਵਸਥਾ ਅਸਮਤੋਲ ਦੀ ਹਾਲਤ ਵਿੱਚ ਹੁੰਦੀ ਹੈ। ਇਸ ਹਾਲਤ ਵਿਚ ਮਜ਼ਦੂਰਾਂ ਵਿਚ ਮੁਕਾਬਲਾ ਹੋਣ ਕਾਰਨ ਮਜ਼ਦੂਰੀ ਦੀ ਦਰ ਘਟਣ ਕਾਰਨ, ਅਸਲ ਮਜ਼ਦੂਰੀ, (W/P) ਮਜ਼ਦੂਰੀ ਦੀ ਦਰ ਸਥਾਪਿਤ ਹੋਣ ਨਾਲ ਖਤਮ ਹੋ ਜਾਂਦੀ ਹੈ। ਜੋ ਮਜ਼ਦੂਰ $(W/P)_0$ ਮਜ਼ਦੂਰੀ ਉੱਤੇ ਕੰਮ ਕਰਨ ਨੂੰ ਤਿਆਰ ਨਹੀਂ ਹੁੰਦੇ, ਉਨ੍ਹਾਂ ਨੂੰ ਇੱਛਕ ਬੇਕਾਰ ਕਿਹਾ ਜਾਂਦਾ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਸਮਤੋਲ ਦੀ ਹਾਲਤ $D(W/P)-S(W/P)=0$, ਅਤੇ $N=N_0$ ਹੁੰਦਾ ਹੈ। ਇਸ ਤਰ੍ਹਾਂ ਸਨਾਤਨੀ ਅਰਥ-ਸ਼ਾਸਤਰੀਆਂ ਅਨੁਸਾਰ, ਸਮਤੋਲ ਅਤੇ ਬੇਕਾਰੀ ਦੋਵੇਂ ਇਕੱਠੇ ਨਹੀਂ ਚੱਲ ਸਕਦੇ। ਮਜ਼ਦੂਰੀ ਦੀ ਦਰ ਦੇ ਲਚਕਦਾਰ ਹੋਣ ਕਾਰਨ ਅਤੇ ਸੇ ਦੇ ਨਿਯਮ ਅਨੁਸਾਰ, ਕੁੱਲ ਪੂਰਤੀ ਕੁੱਲ ਮੰਗ ਦੇ ਸਦਾ ਬਰਾਬਰ ਹੋਣ ਕਾਰਨ, ਆਪਣੇ ਆਪ ਸਮਾਯੋਜਨ ਹੋਣ ਵਾਲੀ ਪ੍ਰਣਾਲੀ ਕਾਰਨ, ਅਰਥ ਵਿਵਸਥਾ ਵਿਚ ਪੂਰਨ ਰੋਜ਼ਗਾਰ ਸਮਤੋਲ ਦੀ ਸਥਿਤੀ ਸਦੀਵੀਂ ਰਹਿਣ ਵਾਲੀ ਹੁੰਦੀ ਹੈ।

ਮੈਕਰੋ ਅਰਥ ਸ਼ਾਸਤਰ ਦੇ ਸਾਰੇ ਮਾਡਲਾਂ ਦੀ ਤਰ੍ਹਾਂ ਸਨਾਤਨੀ ਮਾਡਲ ਵੀ ਪੂਰਨ ਰੋਜ਼ਗਾਰ ਅਤੇ ਆਰਥਿਕ ਵਿਕਾਸ ਦੀ ਸਮੱਸਿਆ ਬਾਰੇ ਸਵਾਲ ਪੇਸ਼ ਕਰਦਾ ਹੈ। ਆਰਥਿਕ ਵਿਕਾਸ ਦਾ ਪਤਾ ਰਾਸ਼ਟਰੀ ਉਤਪਾਦਨ ਵਿਚ ਆਈਆਂ ਤਬਦੀਲੀਆਂ ਤੋਂ ਪਤਾ ਚਲਦਾ ਹੈ। ਰਾਸ਼ਟਰੀ ਉਤਪਾਦਨ ਅਤੇ ਰੋਜ਼ਗਾਰ ਦੇ ਸਮਤੋਲ ਪੱਧਰ ਵਿਚ ਆਉਣ ਵਾਲੀਆਂ ਤਬਦੀਲੀਆਂ ਹੇਠ ਦਿੱਤੇ ਦੋ ਬੁਨਿਆਦੀ ਫਲਨਾਂ (functions) ਦੁਆਰਾ ਨਿਰਧਾਰਿਤ ਹੁੰਦੀਆਂ ਹਨ, ਜੋ ਲੰਮੇ ਸਮੇਂ ਵਿਚ ਬਦਲਦੇ ਹਨ, ਅਤੇ ਉਹ ਇਹ ਹਨ :


1. ਅਰਥ ਵਿਵਸਥਾ ਦਾ ਉਤਪਾਦਨ ਫਲਨ (Production function) ਜਿਸ ਦੁਆਰਾ ਮਜ਼ਦੂਰਾਂ ਦਾ ਮੰਗ ਵਕਰ ਨਿਰਧਾਰਿਤ ਹੁੰਦਾ ਹੈ, ਅਤੇ
2. ਮਜ਼ਦੂਰਾਂ ਦੀ ਪੂਰਤੀ ਦਾ ਵਕਰ।

ਰੋਜ਼ਗਾਰ ਅਤੇ ਉਤਪਾਦਨ ਦੇ ਸਮਤੋਲ ਪੱਧਰ ਵਿਚ ਆਉਣ ਵਾਲੀ ਤਬਦੀਲੀ ਦੀ ਕ੍ਰਿਆ ਦਾ ਅਧਿਐਨ ਕੁਝ ਬੁਨਿਆਦੀ ਅਤੇ ਇਨ੍ਹਾਂ ਉਪਰੋਕਤ ਦੋ ਫਲਨਾਂ ਵਿਚੋਂ ਨਿਕਲੇ ਫਲਨਾਂ ਦੁਆਰਾ ਕੀਤਾ ਜਾ ਸਕਦਾ ਹੈ ਜਿਸ ਦੇ ਅਧਿਐਨ ਲਈ ਅਸੀਂ ਸਨਾਤਨੀ ਮਾਡਲ ਨੂੰ ਹੇਠ ਦਿੱਤੇ ਦੋ ਤਰੀਕਿਆਂ ਨਾਲ ਪੜ੍ਹਾਂਗੇ :

1. ਬੱਚਤ ਅਤੇ ਨਿਵੇਸ਼ ਤੋਂ ਬਿਨਾਂ।
2. ਬੱਚਤ ਅਤੇ ਨਿਵੇਸ਼ ਨਾਲ।

### 1.3.4 ਬੱਚਤ ਅਤੇ ਨਿਵੇਸ਼ ਤੋਂ ਬਿਨਾਂ ਸਨਾਤਨੀ ਮਾਡਲ

ਜਿਵੇਂ ਕਿ ਪਹਿਲਾਂ ਵਿਖਾਇਆ ਗਿਆ ਹੈ, ਸਨਾਤਨੀ ਪ੍ਰਣਾਲੀ ਵਿਚ, ਰੋਜ਼ਗਾਰ ਦਾ ਪੱਧਰ ਮਜ਼ਦੂਰਾਂ ਦੀ ਮੰਗ ਅਤੇ ਪੂਰਤੀ ਦੁਆਰਾ ਨਿਰਧਾਰਿਤ ਹੁੰਦਾ ਹੈ। ਉਤਪਾਦਨ ਦਾ ਪੱਧਰ (ਉਤਪਾਦਨ ਫਲਨ ਦੇ ਉਹੀ ਰਹਿਣ ਤੇ), ਰੋਜ਼ਗਾਰ ਦੇ ਪੱਧਰ ਉੱਤੇ ਨਿਰਭਰ ਕਰਦਾ ਹੈ। ਕੀਮਤਾਂ ਦਾ ਪੱਧਰ ਮੁਦਰਾ ਦੀ ਪੂਰਤੀ (MV) ਉੱਤੇ ਨਿਰਭਰ ਕਰਦਾ ਹੈ (ਇਹ ਅਸੀਂ ਮੁਦਰਾ ਦੇ ਮਾਤਰਾ ਸਿਧਾਂਤ ਤੋਂ ਸਿੱਖਿਆ ਹੈ) ਇਨ੍ਹਾਂ ਚਰਾਂ ਵਿਚਲੇ ਅੰਤਰ ਸੰਬੰਧਾਂ ਦੀ ਵਿਆਖਿਆ ਹੇਠਾਂ ਦਿੱਤੇ ਰੇਖਾ-ਚਿੱਤਰਾਂ ਤੋਂ ਸਾਫ਼ ਦਿਸਦੀ ਹੈ :




ਰੇਖਾ ਚਿੱਤਰ ਨੰ. 2

ਉਪਰੋਕਤ ਰੇਖਾ-ਚਿੱਤਰ ਦਾ (a) ਭਾਗ, ਦੋ ਵਕਰਾਂ ਦੇ ਆਪਸ ਵਿਚ ਕੱਟਣ ਕਾਰਨ (Ne) ਉੱਤੇ ਪੂਰਨ ਰੋਜ਼ਗਾਰ ਦੇ ਸਮਤੋਲ ਪੱਧਰ ਦਾ ਨਿਰਧਾਰਣ ਵਿਖਾਉਂਦਾ ਹੈ। ਪੂਰਨ ਰੋਜ਼ਗਾਰ ਦੇ ਪੱਧਰ ਨੂੰ ਹਾਸਲ ਕਰਨ ਲਈ (W/P)e ਅਸਲ ਮਜ਼ਦੂਰੀ ਦਾ ਹੋਣਾ ਜ਼ਰੂਰੀ ਹੈ। ਰੇਖਾ-ਚਿੱਤਰ ਦੇ ਭਾਗ (b) ਤੋਂ ਦਿੱਸਦਾ ਹੈ ਕਿ ਕਿਵੇਂ ਪੂਰਨ ਰੋਜ਼ਗਾਰ ਦਾ ਪੱਧਰ ਅਤੇ Ne ਅਤੇ (W/P)e ਉਤਪਾਦਨ ਦੇ Ye ਪੱਧਰ ਨੂੰ ਨਿਰਧਾਰਿਤ ਕਰਦੇ ਹਨ। ਰੇਖਾ ਚਿੱਤਰ ਦੇ ਭਾਗ (c) ਵਿਚ ਅਸੀਂ ਵੇਖਦੇ ਹਾਂ ਕਿ MV ਅਤੇ Ye ਦੇ ਦਿੱਤੇ ਹੋਣ ਤੇ ਕੀਮਤਾਂ ਦਾ ਪੱਧਰ Pe ਸਥਾਪਿਤ ਹੁੰਦਾ ਹੈ। ਭਾਗ (d) ਸਮਤੋਲ ਦੇ ਸਥਾਪਿਤ ਹੋਣ ਲਈ ਮੁਦਰਕ ਮਜ਼ਦੂਰੀ ਦੇ ਜ਼ਰੂਰੀ ਸਮਾਯੋਜਨ ਨੂੰ ਦੱਸਦਾ ਹੈ। ਰੇਖਾ ਚਿੱਤਰ ਦੇ ਭਾਗ (c) ਵਿਚ ਸਥਾਪਿਤ ਹੋਏ Pe ਕੀਮਤ ਪੱਧਰ ਉੱਤੇ ਲੋੜੀਂਦੀ ਮੁਦਰਕ ਮਜ਼ਦੂਰੀ, ਰੇਖਾ ਚਿੱਤਰ ਦੇ (d) ਭਾਗ ਵਿਚ We ਤੇ ਸਥਾਪਿਤ ਹੁੰਦੀ ਹੈ। ਜੇ ਮੁਦਰਕ ਮਜ਼ਦੂਰੀ ਦਰ We ਤੋਂ ਉੱਚੀ ਹੁੰਦੀ ਹੈ ਤਾਂ ਮਜ਼ਦੂਰਾਂ ਵਿਚ ਆਪਸੀ ਮੁਕਾਬਲੇ ਕਾਰਨ ਅਤੇ ਬੇਕਾਰੀ ਕਾਰਨ ਨਕਦ ਮਜ਼ਦੂਰੀ ਦੀ ਦਰ ਉੱਨਾ ਚਿਰ ਤੱਕ ਡਿੱਗਦੀ ਜਾਵੇਗੀ ਜਦ ਤੱਕ ਅਰਥ ਵਿਵਸਥਾ ਵਿਚ ਫਿਰ ਦੁਬਾਰਾ ਉਸ ਮਜ਼ਦੂਰੀ ਦੀ ਦਰ ਤੇ ਪੂਰਨ ਰੋਜ਼ਗਾਰ ਸਮਤੋਲ ਸਥਾਪਤ ਨਹੀਂ ਹੋ ਜਾਂਦਾ। ਇੱਥੇ ਇਹ ਦੱਸਣਾ ਵੀ ਜ਼ਰੂਰੀ

ਜਾਪਦਾ ਹੈ ਕਿ MV ਵਿਚ ਹੋਇਆ ਵਾਧਾ ਅਰਥ ਵਿਵਸਥਾ ਦੇ ਅਸਲ ਪੱਖ ਉੱਤੇ ਕੋਈ ਅਸਰ ਨਹੀਂ ਕਰਦਾ ਅਤੇ ਸਿਰਫ ਮੁਦਰਕ ਪੱਖ ਉੱਤੇ ਹੀ ਅਸਰ ਪੈਂਦਾ ਹੈ।


ਇਸ ਤਰ੍ਹਾਂ ਇਸ ਸਾਧਾਰਣ ਸਨਾਤਨੀ ਮਾਡਲ ਤੋਂ ਸਾਨੂੰ ਸਮਤੋਲ ਮੁੱਲਾਂ ਦੇ ਪੂਰਨ ਗੁੱਟ (set) ਦਾ ਪਤਾ ਚਲਦਾ ਹੈ, ਅਤੇ ਇਹ ਹਨ ਰੋਜ਼ਗਾਰ (Ne), ਉਤਪਾਦਨ (Ye), ਕੀਮਤ ਪੱਧਰ (Pe) ਅਤੇ ਮੁਦਰਕ ਮਜ਼ਦੂਰੀ (We)। ਜੇ ਉਤਪਾਦਨ ਫਲਨ ਜਾਂ ਮਜ਼ਦੂਰਾਂ ਦੀ ਪੂਰਤੀ ਵਕਰ ਜਾਂ ਮੁਦਰਾ ਦੀ ਪੂਰਤੀ ਜਾਂ ਇਸ ਦੇ ਵੇਗ ਵਿਚ ਕੋਈ ਤਬਦੀਲੀ ਨਾ ਹੋਵੇ ਤਾਂ ਇਸ ਉਪਰੋਕਤ ਦੱਸੇ ਮੁੱਲਾਂ ਦੇ ਸੈੱਟ ਵਿਚ ਸਮੇਂ ਨਾਲ ਵੀ ਕੋਈ ਤਬਦੀਲੀ ਨਹੀਂ ਆਏਗੀ। ਪਰੰਤੂ ਅਸਲ ਵਿਚ ਇਨ੍ਹਾਂ ਤੱਥਾਂ ਜਾਂ ਨਿਰਧਾਰਕਾਂ ਵਿਚ ਸਮੇਂ ਨਾਲ ਤਬਦੀਲੀ ਆ ਜਾਂਦੀ ਹੈ ਅਤੇ ਅਜਿਹੀ ਹਰੇਕ ਤਬਦੀਲੀ ਨਾਲ (ਸਨਾਤਨੀ ਪ੍ਰਣਾਲੀ ਵਿਚ) ਨਵੇਂ ਸਮਤੋਲ ਮੁੱਲ ਸਥਾਪਿਤ ਹੋ ਜਾਂਦੇ ਹਨ। ਇਨ੍ਹਾਂ ਨਿਰਧਾਰਕਾਂ ਵਿਚ ਤਬਦੀਲੀ ਲਿਆ ਕੇ ਸਨਾਤਨੀ ਰੋਜ਼ਗਾਰ ਦੇ ਸਿਧਾਂਤ ਦੀ ਵਿਆਖਿਆ ਕੀਤੀ ਜਾ ਸਕਦੀ ਹੈ ਕਿ ਇਹ ਕਿਵੇਂ ਕੰਮ ਕਰਦਾ ਹੈ। ਇਥੇ ਇਹ ਦੱਸਣਾ ਵੀ ਢੁੱਕਵਾਂ ਹੈ ਕਿ ਇਸ ਸਨਾਤਨੀ ਮਾਡਲ ਵਿਚ ਦੋ ਹੀ ਸਵਤੰਤਰ ਚਰ ਹਨ ਜਿਹਨਾਂ ਵਿਚ ਬਾਹਰਲੇ (Exogenous) ਕਾਰਨਾਂ ਕਰਕੇ ਜ਼ਬਰਦਸਤ ਤਬਦੀਲੀ ਹੁੰਦੀ ਹੈ ਅਤੇ ਉਹ ਹਨ, ਮੁਦਰਾ ਦੀ ਪੂਰਤੀ ਅਤੇ ਉਤਪਾਦਨ ਫਲਨ ਵਿਚ ਤਬਦੀਲੀ। ਇਨ੍ਹਾਂ ਸਵਤੰਤਰ ਚਰਾਂ ਵਿਚ ਤਬਦੀਲੀ ਕਾਰਨ ਜੋ ਅਸਰ ਸਮਤੋਲ ਮੁੱਲਾਂ ਉਤੇ ਪੈਂਦਾ ਹੈ ਉਹ ਹੇਠਲੇ ਰੇਖਾ-ਚਿੱਤਰ ਤੋਂ ਸਮਝਿਆ ਜਾ ਸਕਦਾ ਹੈ।


### 1.3.4.1 ਉਤਪਾਦਨ ਫਲਨ ਵਿਚ ਤਬਦੀਲੀ

ਉਤਪਾਦਨ ਫਲਨ ਵਿਚ ਹੋਣ ਵਾਲੀ ਤਬਦੀਲੀ ਸਮਾਨ ਅੰਤਰ ਜਾਂ ਨਾ-ਸਮਾਨ ਅੰਤਰ ਕਿਸਮ ਦੀ ਹੋ ਸਕਦੀ ਹੈ। ਦੂਜੀ ਕਿਸਮ ਦੀ ਤਬਦੀਲੀ, ਮਜ਼ਦੂਰੀ ਦੀ ਔਸਤ ਸੀਮਾਂਤਕ ਉਪਜ, ਦੋਹਾਂ ਵਿਚ ਤਬਦੀਲੀ ਲਿਆਉਂਦੀ ਹੈ। ਪਰੰਤੂ ਜੇ ਉਤਪਾਦਨ ਫਲਨ ਵਿਚ ਹੋਣ ਵਾਲੀ ਤਬਦੀਲੀ ਸਮਾਨ ਅੰਤਰ ਹੋਵੇ ਤਾਂ ਮਜ਼ਦੂਰ ਦੀ ਸਿਰਫ ਔਸਤ ਉਤਪਾਦਿਕਤਾ ਹੀ ਬਦਲਦੀ ਹੈ। ਪਹਿਲਾਂ ਅਸੀਂ ਉਤਪਾਦਨ ਫਲਨ ਵਿਚ ਗੈਰ ਸਮਾਨ ਅੰਤਰ ਢੰਗ ਦੀ ਤਬਦੀਲੀ ਦੀ ਚਰਚਾ ਕਰਾਂਗੇ।

#### 1.3.4.1.1 ਉਤਪਾਦਨ ਫਲਨ ਵਿਚ ਗੈਰ-ਸਮਾਨ-ਅੰਤਰ ਤਬਦੀਲੀ ਅਤੇ ਸਨਾਤਨੀ ਮਾਡਲ

ਰੇਖਾ ਚਿੱਤਰ 3b ਵਿੱਚ ਅਸੀਂ ਉਤਪਾਦਨ ਫਲਨ ਵਿਚ ਹੋਈ ਗੈਰ-ਸਮਾਨ-ਅੰਤਰ ਤਬਦੀਲੀ ਵੇਖਦੇ ਹਾਂ। ਇਸ ਤਰ੍ਹਾਂ ਦੀ ਤਬਦੀਲੀ ਨਾਲ ਮਜ਼ਦੂਰ ਦੀ ਉਤਪਾਦਿਕਤਾ ਵੱਧ ਜਾਂਦੀ ਹੈ ਅਤੇ ਇਸ ਤਰ੍ਹਾਂ ਮਜ਼ਦੂਰਾਂ ਦੀ ਮੰਗ ਵੱਧ ਕੇ Ndi ਹੋ ਜਾਂਦੀ ਹੈ।






ਰੇਖਾ ਚਿੱਤਰ ਨੰ: 3

ਅਸੀਂ ਜਾਣਦੇ ਹਾਂ ਕਿ ਮਜ਼ਦੂਰਾਂ ਲਈ ਮੰਗ ਵਕਰ ਉਤਪਾਦਨ ਫਲਨਾਂ ਤੋਂ ਕੱਢਿਆ ਜਾਂਦਾ ਹੈ। ਉਤਪਾਦਨ ਫਲਨ ਵਿਚ ਹੋਣ ਵਾਲੀ ਤਬਦੀਲੀ ਮਜ਼ਦੂਰਾਂ ਲਈ ਮੰਗ ਵਕਰ (Demand Curve of labour) ਵਿਚ ਤਬਦੀਲੀ ਦਾ ਕਾਰਨ ਬਣਦੀ ਹੈ ਕਿਉਂਕਿ ਮਜ਼ਦੂਰਾਂ ਦੀ ਪੂਰਤੀ ਓਹੀ ਹੁੰਦੀ ਹੈ, ਫਰਮਾਂ ਨੂੰ ਉੱਚੀ ਅਸਲ ਮਜ਼ਦੂਰੀ $(W/P)_1$ ਦੇਣੀ ਪੈਂਦੀ ਹੈ ਤਾਂ ਕਿ ਵਾਧੂ ਮਜ਼ਦੂਰਾਂ (N) ਨੂੰ ਕੰਮ ਉਤੇ ਲਾਉਣ ਲਈ ਉਕਸਾਇਆ ਜਾ ਸਕੇ। ਜਿਵੇਂ ਕਿ ਰੇਖਾ ਚਿੱਤਰ ਦੇ ਭਾਗ (b) ਤੋਂ ਸਪੱਸ਼ਟ ਹੈ, ਜ਼ਿਆਦਾ ਮਜ਼ਦੂਰਾਂ ਨੂੰ ਰੋਜ਼ਗਾਰ ਮਿਲਣ ਤੇ ਹੀ ਉਤਪਾਦਨ ਨਹੀਂ ਵਧਦਾ, ਸਗੋਂ ਇਸ ਕਰਕੇ ਵੀ ਵਧਦਾ ਹੈ ਕਿ ਮਜ਼ਦੂਰਾਂ ਦੀ ਉਤਪਾਦਿਕਤਾ ਵੱਧ ਗਈ ਹੈ। ਇਸ ਤਰ੍ਹਾਂ ਉਤਪਾਦਨ ਫਲਨ ਦੇ ਵਧ ਕੇ Ye ਤੋਂ Yi ਹੋ ਜਾਣ ਕਾਰਨ ਕੀਮਤ ਪੱਧਰ ਡਿੱਗ ਕੇ Pi ਹੋ ਜਾਂਦਾ ਹੈ। ਕਿਉਂਕਿ ਮੁਦਰਕ ਮੰਡੀ ਵਿਚ ਕੋਈ ਤਬਦੀਲੀ ਨਹੀਂ ਹੋਈ, ਇਸ ਤਰ੍ਹਾਂ ਵਾਧੂ ਉਤਪਾਦਨ ਘੱਟ ਕੀਮਤਾਂ ਉਤੇ ਹੀ ਵਿਕ ਸਕਦਾ ਹੈ। ਰੇਖਾ ਚਿੱਤਰ (b) ਤੋਂ ਸਪੱਸ਼ਟ ਹੈ ਕਿ ਵਾਧੂ ਮਜ਼ਦੂਰਾਂ (ਜਿਵੇਂ ਕਿ ਰੇਖਾ ਚਿੱਤਰ "a" ਵਿਚ ਦਿਸਦਾ ਹੈ) ਨੂੰ ਕੰਮ ਉਤੇ ਲਗਾਉਣ ਲਈ ਅਸਲ ਮਜ਼ਦੂਰੀ ਵਧਣੀ ਚਾਹੀਦੀ ਹੈ। ਕੀਮਤਾਂ ਦਾ ਡਿੱਗਣਾ, ਰੇਖਾ ਚਿੱਤਰ ਦੇ ਭਾਗ (c) ਤੋਂ ਦਿੱਸਦਾ ਹੈ। ਕੀਮਤਾਂ ਦੇ ਡਿੱਗਣ ਨਾਲ, ਅਸਲ ਮਜ਼ਦੂਰੀ ਵਧਦੀ ਹੈ। ਵੇਖਣ ਵਾਲੀ ਗੱਲ ਇਹ ਹੈ ਕਿ ਰੇਖਾ ਚਿੱਤਰ ਦੇ ਭਾਗ (d) ਵਿਚ ਮੁਦਰਕ ਮਜ਼ਦੂਰੀ ਵੀ ਵਧਦੀ ਹੈ। ਮੁਦਰਕ ਮਜ਼ਦੂਰੀ ਦੇ ਵਧਣ ਤੇ ਅਤੇ ਕੀਮਤਾਂ ਦੇ ਡਿੱਗਣ ਤੇ ਅਸਲ ਮਜ਼ਦੂਰੀ ਵਧਦੀ ਹੈ। ਪਰ ਅਸਲ ਮਜ਼ਦੂਰੀ ਤਾਂ ਕੀਮਤਾਂ ਡਿੱਗਣ ਤੇ ਅਤੇ ਮੁਦਰਕ ਮਜ਼ਦੂਰੀ ਦੇ ਓਹੀ ਰਹਿਣ ਤੇ ਵਧਦੀ ਹੈ।

### 1.3.4.1.2 ਉਤਪਾਦਨ ਫਲਨ ਵਿਚ ਸਮਾਨ-ਅੰਤਰ ਤਬਦੀਲੀ


ਅਜਿਹੀ ਤਕਨੀਕੀ ਤਬਦੀਲੀ, ਜਿਸ ਨਾਲ ਉਤਪਾਦਨ ਫਲਨ ਵਿਚ ਸਮਾਨ-ਅੰਤਰ ਤਬਦੀਲੀ ਹੁੰਦੀ ਹੈ, ਮਜ਼ਦੂਰ ਦੀ ਔਸਤ ਉਤਪਾਦਿਕਤਾ ਤਾਂ ਬਦਲਦੀ ਹੈ ਪਰੰਤੂ ਸੀਮਾਂਤ ਉਤਪਾਦਿਕਤਾ ਓਹੋ ਰਹਿੰਦੀ ਹੈ। ਇਸ ਸਮਾਨ-ਅੰਤਰ ਤਬਦੀਲੀ ਦੇ ਸਿੱਟੇ ਵਜੋਂ, ਮਜ਼ਦੂਰਾਂ ਲਈ ਮੰਗ ਵਕਰ ਵਿਚ ਕੋਈ ਤਬਦੀਲੀ ਨਹੀਂ ਹੁੰਦੀ। ਨਿਮਨ ਰੇਖਾ ਚਿੱਤਰ ਦੇ ਭਾਗ (b) ਤੋਂ ਦਿੱਸਦਾ ਹੈ ਕਿ ਜਦੋਂ ਉਤਪਾਦਨ ਫਲਨ ਵਿਚ ਸਮਾਨ ਅੰਤਰ ਤਬਦੀਲੀ ਦੇ ਸਿੱਟੇ ਵਜੋਂ ਇਹ Ye ਤੋਂ $Y_1$ ਹੋ ਜਾਂਦਾ ਹੈ ਤਾਂ ਉਤਪਾਦਨ, $Y_1$ ਤੋਂ ਡਿੱਗ ਕੇ Ye ਹੋ ਜਾਂਦਾ ਹੈ। ਇਸ ਤਰ੍ਹਾਂ ਉਤਪਾਦਨ ਦੇ ਵਧਣ ਨਾਲ ਜੇ MV ਓਹੀ ਰਹੇ ਤਾਂ ਕੀਮਤਾਂ ਦਾ ਪੱਧਰ ਡਿੱਗ ਕੇ $P_1$ ਤੇ ਪਹੁੰਚ ਜਾਂਦਾ ਹੈ, ਜਿਵੇਂ ਕਿ ਰੇਖਾ ਚਿੱਤਰ

4 ਦੇ ਭਾਗ C ਤੋਂ ਦਿੱਸਦਾ ਹੈ ਅਤੇ ਇਸ ਤਰ੍ਹਾਂ ਅਸਲ ਮਜ਼ਦੂਰੀ ਵਧ ਕੇ $(W/p)_1$ ਹੋ ਜਾਂਦੀ ਹੈ। ਇਹ ਵਧੀ ਹੋਈ ਅਸਲ ਮਜ਼ਦੂਰੀ, ਜੇ ਇਸੇ ਤਰ੍ਹਾਂ ਹੀ ਰਹੇ ਤਾਂ ਬੇਕਾਰੀ ਦੀ ਸਮੱਸਿਆ ਖੜ੍ਹੀ ਹੋ ਜਾਂਦੀ ਹੈ ਜਿਵੇਂ ਕਿ ਇਸ ਰੇਖਾ ਚਿੱਤਰ ਦੇ ਭਾਗ a ਤੋਂ Rs ਦੇ ਬਰਾਬਰ ਨਜ਼ਰ ਆਉਂਦੀ ਹੈ।

ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਸਨਾਤਨੀ ਅਰਥ-ਸ਼ਾਸਤਰੀਆਂ ਅਨੁਸਾਰ, ਬੇਕਾਰ ਮਜ਼ਦੂਰਾਂ ਵਿਚ ਮੁਕਾਬਲਾ ਹੋਣ ਕਾਰਨ ਮੁਦਰਕ ਮਜ਼ਦੂਰੀ ਦੀ ਦਰ ਘਟ ਕੇ We ਤੇ ਪਹੁੰਚ ਜਾਂਦੀ ਹੈ ਅਤੇ ਬੇਕਾਰੀ ਦੂਰ ਹੋ ਜਾਂਦੀ ਹੈ ਅਤੇ ਉਹ ਪੁਰਾਣੀ ਅਸਲ ਮਜ਼ਦੂਰੀ We ਸਥਾਪਿਤ ਹੋ ਜਾਂਦੀ ਹੈ।

ਵੇਖਣ ਵਾਲੀ ਗੱਲ ਇਹ ਹੈ ਕਿ ਇਹ ਘਟਦੀ ਹੋਈ ਜਾਂ ਮੁਦਰਕ ਮਜ਼ਦੂਰੀ ਦੀ ਦਰ ਮਜ਼ਦੂਰਾਂ ਨੂੰ ਲੰਮੇ ਸਮੇਂ ਤੱਕ ਸੁਖਾਉਂਦੀ ਨਹੀਂ, ਕਿਉਂਕਿ ਮਜ਼ਦੂਰਾਂ ਉਤੇ ਮੁਦਰਾ ਭਰਮਤਾ (money illusion) ਦਾ ਜ਼ਿਆਦਾ ਅਸਰ ਹੁੰਦਾ ਹੈ, ਭਾਵੇਂ ਸਾਡੀ ਵਿਆਖਿਆ ਵਿਚ ਕੀਮਤਾਂ ਦੇ ਡਿੱਗਣ ਨਾਲ ਅਸੀਂ ਵੇਖਦੇ ਹਾਂ ਕਿ ਅਸਲ ਪ੍ਰਣਾਲੀ ਅਨੁਸਾਰ, ਬੇਰੋਜ਼ਗਾਰੀ ਹੋ ਜਾਵੇਗੀ ਪਰੰਤੂ ਸਨਾਤਨੀ ਅਰਥ-ਸ਼ਾਸਤਰੀਆਂ ਦੀ ਮੰਨਤ ਤਾਂ ਪੂਰਣ ਮੁਕਾਬਲੇ ਦੀ ਹਾਲਤ ਅਧੀਨ ਮਜ਼ਦੂਰੀ ਦੀ ਦਰ ਥੱਲੇ ਨੂੰ ਜਾਣ ਲਈ ਕਠੋਰ (rigid) ਨਹੀਂ ਹੋ ਸਕਦੀ। ਸਿੱਟੇ ਵਜੋਂ ਅਸੀਂ ਇਹ ਕਹਿ ਸਕਦੇ ਹਾਂ ਕਿ ਸਨਾਤਨੀ ਪ੍ਰਣਾਲੀ ਵਿਚ, ਜੇ ਗੈਰ-ਮੁਕਾਬਲੇ ਦੀ ਹਾਲਤ ਨੂੰ ਮੰਨ ਕੇ ਚੱਲੀਏ ਤਾਂ ਕਠੋਰ (rigid) ਮਜ਼ਦੂਰੀ ਦੀ ਦਰ ਬੇਕਾਰੀ ਦਾ ਕਾਰਨ ਬਣਦੀ ਹੈ ਅਤੇ ਅਜਿਹੀ ਬੇਕਾਰੀ ਜ਼ਰੂਰੀ ਤੌਰ ਤੇ ਇੱਛੁਕ ਬੇਕਾਰੀ ਕਹੀ ਜਾ ਸਕਦੀ ਹੈ।

**ਉਤਪਾਦਨ ਫਲਨ ਵਿਚ ਸਮਾਨ-ਅੰਤਰ ਤਬਦੀਲੀ :**





ਰੇਖਾ ਚਿੱਤਰ ਨੰ: 4

ਹੁਣ ਅਸੀਂ ਵੇਖਾਂਗੇ ਕਿ ਮੁਦਰਾ ਦੀ ਪੂਰਤੀ ਵਿਚ ਤਬਦੀਲੀ ਹੋਣ ਨਾਲ ਆਰਥਿਕ ਪ੍ਰਣਾਲੀ ਕਿਵੇਂ ਪ੍ਰਭਾਵਿਤ ਹੁੰਦੀ ਹੈ।

### 1.3.4.1.3 ਮੁਦਰਾ ਦੀ ਪੂਰਤੀ ਵਿਚ ਤਬਦੀਲੀ :

ਹੇਠਾਂ ਦਿੱਤੇ ਰੇਖਾ ਚਿੱਤਰ ਨੰ: 5(c) ਵਿਚ ਅਸੀਂ ਵੇਖਦੇ ਹਾਂ ਕਿ ਮੁਦਰਾ ਦੀ ਸੰਚਾਲਨ ਗਤੀ (V) ਦੇ ਉਹੀ ਰਹਿਣ ਤੇ ਜਦੋਂ ਮੁਦਰਾ ਦੀ ਮਾਤਰਾ (M) ਵਿਚ ਕੋਈ ਵਾਧਾ ਹੁੰਦਾ ਹੈ ਤਾਂ MV ਦੇ ਵਿਚ ਵੀ ਉਸੇ ਅਨੁਪਾਤ ਨਾਲ ਵਾਧਾ ਹੁੰਦਾ ਹੈ। ਸਮਤਾ ਸਮੀਕਰਣ (Identity equation) MV=PO ਦੱਸਦੀ ਹੈ ਕਿ ਮੁਦਰਾ ਦੀ ਕੁੱਲ ਪੂਰਤੀ (MV) ਵਿਚ ਦਿੱਤੇ ਹੋਏ ਵਾਧੇ ਨੂੰ ਕੁੱਲ ਮੁਦਰਾ ਖਰਚ (PO) ਵਿਚ ਵੀ ਉੱਨਾ ਹੀ ਵਾਧਾ ਲਿਆਉਣਾ ਚਾਹੀਦਾ ਹੈ। ਜੇ (V) ਅਤੇ ਪੂਰਣ ਰੋਜ਼ਗਾਰ ਦੇ ਪੱਧਰ ਦਾ ਉਤਪਾਦਨ (O) ਉਹੀ ਰਹੇ ਤਾਂ ਮੁਦਰਾ ਦੀ ਪੂਰਤੀ ਵਿਚ ਤਬਦੀਲੀ ਵਜੋਂ ਕੁੱਲ ਮੰਗ ਵਿਚ ਆਈ

ਤਬਦੀਲੀ ਕੀਮਤ ਪੱਧਰ ਵਿਚ ਉਸੇ ਅਨੁਪਾਤ ਨਾਲ ਤਬਦੀਲੀ ਲਿਆਏਗੀ, ਜਿਵੇਂ ਕਿ ਰੇਖਾ ਚਿੱਤਰ 5 ਦੇ ਭਾਗ C ਤੋਂ ਸਪੱਸ਼ਟ ਹੈ :




ਰੇਖਾ ਚਿੱਤਰ ਨੰ: 5

ਇਸ ਤਰ੍ਹਾਂ ਸੇ ਦਾ ਨਿਯਮ, ਮੁਦਰਾ ਦੀ ਮਾਤਰਾ ਸਿਧਾਂਤ ਅਤੇ ਲਚਕਦਾਰ ਮਜ਼ਦੂਰੀ ਕੀਮਤ ਢਾਂਚਾ ਆਦਿ ਸੰਦਾਂ ਦੀ ਵਰਤੋਂ ਕਰਕੇ, ਸਨਾਤਨੀ ਅਰਥ ਸ਼ਾਸਤਰੀ ਇਹ ਗੱਲ ਕਹਿੰਦੇ ਸਨ ਕਿ ਲੰਮੇ ਸਮੇਂ ਵਿਚ ਸਦਾ ਹੀ ਅਰਥ ਵਿਵਸਥਾ ਵਿਚ ਪੂਰਨ ਰੋਜ਼ਗਾਰ ਸਮਤੋਲ ਦੇ ਹੋਣ ਦੀ ਪ੍ਰਵਿਰਤੀ ਹੁੰਦੀ ਹੈ। ਸੇ ਦੇ ਨਿਯਮ ਦੀ ਤਰ੍ਹਾਂ ਸਨਾਤਨੀ ਅਰਥ ਸ਼ਾਸਤਰੀ ਹੁਣ, ਸੰਚਣ (hoarding) ਨੂੰ ਇਕ ਬੇ-ਸਮਝੀ (irrational) ਵਾਲੀ ਕ੍ਰਿਆ ਸਮਝਦੇ ਹਨ।


**ਸਵੈ-ਅਭਿਆਸ ਲਈ ਪ੍ਰਸ਼ਨ :**

(i) MV=PO ਸਮੀਕਰਣ ਕੀ ਦੱਸਦੀ ਹੈ?

(ii) ਸਨਾਤਨੀ ਅਰਥ ਸ਼ਾਸਤਰੀਆਂ ਅਨੁਸਾਰ ਕਠੋਰ ਮਜ਼ਦੂਰੀ ਦੀ ਦਰ ਅਤੇ ਰੋਜ਼ਗਾਰ ਵਿਚਲਾ ਸਬੰਧ ਕਿਹੋ ਜਿਹਾ ਹੈ?

### 1.3.5 ਬੱਚਤ ਅਤੇ ਨਿਵੇਸ਼ ਨਾਲ ਸਨਾਤਨੀ ਮਾਡਲ

ਸਨਾਤਨੀ ਮਾਡਲ, ਜਿਹੜਾ ਅਸੀਂ ਹੁਣ ਤੱਕ ਪੜ੍ਹਿਆ ਹੈ, ਉਹ ਬਹੁਤ ਹੀ ਸਾਧਾਰਣ ਤੇ ਸੌਖਾ ਸੀ, ਕਿਉਂਕਿ ਉਸ ਵਿੱਚ ਬੱਚਤ ਅਤੇ ਨਿਵੇਸ਼ ਨੂੰ ਸ਼ਾਮਲ ਨਹੀਂ ਸੀ ਕੀਤਾ ਗਿਆ ਅਤੇ ਇਸ ਗੱਲ ਨੂੰ ਧਿਆਨ ਵਿਚ ਨਹੀਂ ਸੀ ਲਿਆ ਗਿਆ ਕਿ ਕੁੱਲ ਮੰਗ, ਉਪਭੋਗ ਪਦਾਰਥਾਂ ਅਤੇ ਨਿਵੇਸ਼ ਪਦਾਰਥਾਂ ਦੀ ਮੰਗ ਦਾ ਜੋੜ ਹੁੰਦੀ ਹੈ।


ਉਤਪਾਦਨ
O
Ne
N
(a) ਰੋਜ਼ਗਾਰ
Y
Oe
MV
Pe
(c) ਕੀਮਤ ਪੱਧਰ
P
W/P
ਮਜ਼ਦੂਰੀ
[W/P]e
SL
DL
(b) ਰੋਜ਼ਗਾਰ
We
[W/P]0
Po
(d) ਕੀਮਤ ਪੱਧਰ
r
ਵਿਆਜ
r0
S
I
S,I
(c) ਬੱਚਤ ਅਤੇ ਨਿਵੇਸ਼

ਰੇਖਾ ਚਿੱਤਰ - 6

ਸਨਾਤਨੀ ਮਾਡਲ ਵਿਚ ਹੁਣ ਤੱਕ ਅਸੀਂ ਪੜ੍ਹਿਆ ਹੈ ਕਿ ਹੇਠ ਦਿੱਤੇ ਬੁਨਿਆਦੀ ਸੁਆਲ, ਜੋ ਮੈਕਰੋ ਅਰਥ ਸ਼ਾਸਤਰ ਨਾਲ ਸਬੰਧਿਤ ਹਨ, ਉਨ੍ਹਾਂ ਦਾ ਕੀ ਜੁਆਬ ਹੈ।

ਅਰਥਾਤ ਉਤਪਾਦਨ, ਰੋਜ਼ਗਾਰ, ਬੱਚਤ, ਉਪਭੋਗ, ਨਿਵੇਸ਼, ਕੀਮਤ ਅਤੇ ਮਜ਼ਦੂਰੀ ਦਾ ਪੱਧਰ ਆਦਿ ਨੂੰ ਕੌਣ ਨਿਰਧਾਰਿਤ ਕਰਦਾ ਹੈ। ਹੇਠਾਂ ਦਿੱਤਾ ਚਿੱਤਰ ਨੰ: 6, ਇਨ੍ਹਾਂ ਸਵਾਲਾਂ (Propositions) ਦੇ ਅੰਤਰ-ਸਬੰਧਾਂ ਨੂੰ ਬੱਚਤ ਅਤੇ ਨਿਵੇਸ਼ ਸਮੇਤ ਦੱਸਦਾ ਹੈ।

ਰੇਖਾ ਚਿੱਤਰ 6 ਦੇ ਭਾਗ (b) ਵਿਚ ਅਸੀਂ ਵੇਖਦੇ ਹਾਂ ਕਿ ਮਜ਼ਦੂਰਾਂ ਦੀ ਪੂਰਤੀ (SL) ਅਤੇ ਮੰਗ (DL) ਵਕਰਾਂ ਦੇ ਕੱਟਣ ਨਾਲ, ਅਸਲ ਮਜ਼ਦੂਰੀ (W/P)e ਅਤੇ ਰੋਜ਼ਗਾਰ ਦਾ ਪੱਧਰ (Ne) ਉੱਤੇ ਨਿਰਧਾਰਿਤ ਹੁੰਦਾ ਹੈ। ਇਸ ਰੇਖਾ ਚਿੱਤਰ ਦੇ ਭਾਗ (a) ਤੋਂ ਸਪੱਸ਼ਟ ਹੈ ਕਿ ਜੇ ਉਤਪਾਦਨ ਦੀਆਂ ਤਕਨੀਕਾਂ ਉਹੀ ਰਹਿਣ ਤਾਂ ਥੋੜ੍ਹੇ ਸਮੇਂ ਵਿਚ ਉਤਪਾਦਨ, ਰੋਜ਼ਗਾਰ ਦਾ ਫਲਨ ਹੁੰਦਾ ਹੈ।

ਭਾਗ (c) ਤੋਂ ਪਤਾ ਚਲਦਾ ਹੈ ਕਿ ਉਤਪਾਦਨ Oe ਦੀ ਕੀਮਤ Pe ਮਿਥੀ ਜਾਂਦੀ ਹੈ, ਜਦੋਂ ਮੁਦਰਾ ਦੀ ਪੂਰਤੀ ਅਤੇ ਉਸ ਦੀ ਸੰਚਾਲਨ ਗਤੀ (V) ਉਹੀ ਰਹੇ, ਅਰਥਾਤ P, MV ਉਤੇ ਨਿਰਭਰ ਕਰਦਾ ਹੈ। ਮਜ਼ਦੂਰੀ ਦਾ ਸਮਤੋਲ ਪੱਧਰ, ਜਿਵੇਂ ਕਿ ਰੇਖਾ ਚਿੱਤਰ ਦੇ (b) ਭਾਗ ਤੋਂ ਸਪਸ਼ਟ ਹੈ, (W/P)e ਅਤੇ ਕੀਮਤ ਪੱਧਰ (Pe), ਜੋ ਕਿ ਭਾਗ (c) ਤੋਂ ਨਿਰਧਾਰਤ ਹੁੰਦਾ ਹੈ। ਮੁਦਰਕ ਮਜ਼ਦੂਰੀ ਦੀ ਲੋੜੀਂਦੀ ਦਰ ਰੇਖਾ ਚਿੱਤਰ ਦੇ ਭਾਗ (d) ਵਿਚ ਨਿਰਧਾਰਤ ਹੁੰਦੀ ਹੈ, ਜੋ ਕਿ We ਹੈ। ਰੇਖਾ ਚਿੱਤਰ ਦੇ ਭਾਗ (c) ਵਿਚ ਅਸੀਂ ਦੇਖਦੇ ਹਾਂ ਕਿ ਵਿਆਜ ਦੀ ਦਰ ਖੁਦ, ਬੱਚਤ ਅਤੇ ਨਿਵੇਸ਼ ਦੇ ਵਕਰਾਂ ਦੇ ਕੱਟਣ ਤੋਂ ਮਿੱਥੀ ਜਾਂਦੀ ਹੈ। ਇਥੋਂ ਇਹ ਪਤਾ ਲੱਗਦਾ ਹੈ ਕਿ ਕਿਵੇਂ ਅਸਲ ਆਮਦਨ, ਬੱਚਤ ਅਤੇ ਉਪਭੋਗ (Y=C+I) ਵਿਚ ਵੰਡਿਆ ਜਾਂਦਾ ਹੈ। ਇਸ ਲਈ ਅਸੀਂ ਵੇਖਦੇ ਹਾਂ ਕਿ (S=1), ਸਨਾਤਨੀ ਸਿਧਾਂਤ ਵਿਚ ਵੀ ਕੇਨਜ਼ੀ ਪ੍ਰਣਾਲੀ ਵਾਂਗ ਹੀ ਇਕ ਮੌਲਿਕ ਬਰਾਬਰੀ ਹੈ। ਫਰਕ ਸਿਰਫ ਇੰਨਾਂ ਹੈ ਕਿ ਸਨਾਤਨੀ ਮਾਡਲ ਵਿਚ, ਜੇ ਇਨ੍ਹਾਂ ਵਿਚ (S ਅਤੇ I ਵਿੱਚ) ਕੋਈ ਗੈਰ ਬਰਾਬਰੀ ਹੋ ਜਾਵੇ ਤਾਂ ਵਿਆਜ ਦੀ ਦਰ ਦੁਆਰਾ ਹੀ ਬਰਾਬਰੀ ਆਉਂਦੀ ਹੈ, ਜਦੋਂ ਕਿ ਕੇਨਜ਼ੀ ਪ੍ਰਣਾਲੀ ਵਿਚ ਇਹ ਬਰਾਬਰੀ, ਆਮਦਨ ਦੇ ਬਦਲਦੇ ਪੱਧਰ ਲਿਆਉਂਦੇ ਹਨ।

ਸਨਾਤਨੀ ਮਾਡਲ ਤੋਂ ਨਿਕਲੇ ਸਿੱਟੇ ਦਾ ਸਾਰਾਂਸ਼ ਇਵੇਂ ਹੈ ਕਿ ਮੰਡੀਆਂ ਵਿਚ ਪੂਰਨ ਮੁਕਾਬਲੇ ਦੀ ਸਥਿਤੀ ਵਿਚ ਮਜ਼ਦੂਰੀਆਂ, ਕੀਮਤਾਂ ਅਤੇ ਵਿਆਜ ਦੀਆਂ ਦਰਾਂ ਲਚਕਦਾਰ ਹੋਣ ਕਰਕੇ ਕੁੱਲ ਮੰਗ ਹਮੇਸ਼ਾਂ ਪੂਰਨ ਰੋਜ਼ਗਾਰ ਦੇ ਪੱਧਰ ਤੇ ਹੋਣ ਵਾਲੇ ਉਤਪਾਦਨ ਦੇ ਬਰਾਬਰ ਹੁੰਦੀ ਹੈ। ਅਰਥ ਵਿਵਸਥਾ ਵਿਚ ਮਿਲਣ ਵਾਲੀਆਂ ਕਠੋਰਤਾਵਾਂ (rigidities) ਭਾਵੇਂ ਸਿੱਟਿਆ ਨੂੰ ਤਾਂ ਬਦਲ ਸਕਦੀਆਂ ਹਨ, ਪਰ ਆਰਥਿਕ ਪ੍ਰਣਾਲੀ ਦੇ ਕਾਰ ਵਿਹਾਰ ਬਾਰੇ ਮੌਲਿਕ ਗੱਲਾਂ ਨੂੰ ਨਹੀਂ ਬਦਲ ਸਕਦੀਆਂ।

**ਸਵੈ-ਅਭਿਆਸ ਲਈ ਪ੍ਰਸ਼ਨ –**

(i) ਸਨਾਤਨੀ ਰੋਜ਼ਗਾਰ ਸਿਧਾਂਤ ਅਤੇ ਕੇਨਜ਼ੀ ਸਿਧਾਂਤ ਵਿਚਕਾਰ ਪਾਈ ਜਾਣ ਵਾਲੀ ਜੋ ਮੌਲਿਕ ਬਰਾਬਰੀ ਹੈ, ਉਸ ਸਬੰਧੀ ਇਨ੍ਹਾਂ ਦੋਹਾਂ ਵਿਚ ਫਰਕ ਕੀ ਹੈ?

### 1.3.6 ਵਿਆਜ ਦੀ ਦਰ (Rate of Interest) :-

ਵਿਆਜ ਦੀ ਦਰ ਕੀ ਹੈ? ਅਤੇ ਇਹ ਕਿਵੇਂ ਮਿੱਥੀ ਜਾਂਦੀ ਹੈ, ਆਦਿ ਅਜਿਹਾ ਵਿਸ਼ਾ ਹੈ ਜਿਸ ਦੇ ਬਾਰੇ ਅਰਥ ਸ਼ਾਸਤਰੀਆਂ ਵਿਚ ਕਾਫੀ ਲੰਬੇ ਸਮੇਂ ਤੋਂ ਮਤਭੇਦ ਚਲੇ ਆ ਰਹੇ ਹਨ। ਵਿਆਜ ਦੀ ਦਰ ਕਿਵੇਂ ਮਿੱਥੀ ਜਾਂਦੀ ਹੈ? ਇਸ ਦੇ ਬਾਰੇ ਇੰਨੇ ਜ਼ਿਆਦਾ ਸਿਧਾਂਤ ਮਿਲਦੇ ਹਨ ਕਿ ਸਭ ਨੇ ਆਪੋ ਆਪਣੀ ਵਿਆਖਿਆ ਦੇ ਕੇ ਵਿਆਜ ਦੇ ਵਿਸ਼ੇ ਨੂੰ ਇਕ ਗੁੰਝਲਦਾਰ ਸਮੱਸਿਆ ਬਣਾ ਦਿੱਤਾ ਹੈ। ਪ੍ਰੋ. ਹੈਬਰਲਰ ਅਨੁਸਾਰ, ਵਿਆਜ ਦੀ ਦਰ, ਵਿਆਖਿਆ ਅਤੇ ਨਿਰਧਾਰਣ ਦੇ ਸਬੰਧ ਵਿਚ, ਅਰਥ ਸ਼ਾਸਤਰੀਆਂ ਵਿੱਚ ਏਨੀ ਅਸਹਿਮਤੀ ਪਾਈ ਜਾਂਦੀ ਹੈ, ਜਿੰਨੀ ਕਿ ਆਮ ਆਰਥਿਕ ਸਿਧਾਂਤ ਦੀ ਕਿਸੇ ਹੋਰ ਸ਼ਾਖ ਵਿਚ ਨਹੀਂ ਮਿਲਦੀ। ਭਾਵੇਂ ਵਿਆਜ ਦਾ ਵਿਸ਼ਾ, ਇਕ ਪੜਚੋਲ ਭਰਪੂਰ ਵਿਸ਼ਾ ਹੈ, ਫਿਰ ਵੀ ਇਹ ਅਰਥ ਸ਼ਾਸਤਰ ਦਾ ਇਕ ਜ਼ਰੂਰੀ ਅੰਗ ਹੈ। ਇਸ ਨੂੰ ਨਿਵੇਸ਼ ਦੇ ਸਿਧਾਂਤ ਵਿਚ ਬਹੁਤ ਮਹੱਤਵਪੂਰਨ ਦਰ ਸਮਝਿਆ ਜਾਂਦਾ ਹੈ ਕਿਉਂਕਿ ਇਸ ਵਿਚ ਕੋਈ ਵੀ ਤਬਦੀਲੀ ਆਉਣ ਨਾਲ ਨਿਵੇਸ਼ ਫਲਨ ਵਿਚ ਵੀ ਤਬਦੀਲੀ ਆਉਂਦੀ ਹੈ, ਜਿਸ ਦੇ ਸਿੱਟੇ ਵਜੋਂ ਦੇਸ਼ ਵਿਚ ਆਮਦਨ ਤੇ ਰੋਜ਼ਗਾਰ ਦੇ ਸਮਤੋਲ ਪੱਧਰ ਵਿਚ ਵੀ ਤਬਦੀਲੀ ਆਉਂਦੀ ਹੈ, ਅਸਲ ਵਿਚ ਇਹ ਵਿਆਜ ਦੀ ਦਰ ਹੀ ਹੈ ਜੋ ਨਿਵੇਸ਼ ਫਲਨ ਦੀ ਸਥਿਤੀ ਨੂੰ ਨਿਰਧਾਰਿਤ ਕਰਦੀ ਹੈ। ਵਿਆਜ ਕੀ ਹੈ? ਇਸ ਦੇ ਬਾਰੇ ਵੱਖ-ਵੱਖ ਪਰਿਭਾਸ਼ਾਵਾਂ ਦਿੱਤੀਆਂ ਗਈਆਂ ਹਨ, ਅਸੀਂ ਇਥੇ ਇਹ ਮੰਨ ਕੇ ਚੱਲਾਂਗੇ ਕਿ ਵਿਆਜ, ਪੂੰਜੀ ਦੀ ਵਰਤੋਂ ਦੇ ਬਦਲੇ ਵਿਚ ਦਿੱਤਾ ਜਾਂਦਾ ਹੈ ਅਤੇ ਇਥੇ ਸਾਡੀ ਚਰਚਾ ਦਾ ਵਿਸ਼ਾ ਵੀ ਵਿਆਜ ਦੀ ਦਰ ਦਾ ਸਨਾਤਨੀ ਸਿਧਾਂਤ (The Classical Theory of Interest) ਹੋਵੇਗਾ।

ਪੁਰਾਣੇ ਸਮੇਂ ਦੇ ਵੱਖ-ਵੱਖ ਅਰਥ ਸ਼ਾਸਤਰੀਆਂ ਨੇ, ਵਿਆਜ ਦੀ ਦਰ ਨਿਸ਼ਚਿਤ ਕਰਨ ਦੇ ਪ੍ਰਤੀ ਵੱਖੋ ਵੱਖਰੇ ਸਿਧਾਂਤ ਦਿੱਤੇ, ਜਿਨ੍ਹਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਕੁਝ ਸਿਧਾਂਤ ਤਾਂ ਸਿਰਫ ਇਹ ਦੱਸਦੇ ਹਨ ਕਿ ਵਿਆਜ ਕਿਉਂ ਦਿੱਤਾ ਜਾਂਦਾ ਹੈ। ਇਸ ਸਬੰਧ ਵਿਚ ਕੁਝ ਸਨਾਤਨੀ ਅਰਥ ਸ਼ਾਸਤਰੀਆਂ ਨੇ ਵਿਆਜ ਦਾ ਕਾਰਨ, ਪੂੰਜੀ ਦੀ ਸੀਮਾਂਤ ਉਤਪਾਦਿਕਤਾ ਨੂੰ ਦੱਸਿਆ। ਇਸ ਸਬੰਧ ਵਿਚ ਪ੍ਰੋ. ਕਲਾਰਕ, ਮਾਲਥਸ ਅਤੇ ਜੇ.ਬੀ.ਸੇ. ਆਦਿ ਦੇ ਨਾਮ ਦੱਸੇ ਜਾ ਸਕਦੇ ਹਨ। ਜਿਹੜੇ ਅਰਥ ਸ਼ਾਸਤਰੀਆਂ ਨੇ ਵਿਆਜ ਦਾ ਤਿਆਗ ਜਾਂ ਇੰਤਜ਼ਾਰ ਦਾ ਸਿਧਾਂਤ ਦਿੱਤਾ, ਉਨ੍ਹਾਂ ਵਿਚ ਸੀਨੀਅਰ, ਮਾਰਸ਼ਲ ਅਤੇ ਕੇਨਜ਼ ਸ਼ਾਮਲ ਹਨ। ਇਸੇ ਤਰ੍ਹਾਂ ਪ੍ਰੋ. ਫਿਸ਼ਰ ਨੇ ਸਮਾਂ ਤਰਜੀਹ ਸਿਧਾਂਤ ਦੱਸਿਆ। ਫਿਸ਼ਰ ਅਨੁਸਾਰ, ''ਵਿਆਜ ਸਮੇਂ ਦੀ ਕੀਮਤ ਹੈ, ਇਸ ਦਾ ਕਾਰਨ ਅਤੇ ਇਸ ਦਾ ਮਾਪ ਸੰਤੁਸ਼ਟੀ ਪ੍ਰਾਪਤ ਕਰਨ ਲਈ ਬੇਸਬਰੀ ਹੈ।''

ਜਿਹੜੇ ਸਨਾਤਨੀ ਅਰਥ ਸ਼ਾਸਤਰੀ ਇਹ ਦੱਸਦੇ ਹਨ ਕਿ ਵਿਆਜ ਦੀ ਦਰ ਕਿਵੇਂ ਮਿੱਥੀ ਜਾਂਦੀ ਹੈ, ਉਨ੍ਹਾਂ ਵਿਚ ਰਿਕਾਰਡੋ, ਮਾਰਸ਼ਲ, ਪੀਗੂ, ਵਾਲਰਸ, ਟਾਜ਼ਿਗ ਅਤੇ ਨਾਈਟ ਆਦਿ ਅਰਥ ਸ਼ਾਸਤਰੀਆਂ ਦੇ ਨਾਮ ਵਰਨਣ ਯੋਗ ਹਨ।

**ਵਿਆਜ ਦੀ ਦਰ ਨਿਰਧਾਰਣ ਦਾ ਸਨਾਤਨੀ ਸਿਧਾਂਤ**


ਵਿਆਜ ਦੇ ਸਨਾਤਨੀ ਸਿਧਾਂਤ ਅਨੁਸਾਰ, ਪੂਰਨ ਮੁਕਾਬਲੇ ਦੀਆਂ ਹਾਲਤਾਂ ਅਧੀਨ, ਵਿਆਜ ਦੀ ਦਰ ਪੂੰਜੀ ਦੀ ਮੰਗ ਅਤੇ ਪੂਰਤੀ ਦੁਆਰਾ ਮਿਥੀ ਜਾਂਦੀ ਹੈ।

ਸਨਾਤਨੀ ਅਰਥ ਸ਼ਾਸਤਰੀਆਂ ਦਾ ਕਹਿਣਾ ਹੈ ਕਿ ਵਿਆਜ ਦੇ ਪੈਦਾ ਹੋਣ ਦਾ ਕਾਰਨ ਪੂੰਜੀ ਦਾ ਉਪਜਾਊ ਹੋਣਾ ਅਤੇ ਇਸ ਦੀ ਥੁੜ੍ਹ ਹੈ। ਪੂੰਜੀ ਦੀ ਮੰਗ ਉਹ ਲੋਕ ਕਰਦੇ ਹਨ, ਜਿਨ੍ਹਾਂ ਨੂੰ ਨਿਵੇਸ਼ ਕਰਨ ਲਈ ਫੰਡਾਂ ਦੀ ਲੋੜ ਹੁੰਦੀ ਹੈ। ਜਿੰਨੀ ਨਿਵੇਸ਼ ਲਈ ਪੂੰਜੀ ਦੀ ਮੰਗ ਜ਼ਿਆਦਾ

ਹੋਵੇਗੀ, ਉਨੀ ਹੀ ਬੱਚਤ ਲਈ ਮੰਗ ਜ਼ਿਆਦਾ ਹੋਵੇਗੀ। ਜਿਉਂ ਜਿਉਂ ਜ਼ਿਆਦਾ ਪੂੰਜੀ ਦਾ ਨਿਵੇਸ਼ ਹੁੰਦਾ ਜਾਂਦਾ ਹੈ, ਪੂੰਜੀ ਦੀ ਸੀਮਾਂਤ ਉਤਪਾਦਿਕਤਾ, ਬਾਜ਼ਾਰ ਵਿਚ ਪ੍ਰਚੱਲਤ ਵਿਆਜ ਦੀ ਦਰ ਦੇ ਬਰਾਬਰ ਹੋ ਜਾਂਦੀ ਹੈ। ਇਸ ਤੋਂ ਭਾਵ ਇਹ ਨਿਕਲਿਆ ਕਿ ਪੂੰਜੀ ਦੀ ਮੰਗ ਵਕਰ ਖੱਬੇ ਤੋਂ ਸੱਜੇ ਪਾਸੇ, ਹੇਠਾਂ ਨੂੰ ਡਿਗਦੀ ਹੈ।

ਦੂਜੇ ਪਾਸੇ ਇਕ ਖਾਸ ਸਮੇਂ, ਪੂੰਜੀ ਦੀ ਪੂਰਤੀ ਕਈ ਤੱਤਾਂ ਉਤੇ ਆਧਾਰਿਤ ਹੁੰਦੀ ਹੈ ਅਤੇ ਇਸ ਤਰ੍ਹਾਂ ਇਹ ਇਕ ਗੁੰਝਲਦਾਰ ਮਾਮਲਾ ਹੈ। ਇਹ ਬੱਚਤ ਕਰਨ ਦੀ ਇੱਛਾ ਅਤੇ ਬੱਚਤ ਕਰਨ ਦੀ ਸ਼ਕਤੀ ਦੇ ਥੱਲੇ ਕੰਮ ਕਰ ਰਹੇ ਅਨੇਕਾਂ ਮਨੋਵਿਗਿਆਨਕ ਅਤੇ ਸੰਸਥਾਤਮਕ ਤੱਤਾਂ ਉਤੇ ਨਿਰਭਰ ਕਰਦੀ ਹੈ, ਪੂਰਤੀ ਦੇ ਪੱਖੋਂ ਇਸ ਸਿਧਾਂਤ ਦੀ ਵਿਆਖਿਆ (ਘੱਟ ਜਾਂ ਵੱਧ), ਸਮਾਂ ਤਰਜੀਹ ਅਨੁਵਾਦ ਵਿਚ ਦਿੱਤੀ ਗਈ ਹੈ ਅਰਥਾਤ ਜੋ ਲੋਕ ਪੂੰਜੀ ਉਧਾਰ ਦਿੰਦੇ ਹਨ, ਉਹ ਆਪਣੀਆਂ ਲੋੜਾਂ ਨੂੰ ਭਵਿੱਖ ਤੇ ਪਾ ਕੇ ਕੁਰਬਾਨੀ ਕਰਦੇ ਹਨ ਜਿਸ ਬਦਲੇ ਉਨ੍ਹਾਂ ਨੂੰ ਵਿਆਜ ਮਿਲਣਾ ਚਾਹੀਦਾ ਹੈ। ਇਸ ਤੋਂ ਇਲਾਵਾ ਇੰਤਜ਼ਾਰ ਅਤੇ ਉਪਭੋਗ ਤਿਆਗ ਦੇ ਰੂਪ ਵਿਚ ਵੀ ਇਸ ਸਿਧਾਂਤ ਦੀ ਵਿਆਖਿਆ ਕੀਤੀ ਗਈ ਹੈ। ਬਾਹਰਮ ਬਾਵਰਕ ਨੇ ਵਿਆਜ ਦਾ (Premium) ਇਨਾਮ ਸਿਧਾਂਤ ਵਿਕਸਿਤ ਕੀਤਾ। ਗੱਲ ਕੀ ਸਨਾਤਨੀ ਅਰਥ ਸ਼ਾਸਤਰੀਆਂ ਅਨੁਸਾਰ, ਵਿਆਜ ਦੀ ਦੂਰਬੱਚਤ ਦਾ ਇਕ ਮਹੱਤਵਪੂਰਨ ਨਿਰਧਾਰਕ ਹੈ। ਲੋਕ ਉਚੀ ਵਿਆਜ ਦੀ ਦਰ ਤੇ, ਘੱਟ ਵਿਆਜ ਦੀ ਦਰ ਦੇ ਮੁਕਾਬਲੇ ਜ਼ਿਆਦਾ ਬੱਚਤ ਕਰਦੇ ਹਨ। ਇਸ ਤਰ੍ਹਾਂ ਪੂੰਜੀ ਦਾ ਪੂਰਤੀ ਵਕਰ ਖੱਬੇ ਤੋਂ ਸੱਜੇ ਪਾਸੇ ਉੱਤੇ ਨੂੰ ਜਾਂਦਾ ਹੈ।

ਸਨਾਤਨੀ ਸਿਧਾਂਤ ਅਨੁਸਾਰ ਵਿਆਜ ਦੀ ਦਰ ਦੇ ਨਿਰਧਾਰਣ ਨੂੰ ਨਿਮਨ ਰੇਖਾ ਚਿੱਤਰ ਦੁਆਰਾ ਸਾਫ਼ ਸਮਝਿਆ ਜਾ ਸਕਦਾ ਹੈ :




ਰੇਖਾ ਚਿੱਤਰ ਵਿੱਚ MP ਵਿਆਜ ਦੀ ਸਮਤੋਲ ਦਰ ਹੈ Or (PM) ਤੋਂ ਉਚੇ ਜਾਂ ਨੀਵੇਂ ਵਿਆਜ ਦੀ ਦਰ ਉਤੇ ਅਸਮਤੋਲ ਦੀ ਹਾਲਤ ਹੁੰਦੀ ਹੈ ਅਤੇ ਸਵੈ ਚਾਲਕ ਕ੍ਰਿਆ ਦੇ ਸਮਾਯੋਜਨ ਨਾਲ ਮੁੜ ਸਮਤੋਲ ਦੀ ਸਥਿਤੀ ਪ੍ਰਾਪਤ ਹੋ ਜਾਂਦੀ ਹੈ।

ਸਨਾਤਨੀ ਅਰਥ ਸ਼ਾਸਤਰੀ, ਵਿਆਜ ਦੀ ਬਾਜ਼ਾਰ ਦਰ (Market Rate of Interest) ਨੂੰ ਕੁਦਰਤੀ ਵਿਆਜ ਦੀ ਦਰ (Natural Rate of Interest) ਕਹਿੰਦੇ ਹਨ। ਉਨ੍ਹਾਂ ਦਾ ਪੱਕਾ ਵਿਸ਼ਵਾਸ ਸੀ ਕਿ ਮੁਦਰਾ ਉਤਪਾਦਨ ਦੀ ਅਸਲ ਕ੍ਰਿਆ ਨੂੰ ਨਹੀਂ ਬਦਲ ਸਕਦੀ, ਇਹ ਤਾਂ ਸਿਰਫ ਵਸਤੂ ਵਟਾਂਦਰਾ ਅਰਥ ਵਿਵਸਥਾ ਦੀ ਕੁਸ਼ਲਤਾ ਨੂੰ ਹੀ ਵਧਾਉਂਦੀ ਹੈ। ਇਸ ਤਰ੍ਹਾਂ ਇਹ ਸਿਧਾਂਤ, ਜੋ ਸਾਧਾਰਣ ਦਿਖਾਈ ਦਿੰਦਾ ਹੈ, ਇਸ ਦੀ ਇਹ ਲਾਜਵਾਬ (unique) ਵਿਸ਼ੇਸ਼ਤਾ ਹੈ ਕਿ ਇਸ ਦੀ ਅਸਲ ਮੁੱਲਾਂ (real terms) ਵਿਚ ਵਿਆਖਿਆ ਕੀਤੀ ਗਈ ਹੈ।

ਫਿਰ ਵੀ ਇਸ ਸਿਧਾਂਤ ਨੂੰ ਪੂਰਨ ਨਹੀਂ ਮੰਨਿਆ ਜਾ ਸਕਦਾ। ਇਹ ਗੱਲ ਇਸ ਸਿਧਾਂਤ ਦੇ ਆਲੋਚਨਾਤਮਕ ਜਾਇਜ਼ੇ ਤੋਂ ਸਾਫ ਨਜ਼ਰ ਆਉਂਦੀ ਹੈ। ਇਸ ਸਿਧਾਂਤ ਦੇ ਖਿਲਾਫ ਮੁੱਖ ਗੱਲ ਇਹ ਕਹੀ ਜਾਂਦੀ ਹੈ ਕਿ ਬੱਚਤ, ਪੂੰਜੀ ਦੀ ਪੂਰਤੀ ਦਾ ਇਕ ਸੋਮਾ ਨਹੀਂ। ਖਾਸ ਕਰਕੇ ਅਜੋਕੇ ਸਮੇਂ ਵਿਚ ਬੈਂਕ ਉਧਾਰ ਦੁਆਰਾ ਨਿਵੇਸ਼ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਪਰੰਤੂ ਨਾਲ ਹੀ ਸਾਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਸਨਾਤਨੀ ਵਿਆਜ ਦਾ ਸਿਧਾਂਤ, ਅਸਲ ਵਿਆਜ ਦੀ ਦਰ ਦਾ ਸਿਧਾਂਤ ਹੈ।

ਕੇਨਜ਼ ਨੇ ਵੀ ਇਸ ਸਿਧਾਂਤ ਦੀ ਅਸਲੀਅਤ ਅਤੇ ਢੁਕਵੇਂਪਣ ਤੇ ਕਿੰਤੂ ਕੀਤਾ, ਪਰ ਮੁੱਖ ਤੌਰ ਤੇ ਉਸ ਦੇ ਇੰਤਜ਼ਾਰ ਦਾ ਕਾਰਨ ਸਨਾਤਨੀ ਵਿਚਾਰਧਾਰਾ ਦੇ ਥੱਲੇ ਪੂਰਨ ਰੋਜ਼ਗਾਰ ਦੀ ਮਨੌਤ ਸੀ।

**ਸਵੈ-ਅਭਿਆਸ ਲਈ ਪ੍ਰਸ਼ਨ –**

(i) ਕੀ ਵਿਆਜ ਦਾ ਸਨਾਤਨੀ ਸਿਧਾਂਤ ਇਕ ਤੰਗ ਅਨੁਵਾਦ (Narrow version) ਨਹੀਂ?

(ii) ਕੀ ਸਨਾਤਨੀ ਵਿਆਜ ਸਿਧਾਂਤ, ਅਸਲ ਵਿਆਜ ਦਰ ਦਾ ਸਿਧਾਂਤ ਹੈ? ਜੇ ਹੈ ਤਾਂ ਕਿਵੇਂ?

### 1.3.7 ਸਨਾਤਨੀ ਮਾਡਲ ਦਾ ਆਲੋਚਨਾਤਮਕ ਜਾਇਜ਼ਾ

ਗੈਲਬਰਿਥ (Galbraith) ਦੇ ਇਸ਼ਾਰੇ ਅਨੁਸਾਰ, 1930 ਤੱਕ ਅਮਰੀਕਨ ਅਰਥ ਵਿਵਸਥਾ ਨੂੰ ਕਦੇ ਵੀ ਘਣੀ ਅਤੇ ਲੰਮੇ ਸਮੇਂ ਤੱਕ ਦੀ ਮੰਦੀ ਵਿਚੋਂ ਨਹੀਂ ਵਿਚਰਨਾ ਪਿਆ ਅਤੇ ਅਮਰੀਕਨ ਅਰਥ ਵਿਵਸਥਾ ਨੇ ਸਨਾਤਨੀ ਸਿਧਾਂਤ ਦੀ ਸਚਾਈ ਅਤੇ ਇਸ ਵਿਚੋਂ ਨਿਕਲੇ ਸਿੱਟੇ ਕਿ ਪੂਰਨ ਰੋਜ਼ਗਾਰ ਇਕ ਆਮ ਹਾਲਤ ਹੁੰਦੀ ਹੈ, ਨੂੰ ਦ੍ਰਿੜ੍ਹਤਾ ਨਾਲ ਮੰਨਿਆ। ਪਰ 1931 ਤੋਂ ਬਾਅਦ ਅਤੇ 1940 ਦੇ ਸ਼ੁਰੂ ਤੱਕ, ਉਥੋਂ ਦੀ ਅਰਥ ਵਿਵਸਥਾ ਨੂੰ 10 ਸਾਲਾਂ ਤੱਕ ਭਿਆਨਕ ਮੰਦੀ ਨੂੰ ਸਾਧਾਰਣ ਹਾਲਤ ਦੇ ਤੌਰ ਤੇ ਵੇਖਣਾ ਪਿਆ। ਇਸ ਨਾਲ ਉਨ੍ਹਾਂ ਦੇ ਸਨਾਤਨੀ ਸਿਧਾਂਤ ਬਾਰੇ ਯਕੀਨ ਨੂੰ ਭਾਰੀ ਧੱਕਾ ਲੱਗਾ ਕਿਉਂਕਿ ਸਨਾਤਨੀ ਸਿਧਾਂਤ ਉਨ੍ਹਾਂ ਹਾਲਤਾਂ ਦਾ ਹੱਲ ਨਹੀਂ ਸੀ ਲੱਭ ਸਕਦਾ ਅਤੇ ਇਸ ਲਈ ਉਸ ਦੀ ਥਾਂ ਕੇਨਜ਼ ਦੁਆਰਾ ਦਿੱਤੇ ਗਏ ਸਿਧਾਂਤ ਨੂੰ ਜ਼ਿਆਦਾ ਸਵੀਕਾਰ ਕੀਤਾ ਜਾਣ ਲੱਗਾ। ਇਸ ਤਰ੍ਹਾਂ ਕੇਨਜ਼ ਨੇ ਸਨਾਤਨੀ ਮਾਡਲ ਦੇ ਮੌਲਿਕ ਤੱਤਾਂ ਦੀ ਹੇਠ ਦਿੱਤੇ ਆਧਾਰਾਂ ਤੇ ਪੜਚੋਲ ਕੀਤੀ।

1. 1930 ਦੀ ਮਹਾਂ ਮੰਦੀ ਨੇ, ਸਨਾਤਨੀ ਅਰਥ-ਸ਼ਾਸਤਰ ਦੀਆਂ ਅਵਾਸਤਵਿਕ (unrealistic) ਮਨੌਤਾਂ ਨੂੰ ਭਾਰੀ ਸੱਟ ਮਾਰੀ। ਭਾਰੀ ਬੇਕਾਰੀ ਵਿਚਕਾਰ ਲੋਕਾਂ ਨੂੰ ਇਹ ਵਿਸ਼ਵਾਸ਼ ਕਰਨਾ ਔਖਾ ਹੋ ਗਿਆ ਕਿ ਸਨਾਤਨੀ ਲੋਕਾਂ ਦਾ ਇਹ ਵਿਚਾਰ, ਕਿ ਪੂਰਨ ਰੋਜ਼ਗਾਰ ਇਕ ਸਾਧਾਰਨ ਸਥਿਤੀ ਹੈ, ਸੱਚਾ ਹੈ। ਅਸਲ ਵਿਚ ਬਹੁਤ ਲੋਕ, ਬੇਕਾਰੀ ਦੀ ਸਥਿਤੀ ਨੂੰ ਸਾਧਾਰਨ ਸਥਿਤੀ ਵਿਚ ਮਹਿਸੂਸ ਕਰਨ ਲੱਗੇ। ਕੇਨਜ਼ ਵੀ ਇਹੋ ਗੱਲ ਕਹਿੰਦਾ ਸੀ ਕਿ ਸਾਧਨਾਂ ਦੀ

ਬੇਕਾਰੀ, ਪੂੰਜੀਵਾਦੀ ਅਰਥ-ਵਿਵਸਥਾ ਦੀ ਆਮ ਵਿਸ਼ੇਸ਼ਤਾ ਹੈ ਅਤੇ ਇਸ ਤਰ੍ਹਾਂ ਆਮ ਤੌਰ ਤੇ ਪੂਰਨ ਰੋਜ਼ਗਾਰ ਤੋਂ ਨੀਵੇਂ ਪੱਧਰ ਤੇ ਹੀ ਰੋਜ਼ਗਾਰ ਸਮਤੋਲ ਸਥਾਪਿਤ ਹੁੰਦਾ ਹੈ।

2. 20ਵੀਂ ਸਦੀ ਵਿਚ ਪੂਰਨ ਮੁਕਾਬਲੇ ਦੀ ਮਨੌਤ ਉੱਤੇ ਆਧਾਰਿਤ ਸਿਧਾਂਤ, ਅਪੂਰਣ ਮੁਕਾਬਲੇ ਵਾਲੀਆਂ ਮੰਡੀਆਂ ਦੇ ਯੁੱਗ ਵਿਚ ਇਕ ਤਾਰੀਖੀ ਭੁੱਲ (anachronism) ਹੈ। ਸਗੋਂ ਪੂਰਨ ਮੁਕਾਬਲੇ ਤੋਂ ਦੂਰ ਹੋ ਕੇ, ਸਰਕਾਰ ਦੀ ਭੂਮਿਕਾ ਸ਼ਕਤੀਸ਼ਾਲੀ ਰੂਪ ਵਿਚ ਸਾਹਮਣੇ ਆਈ ਹੈ ਜਿਸ ਨੇ ਸਨਾਤਨੀ ਸਿਧਾਂਤ ਨੂੰ ਅਪ੍ਰਮਾਣਿਕ ਠਹਿਰਾ ਦਿੱਤਾ ਹੈ।

3. ਸਨਾਤਨੀ ਅਰਥ ਸ਼ਾਸਤਰੀਆਂ ਅਨੁਸਾਰ, ਬੇਕਾਰੀ ਦਾ ਕਾਰਨ ਮੁਦਰਕ ਮਜ਼ਦੂਰੀ ਦੀ ਕਠੋਰਤਾ (rigidity) ਹੈ। ਇਸ ਦੇ ਉਲਟ ਕੇਨਜ਼ ਨੇ ਕਿਹਾ ਹੈ ਕਿ ਬੇਕਾਰੀ ਦਾ ਕਾਰਨ ਕੁੱਲ ਪ੍ਰਭਾਵੀ ਮੰਗ ਦੀ ਕਮੀ ਹੈ, ਜਿਸ ਦਾ ਕਾਰਨ ਨਿਵੇਸ਼ ਖਰਚ ਦੀ ਅਸਥਿਰਤਾ, ਅਮੀਰ ਅਰਥ ਵਿਵਸਥਾ ਦੀ ਉੱਚੀ ਬੱਚਤ ਪ੍ਰਵਿਰਤੀ ਅਤੇ ਨਿਵੇਸ਼ ਦੇ ਅਨਉਚਿੱਤ ਮੌਕੇ ਹਨ।

ਇਸ ਦੇ ਉਲਟ ਮਜ਼ਦੂਰੀ ਦੀ ਦਰ ਦੇ ਬਦਲੇ ਹੋਏ ਹਾਲਾਤਾਂ ਵਿਚ ਜਦੋਂ ਮਜ਼ਦੂਰ ਸੰਘਾਂ ਦਾ ਜ਼ੋਰ ਹੈ, ਘੱਟ ਹੋਣਾ ਵਿਵਹਾਰਕ ਵੀ ਨਹੀਂ ਜਾਪਦਾ। ਮੁਦਰਕ ਨੀਤੀ, ਜਿਹੜੀ ਸਨਾਤਨੀ ਅਰਥ ਸ਼ਾਸਤਰੀਆਂ ਅਨੁਸਾਰ, ਕੀਮਤਾਂ ਨੂੰ ਵਧਾ ਕੇ ਅਤੇ ਮਜ਼ਦੂਰੀ ਦੀ ਅਸਲ ਦਰ ਨੂੰ ਘੱਟ ਕਰਕੇ ਦੇਸ਼ ਵਿਚ ਰੋਜ਼ਗਾਰ ਦੇ ਪੱਧਰ ਨੂੰ ਵਧਾਉਣ ਵਿਚ ਸਹਾਇਕ ਹੁੰਦੀ ਹੈ, ਦੀ ਥਾਂ ਤੇ ਕੇਨਜ਼ ਨੇ ਰਾਜਕੋਸ਼ੀ ਨੀਤੀ ਦੇ ਸੰਦਾਂ ਦੀ ਵੱਧ ਤੋਂ ਵੱਧ ਵਰਤੋਂ ਦਾ ਸੁਝਾਅ ਦਿੱਤਾ, ਜਿਸ ਨਾਲ ਕੁੱਲ ਮੰਗ ਦੇ ਪੱਧਰ ਨੂੰ ਵਧਾ ਕੇ, ਬੇਕਾਰੀ ਨੂੰ ਦੂਰ ਕੀਤਾ ਜਾ ਸਕਦਾ ਹੈ।

4. ਇਹ ਕੇਨਜ਼ ਹੀ ਸੀ ਜਿਸ ਨੇ ਰੋਜ਼ਗਾਰ ਅਤੇ ਆਮਦਨ ਸਿਧਾਂਤ ਨੂੰ ਮੁਦਰਾ ਨਾਲ ਜੋੜਿਆ। ਉਸ ਨੇ ਸਨਾਤਨੀ ਸਿਧਾਂਤ ਨੂੰ, ਜੋ ਸਿਰਫ ਇਸ ਦੇ ਮੁੱਲ ਅਤੇ ਵੰਡ ਦੀ ਅੰਸ਼ਿਕ ਵਿਆਖਿਆ ਦੇ ਤੌਰ ਤੇ ਹੀ ਦੱਸਦਾ ਸੀ, ਰੱਦ ਕੀਤਾ। ਉਸ ਨੇ ਸਨਾਤਨੀ ਅਰਥ-ਸ਼ਾਸਤਰੀਆਂ ਦੇ ਇਸ ਖਿਆਲ ਦੀ, ਕਿ ਮੁਦਰਾ ਸਿਰਫ ਇਕ ਪਰਦਾ ਜਾਂ ਵਟਾਂਦਰੇ ਦਾ ਸਾਧਨ ਹੀ ਹੈ, ਦੀ ਬੁਰੀ ਤਰ੍ਹਾਂ ਪੜਚੋਲ ਕੀਤੀ ਅਤੇ ਕੇਨਜ਼ ਨੇ ਦੱਸਿਆ ਕਿ ਮੁਦਰਾ ਵਰਤਮਾਨ ਅਤੇ ਭਵਿੱਖ ਨੂੰ ਜੋੜਨ ਲਈ ਇਕ ਕੜੀ ਦਾ ਕੰਮ ਕਰਦੀ ਹੈ। ਇਸ ਕਾਰਨ ਮੁਦਰਾ ਦੇ ਮੁੱਲ ਨੂੰ ਜਮ੍ਹਾਂ ਕਰਨ ਵਾਲੇ ਕੰਮ (Store of value function) ਨੂੰ ਕੇਨਜ਼ ਨੇ ਸਿਰੇ ਦੀ ਮਹਾਨਤਾ ਦਿੱਤੀ।

5. ਸੇ ਦਾ ਮੰਡੀਆਂ ਦਾ ਨਿਯਮ, ਜਿਸ ਉੱਤੇ ਸਨਾਤਨੀ ਰੋਜ਼ਗਾਰ ਸਿਧਾਂਤ ਖੜ੍ਹਾ ਹੈ, ਦੀ ਵਿਰੋਧਤਾ ਦੇ ਸੰਬੰਧ ਵਿਚ ਕੇਨਜ਼ ਨੇ ਦੱਸਿਆ ਕਿ ਸਾਰੀ ਆਮਦਨ ਆਪਣੇ ਆਪ ਹੀ ਖਰਚ ਨਹੀਂ ਹੋ ਜਾਂਦੀ ਅਤੇ ਇਸ ਦਾ ਕੁਝ ਹਿੱਸਾ ਬਚਾ ਲਿਆ ਜਾਂਦਾ ਹੈ। ਉਹ ਹਿੱਸਾ, ਜਿਹੜਾ ਬਚ ਜਾਂਦਾ ਹੈ, ਬੇਕਾਰੀ ਲਈ ਸਿੱਧੇ ਤੌਰ ਤੇ ਜ਼ਿੰਮੇਵਾਰ ਹੁੰਦਾ ਹੈ। ਕੇਨਜ਼ ਨੇ, ਸੇ ਦੇ ਨਿਯਮ ਬਾਰੇ ਪੀਗੂ ਦੁਆਰਾ ਪ੍ਰਤੀਪਾਦਨ ਨੂੰ ਵੀ ਗਲਤ ਦੱਸਦਿਆਂ ਕਿਹਾ ਕਿ ਮਜ਼ਦੂਰੀ ਕਟੌਤੀ ਨਾਲ ਬੇਕਾਰੀ ਦੂਰ ਜਾਂ ਖਤਮ ਨਹੀਂ ਹੋ ਸਕਦੀ, ਕਿਉਂਕਿ ਇਸ ਨਾਲ ਪ੍ਰਭਾਵੀ ਮੰਗ ਘਟ ਜਾਂਦੀ ਹੈ, ਜਿਸ ਦਾ ਘਟ ਹੋਣਾ ਬੇਰੋਜ਼ਗਾਰੀ ਦਾ ਬੁਨਿਆਦੀ ਕਾਰਨ ਹੈ।

6. ਸਨਾਤਨੀ ਲੋਕਾਂ ਦਾ ਇਹ ਵਿਚਾਰ ਸੀ ਕਿ ਬੱਚਤ ਅਤੇ ਨਿਵੇਸ਼, ਪੂਰਣ ਰੋਜ਼ਗਾਰ ਦੇ ਪੱਧਰ ਉੱਤੇ ਬਰਾਬਰ ਹੁੰਦੇ ਹਨ ਅਤੇ ਜੇ ਕਦੇ ਇਨ੍ਹਾਂ ਵਿਚ ਕੋਈ ਗੈਰ-ਬਰਾਬਰੀ ਆ ਜਾਵੇ ਤਾਂ ਇਹ ਵਿਆਜ ਦੀ ਦਰ ਦਾ ਨਹੀਂ ਸਗੋਂ ਆਮਦਨ ਦਾ ਫਲਨ ਹੈ ਅਤੇ ਇਸੇ ਤਰ੍ਹਾਂ ਸਨਾਤਨੀ ਅਰਥ-ਸ਼ਾਸਤਰੀਆਂ ਦੇ ਉਲਟ, ਜੋ ਬੱਚਤ ਅਤੇ ਨਿਵੇਸ਼ ਨੂੰ ਵਿਆਜ ਦੀ ਦਰ ਦਾ ਫਲਨ ਕਹਿੰਦੇ

ਹਨ, ਕੇਨਜ਼ ਨੇ ਇਨ੍ਹਾਂ ਨੂੰ ਆਮਦਨ ਪੱਧਰ ਵਿਚ ਆਉਣ ਵਾਲੀਆਂ ਤਬਦੀਲੀਆਂ ਦਾ ਫਲਨ ਦੱਸਿਆ।

7. ਸਨਾਤਨੀ ਅਰਥ-ਸ਼ਾਸਤਰੀਆਂ ਦੇ ਉਲਟ, ਜੋ ਆਪਣੇ ਆਪ ਸਮਾਯੋਜਨ ਹੋਣ ਵਾਲੇ, ਲੰਮੇ ਸਮੇਂ ਵਿਚ ਹੋਣ ਵਾਲੇ ਪੂਰਨ ਰੋਜ਼ਗਾਰ ਸਮਤੋਲ ਵਿਚ ਵਿਸ਼ਵਾਸ਼ ਰੱਖਦੇ ਸਨ, ਕੇਨਜ਼ ਨੇ ਲੰਮੇ ਸਮੇਂ ਨੂੰ ਉਡੀਕਣ ਤੋਂ ਬੇਸਬਰੀ ਜ਼ਾਹਿਰ ਕੀਤੀ ਅਤੇ ਦੱਸਿਆ ਕਿ ਲੰਮੇ ਸਮੇਂ ਵਿਚ ਤਾਂ ਅਸੀਂ ਸਾਰੇ ਮਰ ਚੁੱਕੇ ਹੋਵਾਂਗੇ। ਜਿਵੇਂ ਸ਼ੰਪੀਟਰ ਨੇ ਦੱਸਿਆ ਹੈ ਕਿ ਉਸ ਦੀ (ਕੇਨਜ਼ ਦੀ) ਜੀਵਨ ਪ੍ਰਤੀ ਸੋਚਣੀ ਥੋੜ੍ਹ ਚਿਰੀ ਸੋਚਣੀ ਹੈ। ਉਸ ਦੀ ਵਿਆਖਿਆ ਥੋੜ੍ਹੇ ਸਮੇਂ ਨਾਲ ਸੰਬੰਧਿਤ ਹੈ। ਸਨਾਤਨੀ ਅਰਥ ਸ਼ਾਸਤਰੀਆਂ ਦੇ ਉਲਟ ਉਹ ਸੁਆਦ, ਆਦਤਾਂ, ਉਤਪਾਦਨ ਦੀਆਂ ਵਿਧੀਆਂ, ਮਜ਼ਦੂਰਾਂ ਦੀ ਪੂਰਤੀ ਨੂੰ ਥੋੜ੍ਹੇ ਸਮੇਂ ਵਿਚ ਓਹੀ (constant) ਮੰਨਦਾ ਹੈ, ਅਤੇ ਇਸ ਤਰ੍ਹਾਂ ਇਨ੍ਹਾਂ ਦੇ ਲੰਮੇ ਸਮੇਂ ਵਿਚ ਮੰਗ ਉੱਤੇ ਪੈਣ ਵਾਲੇ ਅਸਰ ਨੂੰ ਅੱਖੋਂ ਓਹਲੇ ਕਰਦਾ ਹੈ। ਉਪਭੋਗ ਮੰਗ ਨੂੰ ਓਹੀ (constant) ਮੰਨ ਕੇ ਬੇਕਾਰੀ ਨੂੰ ਦੂਰ ਕਰਨ ਲਈ ਨਿਵੇਸ਼ ਨੂੰ ਵਧਾਉਣ ਉਤੇ ਜ਼ੋਰ ਦਿੰਦਾ ਹੈ ਅਤੇ ਇਹ ਵੀ ਦੱਸਦਾ ਹੈ ਕਿ ਇਸ ਤਰ੍ਹਾਂ ਪ੍ਰਾਪਤ ਹੋਣ ਵਾਲਾ ਸਮਤੋਲ ਦਾ ਪੱਧਰ ਅਪੂਰਨ ਰੋਜ਼ਗਾਰ ਦਾ ਪੱਧਰ ਹੁੰਦਾ ਹੈ ਨਾ ਕਿ ਪੂਰਨ ਰੋਜ਼ਗਾਰ ਸਮਤੋਲ ਦਾ।

### 1.3.8 ਸਾਰਾਂਸ਼ (Summary) :-

ਭਾਵੇਂ ਕੇਨਜ਼ ਨੇ ਨਵ-ਸਨਾਤਨੀ ਸਿਧਾਂਤ ਨੂੰ ਰੱਦ ਕਰ ਦਿੱਤਾ ਹੈ ਫਿਰ ਵੀ ਅਸੀਂ ਇਹ ਕਹਿ ਸਕਦੇ ਹਾਂ ਕਿ ਉਸਦੀ ਆਪਣੀ ਪ੍ਰਣਾਲੀ ਦੀਆਂ ਜੜ੍ਹਾਂ ਵੀ ਸਨਾਤਨੀ ਅਤੇ ਨਵ-ਸਨਾਤਨੀ ਪ੍ਰਣਾਲੀ ਦੀ ਡੂੰਘਾਈ ਵਿਚ ਵੇਖੀਆਂ ਜਾ ਸਕਦੀਆਂ ਹਨ। ਕੇਨਜ਼ ਦੁਆਰਾ ਲਈਆਂ ਗਈਆਂ ਸਵਤੰਤਰ ਅਤੇ ਪੂਰਨ ਮੁਕਾਬਲੇ ਅਤੇ ਘੱਟਦੇ ਉਤਪਾਦਨ ਦੇ ਨਿਯਮਾਂ ਦੀਆਂ ਮਾਨਤਾਵਾਂ, ਅਸਲ ਵਿਚ ਸਨਾਤਨੀ ਸੁਭਾਅ (nature) ਦੀਆਂ ਹੀ ਹਨ। ਕੁੱਲ ਮੰਗ ਨੂੰ ਮਾਰਸ਼ਲ ਦੀ ਵਿਅਕਤੀਗਤ ਮੰਗ ਦਾ ਤੋੜਿਆ ਹੋਇਆ (Disaggregated) ਚਿੱਤਰ (image) ਕਿਹਾ ਜਾ ਸਕਦਾ ਹੈ। ਇਸੇ ਤਰ੍ਹਾਂ ਹੀ ਕੁੱਲ ਪੂਰਤੀ ਨੂੰ ਫਰਮ ਦੇ ਇਸ਼ਟਤਮ (Optimum) ਉਤਪਾਦਨ ਦਾ ਵਿਸਤਰਿਤ ਰੂਪ ਕਿਹਾ ਜਾ ਸਕਦਾ ਹੈ। ਸਾਰ ਰੂਪ ਵਿੱਚ, ਅਸੀਂ ਕਹਿ ਸਕਦੇ ਹਾਂ ਕਿ ਕੇਨਜ਼ ਦੇ ਸਿਧਾਂਤ ਦਾ ਜੇ ਤਰਕ ਸੰਗਤ ਤੱਤ ਵੇਖਿਆ ਜਾਵੇ ਤਾਂ ਇਵੇਂ ਜਾਪਦਾ ਹੈ ਜਿਵੇਂ ਕਿ ਉਸ ਨੇ ਕੋਈ ਕ੍ਰਾਂਤੀਕਾਰੀ ਗੱਲ ਨਹੀਂ ਕੀਤੀ ਅਤੇ ਸਨਾਤਨੀ ਮਾਡਲ ਦੀ ਭਾਵੇਂ ਬੁਰੀ ਤਰ੍ਹਾਂ ਪੜਚੋਲ ਕੀਤੀ ਗਈ ਹੈ ਅਤੇ ਵਿਵਹਾਰਕਤਾ ਵਿੱਚ ਰੱਦ ਹੋਇਆ ਹੈ, ਫਿਰ ਵੀ ਆਰਥਿਕ ਵਿਚਾਰਧਾਰਾ ਦੇ ਇਤਿਹਾਸ ਵਿੱਚ ਇਸ ਨੇ ਆਪਣੀ ਥਾਂ ਬਣਾਈ ਹੋਈ ਹੈ।

### 1.3.9 ਛੋਟੇ ਪ੍ਰਸ਼ਨ

(i) ਬੇਕਾਰੀ ਦਾ ਕਾਰਨ ਮੁਦਰਕ ਮਜ਼ਦੂਰੀ ਦੀ ਕਠੋਰਤਾ (rigidity) ਹੈ ਜਾਂ ਪ੍ਰਭਾਵੀ ਮੰਗ ਦੀ ਕਮੀ।

(ii) ਕੀ ਮੁਦਰਾ ਸਿਰਫ਼ ਇੱਕ ਵਟਾਂਦਰੇ ਦਾ ਸਾਧਨ ਹੀ ਹੈ।

### 1.3.10 ਵੱਡੇ ਪ੍ਰਸ਼ਨ

(i) ਰੁਜ਼ਗਾਰ ਦਾ ਸਨਾਤਨੀ ਅਤੇ ਨਵ-ਸਨਾਤਨੀ ਸਿਧਾਂਤ ਨੂੰ ਵਿਸਥਾਰ ਵਿੱਚ ਬਿਆਨ ਕਰੋ।

(ii) ਬੱਚਤ ਅਤੇ ਨਿਵੇਸ਼ ਤੋ ਬਿਨਾਂ ਸਨਾਤਨੀ ਮਾਡਲ ਨੂੰ ਬਿਆਨ ਕਰੋ।

### 1.3.11 ਪ੍ਰਸਤਾਵਿਤ ਪੁਸਤਕਾਂ

R.D. Gupta : Keynes and Post Keynesian Economics.

T.F. Durnbarg and McDaugal: Macro Economics.

G. Ackley: Macro Economic Theory.

**ਪੜ੍ਹਨਯੋਗ ਪੁਸਤਕਾਂ** : ਯੂਨਿਟ ਦੇ ਅੰਤ ਵਿਚ ਦਿੱਤੀਆਂ ਗਈਆਂ ਹਨ।

*(ਇਹ ਪਾਠ **D.E.C.** ਦੀ ਵਿੱਤੀ ਸਹਾਇਤਾ ਨਾਲ ਲਿਖਿਆ ਗਿਆ ਹੈ)*

ਪਾਠ ਨੰ : 1.4

ਲੇਖਕ : ਡਾ. ਪ੍ਰਤਾਪ ਸਿੰਘ

Last updated on 25 may, 2023

# ਕੇਨਜ਼ ਦਾ ਆਮਦਨ ਅਤੇ ਰੁਜ਼ਗਾਰ ਸਿਧਾਂਤ
# (Keynesian Theory of Income and Employment)

ਕੇਨਜ਼ ਦੇ ਆਮਦਨ ਅਤੇ ਰੁਜ਼ਗਾਰ ਸਿਧਾਂਤ ਦੇ ਪ੍ਰਭਾਵਪੂਰਣ ਅਧਿਐਨ ਹਿੱਤ ਇਸ ਪਾਠ ਦੀ ਵੰਡ ਨਿਮਨ ਅਨੁਸਾਰ ਕੀਤੀ ਗਈ ਹੈ :–

1.4.1 ਪਾਠ ਦੇ ਉਦੇਸ਼ (Objectives)
1.4.2 ਭੂਮਿਕਾ (Introduction)
1.4.3 ਕੁੱਲ ਮੰਗ ਫਲਨ ਅਤੇ ਕੁੱਲ ਪੂਰਤੀ ਫਲਨ (ADF and ASF)
1.4.3.1 ਸਮੁੱਚੀ ਮੰਗ ਅਤੇ ਸਮੁੱਚੀ ਪੂਰਤੀ ਦੁਆਰਾ ਰੋਜ਼ਗਾਰ ਸਮਤੋਲ
1.4.4 ਕੇਨਜ਼ ਅਤੇ ਕਲਾਸੀਕਲ ਸਿਧਾਂਤ ਵਿਚਕਾਰ ਮੱਤ ਭੇਦ
1.4.5 ਕੇਨਜ਼ ਦੇ ਸਿਧਾਂਤ ਦੀ ਆਲੋਚਨਾ
1.4.6 ਕੇਨਜ਼ ਦੇ ਸਿਧਾਂਤ ਦੀ ਮਹੱਤਤਾ
1.4.6.1 ਸਿਧਾਂਤਕ ਮਹੱਤਤਾ
1.4.6.2 ਵਿਵਹਾਰਕ ਮਹੱਤਤਾ
1.4.7 ਸਾਰਾਂਸ਼
1.4.8 ਛੋਟੇ ਪ੍ਰਸ਼ਨ
1.4.9 ਵੱਡੇ ਪ੍ਰਸ਼ਨ
1.4.10 ਪ੍ਰਕਾਸ਼ਿਤ ਪੁਸਤਕਾਂ

## 1.4.1 ਪਾਠ ਦੇ ਉਦੇਸ਼ (Objectives) :-

ਇਸ ਪਾਠ ਦੇ ਉਦੇਸ਼ ਇਹ ਜਾਨਣਾ ਹਨ ਕਿ –

(ੳ) ਕੇਨਜ਼ ਦੇ ਆਮਦਨ ਅਤੇ ਰੋਜ਼ਗਾਰ ਸਿਧਾਂਤ ਦਾ ਜਨਮ ਕਿਉਂ ਹੋਇਆ?
(ਅ) ਪੂੰਜੀਵਾਦੀ ਅਰਥ ਵਿਵਸਥਾਵਾਂ ਵਿੱਚ ਬੇਰੁਜ਼ਗਾਰੀ ਨੂੰ ਦੂਰ ਕਿਵੇਂ ਕੀਤਾ ਜਾ ਸਕਦਾ ਹੈ?
(ੲ) ਪ੍ਰਭਾਵੀ ਮੰਗ ਕੀ ਹੈ? ਇਹ ਕਿਹੜੇ ਤੱਤਾਂ ਤੇ ਨਿਰਭਰ ਕਰਦੀ ਹੈ?
(ਸ) ਕੁੱਲ ਮੰਗ ਫਲਨ ਅਤੇ ਕੁੱਲ ਪੂਰਤੀ ਫਲਨ ਦੀਆਂ ਧਾਰਨਾਵਾਂ ਕੀ ਹਨ?
(ਹ) ਕੁੱਲ ਮੰਗ ਫਲਨ ਅਤੇ ਕੁੱਲ ਪੂਰਤੀ ਫਲਨ ਦੁਆਰਾ ਰੁਜ਼ਗਾਰ ਦਾ ਸਮਤੋਲ ਪੱਧਰ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ?
(ਕ) ਕੇਨਜ਼ ਅਤੇ ਕਲਾਸੀਕਲ ਸਿਧਾਂਤ ਵਿੱਚ ਕੀ ਅੰਤਰ ਹਨ?
(ਖ) ਕੇਨਜ਼ ਦਾ ਰੁਜ਼ਗਾਰ ਸਿਧਾਂਤ ਕਿਵੇਂ ਮਹੱਤਵਪੂਰਨ ਹੈ?
(ਗ) ਕੇਨਜ਼ ਦੇ ਰੁਜ਼ਗਾਰ ਸਿਧਾਂਤ ਦੀਆਂ ਕੀ ਤਰੁੱਟੀਆਂ ਹਨ?

### 1.4.2 ਭੂਮਿਕਾ (Introduction) :-

ਕੇਨਜ਼ ਦੀ ਪੁਸਤਕ, 'ਰੋਜ਼ਗਾਰ, ਵਿਆਜ ਅਤੇ ਮੁਦਰਾ ਦਾ ਆਮ ਸਿਧਾਂਤ', ਜਿਹੜੀ 1936 ਵਿਚ ਪ੍ਰਕਾਸ਼ਿਤ ਹੋਈ, ਆਰਥਿਕ ਵਿਚਾਰਧਾਰਾ ਦੀ ਇੱਕ ਮਹਾਨ ਰਚਨਾ ਬਣ ਚੁੱਕੀ ਹੈ। ਇਸ ਪੁਸਤਕ ਵਿੱਚ ਕੇਨਜ਼ ਨੇ ਆਮਦਨ ਤੇ ਰੋਜ਼ਗਾਰ ਦੇ ਸਿਧਾਂਤ ਦੀ ਵਿਆਖਿਆ ਕੀਤੀ ਹੈ। ਜੇ ਅਸੀਂ ਉਸ ਸਮੇਂ ਵੱਲ ਝਾਤੀ ਮਾਰ ਕੇ ਵੇਖੀਏ ਤਾਂ ਸਾਨੂੰ ਪਤਾ ਲੱਗੇਗਾ ਕਿ ਉਦੋਂ ਸਾਰੇ ਦੇਸ਼ਾਂ ਵਿੱਚ ਵੱਡੇ ਪੈਮਾਨੇ ਤੇ ਬੇਰੁਜ਼ਗਾਰੀ ਫੈਲੀ ਹੋਈ ਸੀ ਅਤੇ ਸੰਸਾਰ ਇਕ ਗੰਭੀਰ ਮੰਦਵਾੜੇ ਦੀ ਸਥਿਤੀ ਵਿਚੋਂ ਲੰਘ ਰਿਹਾ ਸੀ। ਲੋਕਾਂ ਦੀ ਆਮਦਨ ਨੀਵੀਂ ਪੱਧਰ ਤੇ ਪੁੱਜ ਚੁੱਕੀ ਸੀ ਅਤੇ ਉਨ੍ਹਾਂ ਨੂੰ ਇੱਕ ਮਹਾਨ ਬਿਪਤਾ ਦਾ ਸਾਹਮਣਾ ਕਰਨ ਪੈ ਰਿਹਾ ਸੀ। ਇਸ ਚਿੰਤਾਜਨਕ ਦਸ਼ਾ ਨੂੰ ਵੇਖਕੇ ਕੇਨਜ਼ ਨੇ ਆਮਦਨ ਤੇ ਰੋਜ਼ਗਾਰ ਦੀ ਸਥਿਤੀ ਨੂੰ ਸੁਧਾਰਨ ਬਾਰੇ ਵਿਚਾਰ ਕੀਤਾ। ਉਹ ਸਮਝ ਗਿਆ ਕਿ ਜੇ ਪੁਰਾਣੇ ਅਰਥ ਸ਼ਾਸਤਰ ਦੇ ਆਧਾਰ ਤੇ ਹੀ ਨੀਤੀਆਂ ਨੂੰ ਅਪਣਾਇਆ ਗਿਆ ਤਾਂ ਉਸ ਨਾਲ ਹਾਲਤ ਹੋਰ ਵਿਗੜ ਜਾਵੇਗੀ। ਕੇਨਜ਼ ਨੇ ਪੁਰਾਣੇ ਸਿਧਾਂਤ ਦਾ ਖੰਡਨ ਕੀਤਾ ਅਤੇ ਲੋਕਾਂ ਸਾਹਮਣੇ ਇਕ ਨਵਾਂ ਸਿਧਾਂਤ ਰੱਖਿਆ ਜਿਸ ਨੇ ਆਰਥਿਕ ਸਿਧਾਂਤ (Economic Theory) ਵਿੱਚ ਇੱਕ ਪ੍ਰਕਾਰ ਦੀ ਕ੍ਰਾਂਤੀ (Revolution) ਜਿਹੀ ਲੈ ਆਂਦੀ। ਕੇਨਜ਼ ਦਾ ਆਮਦਨ ਤੇ ਰੁਜ਼ਗਾਰ ਦਾ ਸਿਧਾਂਤ ਇੱਕ ਤਰ੍ਹਾਂ ਨਾਲ ਉਸ ਵੇਲੇ ਦੀਆਂ ਹਾਲਤਾਂ ਦਾ ਸਿੱਟਾ ਹੈ। ਕੇਨਜ਼ ਨੇ ਆਪਣੇ ਸਿਧਾਂਤ ਵਿੱਚ ਆਮਦਨ, ਉਤਪਾਦਨ ਅਤੇ ਰੁਜ਼ਗਾਰ (Income, Output and Employment) ਦੇ ਇਹ ਤਿੰਨ ਸ਼ਬਦ ਇੱਕ ਹੀ ਅਰਥ ਵਿੱਚ ਵਰਤੇ ਹਨ ਕਿਉਂਕਿ ਜਦੋਂ ਵਧੇਰੇ ਆਦਮੀ ਰੋਜ਼ਗਾਰ ਤੇ ਲਾਏ ਜਾਣਗੇ ਤਾਂ ਵਧੇਰੇ ਉਤਪਾਦਨ ਹੋਵੇਗਾ ਅਤੇ ਵਧੇਰੇ ਰਾਸ਼ਟਰੀ ਆਮਦਨ ਹੋਵੇਗੀ।

ਕੇਨਜ਼ ਨੇ ਇਕ ਅਰਥ ਵਿਵਸਥਾ ਦੇ ਉਤਪਾਦਨ ਨੂੰ ਰੋਜ਼ਗਾਰ ਦੇ ਨਾਲ ਮਿਣਿਆ ਹੈ, ਕਿਉਂਕਿ ਉਤਪਾਦਨ ਨੂੰ ਮਾਪਣ ਦਾ ਕੋਈ ਹੋਰ ਚੰਗਾ ਪੈਮਾਨਾ ਨਹੀਂ ਸੀ। ਰਾਸ਼ਟਰੀ ਉਤਪਾਦਨ, ਪ੍ਰਭਾਵੀ ਮੰਗ (Effective Demand) ਤੇ ਨਿਰਭਰ ਕਰਦਾ ਹੈ। ਦੂਜੇ ਸ਼ਬਦਾਂ ਵਿਚ ਰੋਜ਼ਗਾਰ ਪ੍ਰਭਾਵੀ ਮੰਗ ਤੇ ਆਧਾਰਿਤ ਹੈ। ਪ੍ਰਭਾਵੀ ਮੰਗ ਅੱਗੋਂ ਦੋ ਤੱਤਾਂ ਤੇ, ਅਰਥਾਤ ਉਪਭੋਗ ਖਰਚ (Consumption Expenditure) ਅਤੇ ਨਿਵੇਸ਼ ਖਰਚ (Investment Expenditure) ਤੇ ਆਧਾਰਿਤ ਹੈ। ਦੂਜੇ ਸ਼ਬਦਾਂ ਵਿੱਚ ਪ੍ਰਭਾਵੀ ਮੰਗ ਉਪਭੋਗ ਅਤੇ ਨਿਵੇਸ਼ ਉਪਰ ਹੋਏ ਕੁੱਲ ਖਰਚ ਦਾ ਜੋੜ ਹੁੰਦੀ ਹੈ। ਜੇ ਅਸੀਂ ਕਹਿੰਦੇ ਹਾਂ ਕਿ ਰੋਜ਼ਗਾਰ ਪ੍ਰਭਾਵੀ ਮੰਗ ਉਤੇ ਨਿਰਭਰ ਹੈ, ਤਾਂ ਇਸ ਤੋਂ ਪਤਾ ਲਗਦਾ ਹੈ ਕਿ ਬੇਰੁਜ਼ਗਾਰੀ, ਪ੍ਰਭਾਵੀ ਮੰਗ ਦੀ ਕਮੀ ਕਾਰਣ ਪਾਈ ਜਾਂਦੀ ਹੈ। ਇੱਕ ਪੂੰਜੀਵਾਦੀ ਅਰਥ ਵਿਵਸਥਾ ਵਿੱਚ ਬੇਰੁਜ਼ਗਾਰੀ ਆਮ ਦੇਖੀ ਜਾਂਦੀ ਹੈ। ਇਸ ਤੋਂ ਪਤਾ ਲਗਦਾ ਹੈ ਕਿ ਉਥੇ ਪ੍ਰਭਾਵੀ ਮੰਗ ਘੱਟ ਹੈ। ਹੁਣ ਸਵਾਲ ਉਠਦਾ ਹੈ ਕਿ ਪੂੰਜੀਵਾਦੀ ਅਰਥ ਵਿਵਸਥਾ ਵਿਚ ਪ੍ਰਭਾਵੀ ਮੰਗ ਘੱਟ ਕਿਉਂ ਹੁੰਦੀ ਹੈ। ਉਤਰ ਜ਼ਾਹਿਰ ਹੈ ਕਿ ਜਦੋਂ ਕਿਸੇ ਅਰਥ ਵਿਵਸਥਾ ਵਿੱਚ ਆਮਦਨੀ ਵਧਦੀ ਹੈ ਤਾਂ ਰਾਸ਼ਟਰੀ ਉਪਭੋਗ ਵਿੱਚ ਵਾਧਾ ਉਤਨੀ ਤੇਜ਼ੀ ਨਾਲ ਨਹੀਂ ਹੁੰਦਾ ਅਤੇ ਇਨ੍ਹਾਂ ਦੋਨਾਂ ਵਿੱਚ ਇੱਕ ਵਿੱਥ ਪਾਈ ਜਾਂਦੀ ਹੈ। ਜਿਤਨਾ ਚਿਰ ਰਾਸ਼ਟਰੀ ਆਮਦਨ ਅਤੇ ਉਪਭੋਗ ਵਿਚਲੀ ਵਿੱਥ ਨੂੰ ਨਵੇਂ ਨਿਵੇਸ਼ ਨਾਲ ਨਾ ਭਰਿਆ ਜਾਏ, ਨਤੀਜ਼ਾ ਬੇਰੁਜ਼ਗਾਰੀ ਹੋਵੇਗੀ। ਸੋ ਸਾਨੂੰ ਬੇਰੁਜ਼ਗਾਰੀ ਦੂਰ ਕਰਨ ਲਈ ਪ੍ਰਭਾਵੀ ਮੰਗ ਨੂੰ ਨਿਵੇਸ਼ ਰਾਹੀਂ ਵਧਾਉਣਾ ਪਵੇਗਾ।

### 1.4.3 ਕੁੱਲ ਮੰਗ ਫਲਨ ਅਤੇ ਕੁੱਲ ਪੂਰਤੀ ਫਲਨ (Aggregate Demand Function and Aggregate Supply Function) :-

ਕੇਨਜ਼ ਅਨੁਸਾਰ ਪ੍ਰਭਾਵੀ ਮੰਗ ਜਿਹੜੇ ਦੋ ਤੱਤਾਂ ਤੇ ਨਿਰਭਰ ਹੈ ਉਹ ਹਨ ਕੁੱਲ ਮੰਗ ਫਲਨ (Aggregate Demand Function) ਅਤੇ ਕੁੱਲ ਪੂਰਤੀ ਫਲਨ (Aggregate Supply Function)। ਪ੍ਰਭਾਵੀ ਮੰਗ ਇਨ੍ਹਾਂ ਦੋਹਾਂ ਸ਼ਕਤੀਆਂ ਦੇ ਪਰਸਪਰ ਸੰਤੁਲਨ ਨਾਲ ਨਿਰਧਾਰਤ ਹੁੰਦੀ ਹੈ।


ਕੁੱਲ ਮੰਗ ਫਲਨ ਮੁਦਰਾ ਦੀਆਂ ਉਨ੍ਹਾਂ ਵੱਖ-ਵੱਖ ਮਾਤਰਾਵਾਂ ਦੀ ਸਾਰਣੀ ਹੈ ਜਿਹੜੀਆਂ ਕਿ ਇੱਕ ਅਰਥ ਵਿਵਸਥਾ ਵਿਚ ਉੱਦਮ ਕਰਤੇ (Entrepreneurs) ਰੋਜ਼ਗਾਰ ਦੇ ਵੱਖ-ਵੱਖ ਪੱਧਰਾਂ ਉੱਤੇ ਆਪਣੀਆਂ ਵਸਤੂਆਂ ਦੀ ਵਿਕਰੀ ਤੋਂ ਹਾਸਲ ਕਰਨ ਦੀ ਆਸ ਕਰਦੇ ਹਨ। (Aggregate Demand Function is a schedule of the various amounts of money which the entrepreneurs in an economy expect from the sale of their output at varying levels of employment).

ਕੁੱਲ ਪੂਰਤੀ ਫਲਨ, ਮੁਦਰਾ ਦੀਆਂ ਉਨ੍ਹਾਂ ਵੱਖ-ਵੱਖ ਮਾਤਰਾਵਾਂ ਦੀ ਸਾਰਣੀ ਹੈ ਜਿਹੜੀਆਂ ਕਿ ਅਰਥ ਵਿਵਸਥਾ ਵਿਚ ਉਤਪਾਦਕਾਂ ਨੂੰ ਰੋਜ਼ਗਾਰ ਦੇ ਵੱਖ-ਵੱਖ ਪੱਧਰਾਂ ਉਤੇ ਆਪਣੀਆਂ ਵੱਖ-ਵੱਖ ਵਸਤੂਆਂ ਦੀ ਵਿਕਰੀ ਤੋਂ ਜ਼ਰੂਰ ਹਾਸਲ ਹੋਣੀਆਂ ਚਾਹੀਦੀਆਂ ਹਨ। (Aggregate Supply Function is a schedule of the various amounts of money which the entrepreneurs in an economy must receive from the sale of their output at varying levels of employment).

ਜਿਥੇ ਕਿ ਕੁੱਲ ਮੰਗ ਫਲਨ (A.D.F.) ਆਮਦਨ ਪੱਖ ਨੂੰ ਦਰਸਾਉਂਦਾ ਹੈ, ਜਿਸ ਦੀ ਇਕ ਉਤਪਾਦਕ ਆਪਣੀ ਵਿਕਰੀ ਤੋਂ ਆਸ ਕਰਦੇ ਹਨ, ਉਥੇ ਕੁੱਲ ਪੂਰਤੀ ਫਲਨ (A.S.F.) ਲਾਗਤ ਪੱਖ ਨੂੰ ਦਰਸਾਉਂਦਾ ਹੈ ਜਿਹੜੀ ਕਿ ਉਤਪਾਦਕਾਂ ਨੂੰ ਉਨ੍ਹਾਂ ਦੇ ਉਤਪਾਦਨ ਦੀ ਵਿਕਰੀ ਤੋਂ ਜ਼ਰੂਰੀ ਹਾਸਲ ਹੋ ਜਾਣੀ ਚਾਹੀਦੀ ਹੈ।

ਜਿਤਨਾ ਚਿਰ ਆਮਦਨ (receipts), ਲਾਗਤਾਂ (costs) ਤੋਂ ਜ਼ਿਆਦਾ ਹੋਵੇਗੀ, ਉਤਪਾਦਕ ਹੋਰ ਕਿਰਤੀਆਂ ਨੂੰ ਰੋਜ਼ਗਾਰ ਦੇਈਂ ਜਾਣਗੇ ਅਤੇ ਉਥੇ ਜਾ ਕੇ ਰੁਕਣਗੇ ਜਿਥੇ ਕਿ ਆਮਦਨ, ਲਾਗਤ ਦੇ ਬਰਾਬਰ ਹੋ ਜਾਵੇਗੀ।

ਹੁਣ ਅਸੀਂ ਸਾਰੀ ਗੱਲ ਫਿਰ ਦੁਹਰਾਉਂਦੇ ਹਾਂ ਕਿ ਰੋਜ਼ਗਾਰ, ਪ੍ਰਭਾਵੀ ਮੰਗ ਤੇ ਨਿਰਭਰ ਹੈ, ਜੋ ਅੱਗੋਂ ਕੁੱਲ ਮੰਗ ਫਲਨ (A.D.F.) ਅਤੇ ਕੁੱਲ ਪੂਰਤੀ ਫਲਨ (A.S.F.) ਤੇ ਆਧਾਰਿਤ ਹੈ। ਪ੍ਰਭਾਵੀ ਮੰਗ ਇਨ੍ਹਾਂ ਦੋਹਾਂ ਸ਼ਕਤੀਆਂ ਦੇ ਸੰਤੁਲਨ ਨਾਲ ਨਿਰਧਾਰਿਤ ਹੁੰਦੀ ਹੈ। ਇਹ ਅਸੀਂ ਰੇਖਾ-ਚਿੱਤਰ ਨੰਬਰ (1) ਰਾਹੀਂ ਦਰਸਾਉਂਦੇ ਹਾਂ :-




**ਰੇਖਾ ਚਿੱਤਰ ਨੰ. 1**

ਇਸ ਰੇਖਾ–ਚਿੱਤਰ ਨੰਬਰ (1) ਵਿਚ X-axis ਤੇ ਅਸੀਂ ਰੋਜ਼ਗਾਰ ਲੈਂਦੇ ਹਾਂ ਅਤੇ Y-axis ਤੇ ਆਮਦਨ ਅਤੇ ਲਾਗਤ OD, ਵਕਰ ਕੁੱਲ ਮੰਗ ਫਲਨ ਦੀ ਵਕਰ ਅਤੇ OS ਵਕਰ ਪੂਰਤੀ ਫਲਨ ਦੀ ਵਕਰ ਹੈ। ਪ੍ਰਭਾਵੀ ਮੰਗ ਉਹ ਬਿੰਦੂ ਹੈ ਜਿਥੇ ਇਹ ਦੋਵੇਂ ਵਕਰਾਂ ਇੱਕ ਦੂਜੇ ਨੂੰ ਕੱਟਦੀਆਂ ਹਨ। ਸੰਤੁਲਨ E ਬਿੰਦੂ ਤੇ ਹੁੰਦਾ ਹੈ ਕਿਉਂਕਿ ਇਥੇ ਕੁੱਲ ਮੰਗ ਫਲਨ, ਕੁੱਲ ਪੂਰਤੀ ਫਲਨ ਦੇ ਬਰਾਬਰ ਹੈ। ਕੁੱਲ ਰੋਜ਼ਗਾਰ OM ਹੈ। ਜਿਤਨਾ ਚਿਰ ਕੁੱਲ ਮੰਗ ਫਲਨ (A.D.F.) ਕੁੱਲ ਪੂਰਤੀ ਫਲਨ (A.S.F.) ਨਾਲੋਂ ਉੱਪਰ ਹੈ, ਭਾਵ ਆਮਦਨੀ, ਲਾਗਤ ਨਾਲੋਂ ਵਧੇਰੇ ਹੈ, ਉਤਪਾਦਕ ਰੁਜ਼ਗਾਰ ਦੇਈ ਜਾਣਗੇ ਅਤੇ ਉਥੇ ਜਾ ਕੇ ਰੁਕਣਗੇ ਜਿਥੇ ਇਹ ਦੋਵੇਂ ਬਰਾਬਰ ਹਨ।

ਭਾਵੇਂ E ਬਿੰਦੂ ਉੱਤੇ ਸੰਤੁਲਨ ਦੀ ਅਵਸਥਾ ਹੈ ਪਰ ਇਸ ਦਾ ਭਾਵ ਇਹ ਨਹੀਂ ਕਿ ਅਰਥ ਵਿਵਸਥਾ ਵਿੱਚ ਪੂਰਨ ਰੋਜ਼ਗਾਰ ਦੀ ਸਥਿਤੀ ਹੈ (Equilibrium is not necessarily at full employment level)। ਇਹ ਗੱਲ ਕਈ ਵਾਰ ਵੇਖਣ ਵਿੱਚ ਆਉਂਦੀ ਹੈ ਕਿ ਸੰਤੁਲਨ ਉਸ ਅਵਸਥਾ ਵਿੱਚ ਹੋ ਜਾਂਦਾ ਹੈ ਜਿੱਥੇ ਅਜੇ ਵੀ ਬੇਰੁਜ਼ਗਾਰੀ ਪਾਈ ਜਾਂਦੀ ਹੈ। ਇਹ ਪੂਰਨ ਰੁਜ਼ਗਾਰ ਦੀ ਸਥਿਤੀ ਵਿੱਚ ਇਕ ਸ਼ਰਤ ਤੇ ਹੀ ਹੋ ਸਕਦਾ ਹੈ ਕਿ ਨਵੇਂ ਨਿਵੇਸ਼ ਦੀ ਦਰ ਇਤਨੀ ਜ਼ਿਆਦਾ ਹੋਵੇ ਕਿ ਪੂਰਨ ਰੁਜ਼ਗਾਰ ਦੀ ਸਥਿਤੀ ਤੇ ਰਾਸ਼ਟਰੀ ਆਮਦਨ ਅਤੇ ਰਾਸ਼ਟਰੀ ਉਪਭੋਗ ਦੀ ਵਿੱਥ ਨੂੰ ਮਿਟਾ ਦੇਵੇ। ਪਰ ਕੇਨਜ਼ ਅਨੁਸਾਰ ਨਿਵੇਸ਼ ਦੀ ਦਰ ਇਤਨੀ ਜ਼ਿਆਦਾ ਨਹੀਂ ਹੁੰਦੀ ਅਤੇ ਸੰਤੁਲਨ, ਆਮ ਕਰਕੇ ਅਪੂਰਣ ਰੋਜ਼ਗਾਰ ਦੀ ਸਥਿਤੀ ਵਿੱਚ ਹੀ ਪਾਇਆ ਜਾਂਦਾ ਹੈ (The equilibrium between A.D.F. and A.S.F. can and often does take place at a point of less than full employment) । ਇਸ ਰੇਖਾ ਚਿੱਤਰ ਵਿੱਚ ਹੀ ਅਸੀਂ ਇਹ ਮੰਨਦੇ ਹਾਂ ਕਿ (ਅ) ਪੂਰਣ ਰੋਜ਼ਗਾਰ ਦੀ ਸਥਿਤੀ OM ਹੈ, ਸੋ ਪੂਰਨ ਰੋਜ਼ਗਾਰ ਲਿਆਉਣ ਲਈ ਸਾਨੂੰ ਕੁੱਲ ਮੰਗ

ਵਕਰ (A.D.F. Curve) ਨੂੰ ਉਪਰ ਲਿਜਾਣਾ ਪਵੇਗਾ। ਸੋ $E_1$ ਸੰਤੁਲਨ ਬਿੰਦੂ ਪੂਰਨ ਰੋਜ਼ਗਾਰ ਦੀ ਅਵਸਥਾ $OM^1$ ਦਰਸਾਉਂਦਾ ਹੈ।

ਅਸੀ ਫਿਰ ਦੁਹਰਾਉਂਦੇ ਹਾਂ ਕਿ ਕੇਨਜ਼ ਦਾ ਅਰਥ ਵਿਗਿਆਨ ਅਲਪ ਕਾਲੀਨ ਅਰਥ ਵਿਗਿਆਨ ਹੈ। ਅਲਪਕਾਲ ਵਿਚ ਲਾਗਤਾਂ ਸਥਿਰ ਰਹਿੰਦੀਆਂ ਹਨ। ਸੋ ਕੇਨਜ਼ ਕੁੱਲ ਪੂਰਤੀ ਫਲਨ (A.S.F.) ਨੂੰ ਸਥਿਰ ਮੰਨ ਕੇ ਆਪਣਾ ਸਾਰਾ ਸਿਧਾਂਤ ਕੁੱਲ ਮੰਗ ਫਲਨ (A.D.F.) ਤੇ ਆਧਾਰਿਤ ਕਰਦਾ ਹੈ।

ਕੁੱਲ ਮੰਗ ਫਲਨ ਅੱਗੋਂ ਦੋ ਮੁੱਖ ਗੱਲਾਂ ਤੇ ਨਿਰਭਰ ਕਰਦਾ ਹੈ। ਇਨ੍ਹਾਂ ਵਿਚੋਂ ਇੱਕ ਉਪਭੋਗ (Consumption expenditure) ਹੈ, ਅਤੇ ਦੂਜਾ ਨਿਵੇਸ਼ ਖਰਚ (Investment expenditure)। ਜਿੱਥੋਂ ਤੱਕ ਉਪਭੋਗ ਵਸਤਾਂ ਦੀ ਮੰਗ ਦਾ ਸੰਬੰਧ ਹੈ, ਇਹ ਆਮ ਤੌਰ ਤੇ ਸਥਿਰ ਰਹਿੰਦੀ ਹੈ ਅਤੇ ਆਏ ਦਿਨ ਬਦਲਦੀ ਨਹੀਂ। ਇਸ ਦਾ ਵੱਡਾ ਕਾਰਣ ਇਹ ਹੈ ਕਿ ਲੋਕਾਂ ਦੀਆਂ ਉਪਭੋਗ ਲੋੜਾਂ ਅਤੇ ਰੁਚੀਆਂ ਵਿਚ ਛੇਤੀ ਨਾਲ ਪਰਿਵਰਤਨ ਨਹੀਂ ਹੁੰਦਾ। ਪ੍ਰਭਾਵੀ ਮੰਗ ਦਾ ਨਿਰਧਾਰਕ ਨਿਵੇਸ਼ ਹੀ ਹੈ ਅਤੇ ਕੇਨਜ਼ ਨੇ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਰੋਜ਼ਗਾਰ ਨੂੰ ਵਧਾਉਣ ਲਈ ਨਿਵੇਸ਼ ਨੂੰ ਵਧਾਉਣਾ ਬਹੁਤ ਜ਼ਰੂਰੀ ਹੈ। ਨਿਵੇਸ਼ ਮੰਗ ਵਿਚ ਵਾਧੇ ਕਰਕੇ ਰੋਜ਼ਗਾਰ ਵਿੱਚ ਵਾਧਾ ਹੁੰਦਾ ਹੈ। ਇਸ ਨੂੰ ਸਮੀਕਰਣ ਰੂਪ ਵਿਚ ਵੀ ਲਿਖ ਸਕਦੇ ਹਾਂ :–

ਕੁਲ ਮੰਗ = ਉਪਭੋਗ (ਸਥਿਰ ਰਹਿੰਦਾ ਹੈ) + ਨਿਵੇਸ਼ (ਰੋਜ਼ਗਾਰ ਵਧਾਉਂਦਾ ਹੈ)।

ਨਿਵੇਸ਼ ਅਗੋਂ ਵਿਆਜ ਦਰ ਅਤੇ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ (Marginal Efficiency of Capital) ਤੇ ਨਿਰਭਰ ਕਰਦਾ ਹੈ। ਇਨ੍ਹਾਂ ਦੋਹਾਂ ਵਿਚੋਂ ਵਿਆਜ ਦਰ ਛੇਤੀ ਨਾਲ ਨਹੀਂ ਬਦਲਦੀ। ਇਸ ਲਈ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਹੀ ਨਿਵੇਸ਼ ਵਧਾਉਂਦੀ ਹੈ। ਜਦੋਂ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਵਿਚ ਵਾਧਾ ਹੁੰਦਾ ਹੈ ਤਾਂ ਪੂੰਜੀ ਨਿਵੇਸ਼ ਨੂੰ ਉਤਸਾਹ ਮਿਲਦਾ ਹੈ। ਪੂੰਜੀਪਤੀ ਨਿਵੇਸ਼ ਵਿਚ ਵਾਧਾ ਕਰਦੇ ਹਨ ਅਤੇ ਉਸ ਦੇ ਨਾਲ ਰੁਜ਼ਗਾਰ ਅਤੇ ਆਮਦਨ ਵਿਚ ਵਾਧਾ ਹੁੰਦਾ ਹੈ। ਇਸ ਲਈ ਜੇ ਰੁਜ਼ਗਾਰ ਵਧਾਉਣਾ ਹੋਵੇ ਤਾਂ ਸਾਨੂੰ ਇਹ ਦੇਖਣਾ ਚਾਹੀਦਾ ਹੈ ਕਿ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਵਿੱਚ ਵਾਧਾ ਹੋਵੇ।

ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਵੀ ਦੋ ਮੁੱਖ ਗੱਲ੍ਹਾਂ ਤੇ ਆਧਾਰਿਤ ਹੈ। ਪੂੰਜੀਗਤ ਰਾਸ ਦੇ ਬਦਲਣ ਦੀ ਲਾਗਤ ਅਤੇ ਦੂਜਾ ਨਿਵੇਸ਼ ਕਰਤਿਆਂ ਦੀਆਂ ਲਾਭ ਲਈ ਆਸਾਂ। ਇਨ੍ਹਾਂ ਦੋਵਾਂ ਵਿੱਚੋਂ ਨਿਵੇਸ਼ ਕਰਤਿਆਂ ਦੀਆਂ ਲਾਭ ਦੀਆਂ ਆਸਾਂ ਵਧੇਰੇ ਮਹੱਤਪੂਰਨ ਹਨ। ਇਸ ਦਾ ਮਤਲਬ ਇਹ ਹੋਇਆ ਕਿ ਜਦੋਂ ਕੋਈ ਦੇਸ਼ ਆਪਣੀ ਆਮਦਨ ਅਤੇ ਰੁਜ਼ਗਾਰ ਵਿੱਚ ਵਾਧਾ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਅਜਿਹੇ ਕਦਮ ਚੁਕਣੇ ਚਾਹੀਦੇ ਹਨ ਜਿਸ ਨਾਲ ਉਸ ਦੇਸ਼ ਦੇ ਵਪਾਰੀਆਂ, ਕਾਰਖਾਨੇਦਾਰਾਂ ਅਤੇ ਉੱਦਮ-ਕਰਤਿਆਂ ਦੇ ਮਨਾਂ ਵਿਚ ਲਾਭ ਦੀਆਂ ਆਸਾਂ ਵੱਧ ਜਾਣ।

**ਸਵੈ-ਅਭਿਆਸ ਲਈ ਪ੍ਰਸ਼ਨ –**


(1) ਕੇਨਜ਼ ਦੇ ਆਮਦਨ ਅਤੇ ਰੁਜ਼ਗਾਰ ਸਿਧਾਂਤ ਦਾ ਜਨਮ ਕਿਵੇਂ ਹੋਇਆ?

(2) ਕੁੱਲ ਮੰਗ ਫਲਨ ਕੀ ਹੈ?

(3) ਕੁੱਲ ਪੂਰਤੀ ਫਲਨ ਕੀ ਹੈ?

### 1.4.3.1 ਸਮੁੱਚੀ ਮੰਗ ਅਤੇ ਸਮੁੱਚੀ ਪੂਰਤੀ ਦੁਆਰਾ ਰੁਜ਼ਗਾਰ ਦਾ ਸੰਤੁਲਨ

ਆਰਥਿਕ ਸਿਧਾਂਤ ਦੀਆਂ ਦੋ ਬੁਨਿਆਦੀ ਸ਼ਕਤੀਆਂ ਮੰਗ ਅਤੇ ਪੂਰਤੀ ਹਨ। ਆਮਦਨ ਅਤੇ ਰੁਜ਼ਗਾਰ ਦਾ ਸੰਤੁਲਨ ਜਾਣਨ ਲਈ ਸਾਨੂੰ ਸਮੁੱਚੀ ਮੰਗ ਅਤੇ ਪੂਰਤੀ ਦਾ ਸੰਤੁਲਨ ਬਿੰਦੂ ਪਤਾ ਕਰਨਾ ਹੋਵੇਗਾ। ਇਹ ਸੰਤੁਲਨ ਉਸ ਥਾਂ ਤੇ ਹੋਵੇਗਾ ਜਿਥੇ ਸਮੁੱਚੀ ਮੰਗ ਅਤੇ ਸਮੁੱਚੀ ਪੂਰਤੀ ਦੇ ਵਕਰ ਇਕ ਦੂਜੇ ਨੂੰ ਕੱਟਣਗੇ। ਹੇਠ ਦਿੱਤੇ ਰੇਖਾ ਚਿੱਤਰ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ :-




ਰੇਖਾ ਚਿੱਤਰ ਨੰ. 2

ਉਪਰ ਦਿੱਤੇ ਗਏ ਰੇਖਾ ਚਿੱਤਰ 2 ਵਿੱਚ X ਐਕਸਿਜ਼ ਆਮਦਨ ਨੂੰ ਅਤੇ Y ਐਕਸਿਜ਼ ਉਪਭੋਗ ਅਤੇ ਨਿਵੇਸ਼ ਕੀਤੇ ਖਰਚ ਪ੍ਰਗਟਾਉਂਦੇ ਹਨ। 45° ਦੇ ਕੋਣ ਵਾਲੀ OEF ਰੇਖਾ ਰਾਸ਼ਟਰੀ ਆਮਦਨ ਤੇ ਖਰਚ ਦੀ ਬਰਾਬਰੀ ਨੂੰ ਦਰਸਾਉਂਦੀ ਹੈ। C ਉਪਭੋਗ ਵਕਰ ਹੈ ਅਤੇ C+1 ਸਮੁੱਚੀ ਮੰਗ (ਉਪਭੋਗ ਮੰਗ + ਨਿਵੇਸ਼ ਮੰਗ) ਦੀ ਰੇਖਾ ਹੈ। ਸਮੁੱਚੀ ਮੰਗ ਅਤੇ ਸਮੁੱਚੀ ਪੂਰਤੀ ਦੇ ਵਕਰ ਇੱਕ ਦੂਜੇ ਨੂੰ E ਬਿੰਦੂ ਤੇ ਕੱਟਦੇ ਹਨ। ਇਹ ਸੰਤੁਲਨ ਬਿੰਦੂ ਹੀ ਪ੍ਰਭਾਵੀ ਮੰਗ ਦਾ ਬਿੰਦੂ ਹੈ। ਆਮਦਨ ਦੀ ਸੰਤੁਲਨ ਪੱਧਰ OY ਹੈ। ਉਪਭੋਗ ਜਾਂ ਨਿਵੇਸ਼ ਤੇ ਖਰਚ ਘਟਣ ਜਾਂ ਵਧਣ ਨਾਲ ਆਮਦਨ ਤੇ ਰੁਜ਼ਗਾਰ OY ਤੋਂ ਘੱਟ-ਵੱਧ ਸਕਦੀ ਹੈ। ਖਰਚ ਵਿਚ ਹੋਈ ਤਬਦੀਲੀ ਸੰਤੁਲਨ ਬਿੰਦੂ ਨੂੰ ਬਦਲ ਦੇਵੇਗੀ। ਇਸ ਪ੍ਰਕਾਰ ਕਿਸੇ ਅਰਥ-ਵਿਵਸਥਾ ਵਿੱਚ ਆਮਦਨ ਤੇ ਰੁਜ਼ਗਾਰ ਦਾ ਸੰਤੁਲਨ ਬਿੰਦੂ ਉਥੇ ਹੋਵੇਗਾ ਜਿੱਥੇ ਸਮੁੱਚੀ ਮੰਗ ਅਤੇ ਪੂਰਤੀ ਆਪਸ ਵਿੱਚ ਬਰਾਬਰ ਹੋਣਗੀਆਂ।

ਇਹ ਜ਼ਰੂਰੀ ਨਹੀਂ ਕਿ ਸੰਤੁਲਨ ਪੂਰਨ ਰੁਜ਼ਗਾਰ ਦੀ ਪੱਧਰ ਤੇ ਹੀ ਹੋਵੇ। ਕਲਾਸੀਕਲ ਅਰਥ ਵਿਗਿਆਨੀਆਂ ਅਨੁਸਾਰ ਅਰਥ-ਵਿਵਸਥਾ ਪੂਰਨ ਰੁਗ਼ਗਾਰ ਦੀ ਸਥਿਤੀ ਵਿਚ ਰਹਿੰਦੀ ਹੈ। ਪਰ ਕੇਨਜ਼ ਅਨੁਸਾਰ ਸੰਤੁਲਨ ਆਮ ਤੌਰ ਤੇ ਅਪੂਰਨ ਰੁਜ਼ਗਾਰ ਦੀ ਸਥਿਤੀ ਵਿਚ ਹੀ ਪਾਇਆ ਜਾਂਦਾ ਹੈ। ਜੇ ਅਸੀਂ ਮੰਨ ਲੈਂਦੇ ਹਾਂ ਕਿ ਬਿੰਦੂ F ਤੇ ਪੂਰਨ ਰੁਜ਼ਗਾਰ ਦੀ ਸਥਿਤੀ ਹੈ ਤਾਂ ਬਿੰਦੂ E ਤੇ ਸੰਤੁਲਨ ਅਪੂਰਨ ਰੁਜ਼ਗਾਰ ਦੀ ਸਥਿਤੀ ਵਿੱਚ ਹੋਵੇਗਾ। ਇਸ ਹਾਲਤ ਵਿੱਚ ਆਮਦਨ ਅਤੇ ਸਮੁੱਚੀ ਮੰਗ ਵਿੱਚ FK ਦਾ ਅੰਤਰ ਹੈ। ਜੇ ਅਸੀਂ ਚਾਹੁੰਦੇ ਹਾਂ ਕਿ ਪੂਰਨ ਰੋਜ਼ਗਾਰ ਦੀ ਸਥਿਤੀ ਹੋਵੇ ਤਾਂ

ਸਾਨੂੰ ਨਿਵੇਸ਼ ਵਿੱਚ ਵਾਧਾ ਕਰਨਾ ਚਾਹੀਦਾ ਹੈ। ਨਿਵੇਸ਼ ਵਿਚ ਵਾਧੇ ਦੀ ਮਾਤਰਾ FK ਦੇ ਬਰਾਬਰ ਹੋਣੀ ਚਾਹੀਦੀ ਹੈ। ਨਿਵੇਸ਼ ਵਿੱਚ ਵਾਧੇ ਨਾਲ ਨਵਾਂ ਸੰਤੁਲਨ ਬਿੰਦੂ F ਹੋਵੇਗਾ। ਅਸਾਂ ਸੋਚਣਾ ਇਹ ਹੈ ਕਿ ਅਰਥ-ਵਿਵਸਥਾ ਵਿੱਚ ਇਹ ਅੰਤਰ ਕਿਉਂ ਆ ਜਾਂਦਾ ਹੈ। ਆਮਦਨ ਅਤੇ ਉਪਭੋਗ ਦੇ ਅੰਤਰ ਨੂੰ ਅਸੀਂ ਬੱਚਤ ਆਖਦੇ ਹਾਂ। ਅਰਥ ਵਿਵਸਥਾ ਵਿਚ ਬੱਚਤ ਕਰਨ ਵਾਲੇ ਅਤੇ ਨਿਵੇਸ਼ ਕਰਨ ਵਾਲੇ ਵੱਖਰੇ ਆਦਮੀ ਹੁੰਦੇ ਹਨ। ਬੱਚਤ ਅਤੇ ਨਿਵੇਸ਼ ਦੇ ਮਨੋਰਥ ਵੀ ਵੱਖਰੇ ਹੁੰਦੇ ਹਨ। ਬੱਚਤ ਵਿਸ਼ੇਸ਼ ਕਰਕੇ ਆਮਦਨ ਤੇ ਨਿਰਭਰ ਹੁੰਦੀ ਹੈ, ਪਰੰਤੂ ਨਿਵੇਸ਼ ਲਾਭ ਦੀਆਂ ਆਸਾਂ ਜਾਂ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਅਤੇ ਵਿਆਜ ਦਰ ਤੇ ਨਿਰਭਰ ਕਰਦੀ ਹੈ। ਇਸ ਲਈ ਜ਼ਰੂਰੀ ਨਹੀਂ ਕਿ ਹਮੇਸ਼ਾਂ ਨਿਵੇਸ਼ ਉਤਨਾ ਹੀ ਹੋਵੇ ਕਿ ਪੂਰਨ ਰੋਜ਼ਗਾਰ ਦੀ ਸਥਿਤੀ ਬਣੀ ਰਹੇ। ਪੂਰਨ ਰੁਜ਼ਗਾਰ ਦੀ ਸਥਿਤੀ ਲਿਆਉਣ ਲਈ ਸਾਨੂੰ ਵਿਸ਼ੇਸ਼ ਕਦਮ ਚੁੱਕਣੇ ਪੈਂਦੇ ਹਨ।

**ਸਿਧਾਂਤ ਸਾਰਣੀਬੱਧ ਰੂਪ (Tabular Form) ਵਿੱਚ** : ਆਮਦਨ ਤੇ ਰੋਜ਼ਗਾਰ ਦੇ ਇਸ ਸਿਧਾਂਤ ਦੀ ਰੂਪ ਰੇਖਾ ਨੂੰ ਅਗਲੇ ਪੰਨੇ ਤੇ ਸਾਰਣੀਬੱਧ ਰੂਪ ਵਿੱਚ ਦਿੱਤਾ ਗਿਆ ਹੈ। ਇਸ ਨੂੰ ਵੇਖ ਕੇ ਝੱਟ ਪਤਾ ਲੱਗ ਜਾਂਦਾ ਹੈ ਕਿ ਆਮਦਨ ਤੇ ਰੋਜ਼ਗਾਰ ਕਿਹੜੇ ਤੱਤਾਂ ਤੇ ਆਧਾਰਿਤ ਹੁੰਦੇ ਹਨ।

**ਸਵੈ-ਅਭਿਆਸ ਲਈ ਪ੍ਰਸ਼ਨ –**

(i) ਕੇਨਜ਼ੀਅਨ ਸਿਧਾਂਤ ਵਿਚ ਰੁਜ਼ਗਾਰ ਦਾ ਸਮਤੋਲ ਪੱਧਰ ਕਿੱਥੇ ਹੁੰਦਾ ਹੈ?

(ii) ਪ੍ਰਭਾਵੀ ਮੰਗ ਕੀ ਹੈ?

### 1.4.4 ਕੇਨਜ਼ ਅਤੇ ਕਲਾਸੀਕਲ ਸਿਧਾਂਤ ਵਿਚਲੇ ਮੱਤ-ਭੇਦ (Difference between Keynesian and Classical Theory)

(i) ਕਲਾਸੀਕਲ ਅਰਥ ਵਿਗਿਆਨੀਆਂ ਅਨੁਸਾਰ, ਅਰਥ ਵਿਵਸਥਾ ਹਮੇਸ਼ਾਂ ਪੂਰਨ ਰੁਜ਼ਗਾਰ ਦੀ ਸਥਿਤੀ ਵਿਚ ਰਹਿੰਦੀ ਹੈ। ਜੇ ਕਿਸੇ ਤਰ੍ਹਾਂ ਕੁਝ ਸਮੇਂ ਲਈ ਪੂਰਨ ਰੁਜ਼ਗਾਰ ਦੀ ਸਥਿਤੀ ਨਾ ਵੀ ਰਹੇ, ਤਾਂ ਉਨ੍ਹਾਂ ਦਾ ਪੱਕਾ ਵਿਸ਼ਵਾਸ਼ ਸੀ ਕਿ ਉਸ ਹਾਲਤ ਵਿੱਚ ਮਜ਼ਦੂਰੀ ਘੱਟ ਹੋ ਜਾਵੇਗੀ ਅਤੇ ਇਸ ਤਰ੍ਹਾਂ ਕੀਮਤਾਂ ਘੱਟ ਜਾਣਗੀਆਂ, ਕੀਮਤਾਂ ਘਟਣ ਨਾਲ ਫਿਰ ਪੂਰਨ ਰੁਜ਼ਗਾਰ ਹੋ ਜਾਵੇਗਾ। ਪਰ ਕੇਨਜ਼ ਅਨੁਸਾਰ, ਅਪੂਰਣ ਰੁਜ਼ਗਾਰ ਦੀ ਸਥਿਤੀ ਆਮ ਕਰਕੇ ਰਹਿੰਦੀ ਹੈ ਕਿਉਂਕਿ ਜਦੋਂ ਰਾਸ਼ਟਰੀ ਆਮਦਨ ਵੱਧਦੀ ਹੈ, ਰਾਸ਼ਟਰੀ ਉਪਭੋਗ ਵਿਚ ਵਾਧਾ ਉਤਨੀ ਤੇਜ਼ੀ ਨਾਲ ਨਹੀਂ ਹੁੰਦਾ ਅਤੇ ਇਨ੍ਹਾਂ ਦੋਵਾਂ ਵਿੱਚ ਇੱਕ ਵਿੱਥ ਪੈਦਾ ਹੋ ਜਾਂਦੀ ਹੈ ਜਿਸ ਨੂੰ ਭਰਨ ਲਈ ਨਿਵੇਸ਼ ਵਿੱਚ ਵਾਧਾ ਕਰਨਾ ਜ਼ਰੂਰੀ ਹੈ। ਪ੍ਰਭਾਵੀ ਮੰਗ, ਆਮਦਨ ਤੇ ਰੁਜ਼ਗਾਰ ਦੀ ਕੁੰਜੀ ਹੈ।


(ii) ਕਲਾਸੀਕਲ ਸਿਧਾਂਤ ਇੱਕ ਗਤੀਹੀਨ ਸਿਧਾਂਤ (Static Theory) ਹੈ ਅਤੇ ਇਸ ਦੇ ਉਲਟ ਕੇਨਜ਼ ਦਾ ਸਿਧਾਂਤ ਗਤੀਸ਼ੀਲ (Dynamic) ਹੈ। ਕੇਨਜ਼ ਆਪਣੇ ਸਿਧਾਂਤ ਵਿੱਚ ਭਾਵੀ ਆਸਾਂ ਤੇ ਬਲ ਦਿੰਦਾ ਹੈ ਅਤੇ ਬਦਲਦੀਆਂ ਅਵਸਥਾਵਾਂ ਦਾ ਵਿਸ਼ਲੇਸ਼ਣ ਕਰਦਾ ਹੈ। ਕਲਾਸੀਕਲ ਸਿਧਾਂਤ ਵਿੱਚ ਕੇਵਲ ਇਸੇ ਗੱਲ ਦਾ ਹੀ ਵਿਸ਼ਲੇਸ਼ਣ ਹੈ ਕਿ ਕਿਸੇ ਸਮੇਂ ਅਰਥ ਵਿਵਸਥਾ ਵਿਚ ਕਿਵੇਂ ਵੱਖੋ ਵੱਖਰੀਆਂ ਸ਼ਕਤੀਆਂ ਦਾ ਸੰਤੁਲਨ ਹੁੰਦਾ ਹੈ।


(iii) ਕੇਨਜ਼ ਦਾ ਸਿਧਾਂਤ ਰੁਜ਼ਗਾਰ ਦੀ ਹਰੇਕ ਪੱਧਰ ਤੇ ਵਿਚਾਰ ਕਰਦਾ ਹੈ। ਕੇਨਜ਼ ਦੇ ਸਿਧਾਂਤ ਦਾ ਮਨੋਰਥ ਇਹ ਦੱਸਣਾ ਹੈ ਕਿ ਕਿਸੇ ਮਿਥੇ ਰੁਜ਼ਗਾਰ ਦੀ ਮਾਤਰਾ ਕਿਸ ਤਰ੍ਹਾਂ ਨਿਸ਼ਚਤ ਹੁੰਦੀ ਹੈ, ਭਾਵੇਂ ਇਹ ਪੂਰਣ ਰੁਜ਼ਗਾਰ, ਵਿਸਤ੍ਰਿਤ ਬੇਰੁਜ਼ਗਾਰੀ ਜਾਂ ਕਿਸੇ ਹੋਰ ਪੱਧਰ ਦੀ ਹੀ ਕਿਉਂ ਨਾ ਹੋਵੇ। ਕਲਾਸੀਕਲ ਸਿਧਾਂਤ ਕੇਵਲ ਪੂਰਣ ਰੁਜ਼ਗਾਰ ਦੇ ਵਿਸ਼ੇ ਨਾਲ ਸੰਬੰਧਤ ਹੈ। ਕੇਨਜ਼

ਆਪਣੇ ਸਿਧਾਂਤ ਵਿਚ ਸਾਰਾ ਜ਼ੋਰ ਆਸ ਸ਼ਬਦ ਤੇ ਲਾਉਂਦਾ ਹੈ ਅਤੇ ਉਹ ਇਹ ਦਰਸਾਉਣ ਦਾ ਯਤਨ ਕਰਦਾ ਹੈ ਕਿ ਅਰਥ ਵਿਵਸਥਾ ਵਿਚ ਸਾਧਾਰਣ ਸਥਿਤੀ ਵਧਦੀ ਘਟਦੀ ਆਰਥਿਕ ਕ੍ਰਿਆ ਦੀ ਹੈ।

(iv) ਕੇਨਜ਼ ਆਪਣੇ ਸਿਧਾਂਤ ਨੂੰ ਮੌਦ੍ਰਿਕ ਸਿਧਾਂਤ (Money Theory) ਆਖਦਾ ਹੈ। ਉਸ ਨੇ ਮੁਦਰਾ ਨੂੰ ਕੀਮਤ ਅਤੇ ਉਤਪਾਦਨ ਦੀ ਸਿਧਾਂਤ ਨਾਲ ਇੱਕਮਿੱਕ (Integrate) ਕਰ ਦਿੱਤਾ ਹੈ। ਕੇਨਜ਼ ਮੁੱਢਲੀ ਉਮਰ ਵਿੱਚ ਮੁਦਰਾ ਸਿਧਾਂਤ ਦੇ ਨੀਤੀ ਦਾ ਮਾਹਿਰ ਸੀ। ਜਦੋਂ ਉਸ ਨੇ ਆਮ ਸਿੱਧਾਂਤ ਦੇ ਵਿਸ਼ਾਲ ਖੇਤਰ ਵਿਚ ਪ੍ਰਵੇਸ਼ ਕੀਤਾ ਤਾਂ ਉਸਨੇ ਮੁਦਰਾ ਨੂੰ ਸਮੁੱਚੀ ਆਰਥਿਕ ਪ੍ਰਣਾਲੀ ਵਿੱਚ ਰੁਜ਼ਗਾਰ ਅਤੇ ਉਤਪਾਦਨ ਨਿਸ਼ਚਿਤ ਕਰਨ ਦਾ ਸਭ ਤੋਂ ਵੱਡਾ ਸਾਧਨ ਦੱਸਿਆ। ਕਲਾਸੀਕਲ ਅਰਥ ਵਿਗਿਆਨੀ ਇਨ੍ਹਾਂ ਸਿਧਾਂਤਾਂ ਨੂੰ ਇੱਕ ਦੂਜੇ ਤੋਂ ਵੱਖ ਸਮਝਦੇ ਰਹੇ ਹਨ ਅਤੇ ਇਨ੍ਹਾਂ ਦੀ ਵਿਆਖਿਆ ਵੀ ਵੱਖੋ ਵੱਖਰੀ ਕਰਦੇ ਰਹੇ।

(v) ਕਲਾਸੀਕਲ ਸਿੱਧਾਂਤ ਯਥਾਰਥਵਾਦੀ ਨਹੀਂ ਪ੍ਰੰਤੂ ਕੇਨਜ਼ ਦਾ ਸਿੱਧਾਂਤ ਵਿਵਹਾਰਿਕ ਅਤੇ ਯਥਾਰਥਵਾਦੀ ਹੈ ਜੋ ਕਿ ਨਿਮਨ ਚਾਰਟ ਦੁਆਰਾ ਦੱਸਿਆ ਜਾ ਸਕਦਾ ਹੈ :-


ਆਮਦਨ ਅਤੇ ਰੁਜਗਾਰ
ਪ੍ਰਭਾਵੀ ਮੰਗ
ਕੁੱਲ ਮੰਗ
ਕੁਲ ਪੂਰਤੀ
ਨਿਵੇਸ਼
ਉਪਭੋਗ
ਵਿਆਜ ਦੀ ਦਰ
ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ
ਆਮਦਨ ਦੀ ਮਾਤਰਾ
ਉਪਭੋਗ ਪ੍ਰਵ੍ਰਿਤੀ
ਪੂੰਜੀਗਤ ਰਾਸ਼ ਦੇ ਪੁਨਰਸਥਾਪਨ ਦੀ ਲਾਗਤ
ਸ਼ੰਭਾਵੀ ਆਦਮਨ
ਮੁਦਰਾ ਦੀ ਮਾਤਰਾ ਨਗਦੀ ਲਈ ਤਰਜੀਹ
ਮੁਦਰਾ ਦੀ ਪੂਰਤੀ
ਵਿਹਾਰਕ ਮਨੋਰਥ
ਇਹਤਿਆਤੀ ਮਨੋਰਥ
ਸੱਟਾਂ ਮਨੋਰਥ




(vi) ਕਲਾਸੀਕਲ ਅਰਥ-ਵਿਗਿਆਨੀਆਂ ਅਨੁਸਾਰ, ਜਦੋਂ ਵੀ ਮੁਦਰਾ ਦੀ ਮਾਤਰਾ ਵਿੱਚ ਵਾਧਾ ਕੀਤਾ ਜਾਵੇਗਾ ਤਾਂ ਕੀਮਤਾਂ ਦੀ ਪੱਧਰ ਉਚੀ ਹੋ ਜਾਵੇਗੀ। ਇਸ ਦੇ ਉਲਟ ਕੇਨਜ਼ ਦਾ ਵਿਚਾਰ ਇਹ ਹੈ ਕਿ ਜਦੋਂ ਤੱਕ ਪੂਰਨ ਰੁਜ਼ਗਾਰ ਦੀ ਸਥਿਤੀ ਨਾ ਹੋਵੇ, ਮੁਦਰਾ ਦੀ ਮਾਤਰਾ ਵੱਧਣ ਨਾਲ ਉਤਪਾਦਨ ਵਧੇਗਾ ਅਤੇ ਕੀਮਤਾਂ ਉੱਤੇ ਵਿਸ਼ੇਸ਼ ਪ੍ਰਭਾਵ ਨਹੀਂ ਪਵੇਗਾ। ਕੇਨਜ਼ ਅਨੁਸਾਰ ਮੁਦਰਾ ਸਫ਼ੀਤੀ (inflation) ਪੂਰਣ ਰੁਜ਼ਗਾਰ ਦੀ ਪੱਧਰ ਤੋਂ ਹੀ ਆਰੰਭ ਹੁੰਦੀ ਹੈ।

(vii) ਕਲਾਸੀਕਲ ਅਰਥ ਵਿਗਿਆਨੀ ਸੰਤੁਲਿਤ ਬੱਜਟ (Balance Budget) ਨੀਤੀ ਦੇ ਸਮਰਥਕ ਹਨ। ਇਸ ਦੇ ਉੱਲਟ ਕੇਨਜ਼ ਦੇ ਵਿਚਾਰ ਇਹ ਸੀ ਕਿ ਬੱਜਟ ਅਰਥ ਵਿਵਸਥਾ ਦੀ ਦਸ਼ਾ ਦੇ ਅਨੁਸਾਰ ਹੋਣਾ ਚਾਹੀਦਾ ਹੈ। ਜਦੋਂ ਦੇਸ਼ ਵਿਚ ਬੇਰੁਜ਼ਗਾਰੀ ਹੋਵੇ ਤਾਂ ਘਾਟੇ ਦਾ ਬੱਜਟ (Deficit Budget) ਲਾਹੇਵੰਦ ਰਹਿੰਦਾ ਹੈ।

(viii) ਕਲਾਸੀਕਲ ਅਰਥ-ਵਿਗਿਆਨੀ, ਵਿਸ਼ੇਸ਼ ਕਰਕੇ ਪੀਗੂ ਦਾ ਇਹ ਵਿਚਾਰ ਸੀ ਕਿ ਕਿਸੇ ਵੀ ਸਮੇਂ ਨਕਦ ਮਜ਼ਦੂਰੀ ਦੀ ਦਰ ਨੂੰ ਘੱਟ ਕਰਕੇ ਪੂਰਣ ਰੁਜ਼ਗਾਰ ਦੀ ਸਥਿਤੀ ਕਾਇਮ ਰੱਖੀ ਜਾ ਸਕਦੀ ਹੈ। ਇਸ ਦੇ ਉਂਲਟ ਕੇਨਜ਼ ਨੇ ਸਿੱਧ ਕੀਤਾ ਹੈ ਕਿ ਇਸ ਤਰ੍ਹਾਂ ਕਰਨਾ ਸਿਧਾਂਤਕ ਅਤੇ ਵਿਵਹਾਰਿਕ ਦ੍ਰਿਸ਼ਟੀ, ਦੋਹਾਂ ਤੋਂ ਹੀ ਇਕ ਭਾਰੀ ਭੁੱਲ ਹੈ। ਮਜ਼ਦੂਰੀ ਸਿਰਫ ਲਾਗਤ ਹੀ ਨਹੀਂ ਸਗੋਂ ਮਜ਼ਦੂਰ ਦੀ ਆਮਦਨ ਵੀ ਹੈ। ਇਸ ਦੇ ਘੱਟਣ ਨਾਲ ਪ੍ਰਭਾਵੀ ਮੰਗ ਘੱਟ ਜਾਂਦੀ ਹੈ ਅਤੇ ਰੁਜ਼ਗਾਰ ਵੀ ਘਟਦਾ ਹੈ।

(ix) ਕੇਨਜ਼ ਦੇ ਅਨੁਸਾਰ ਵਿਆਜ ਦਰ, ਨਕਦੀ ਲਈ ਤਰਜੀਹ ਅਤੇ ਮੁਦਰਾ ਪੂਰਤੀ ਦੇ ਪਰਸਪਰ ਸੰਬੰਧ ਰਾਹੀਂ ਨਿਯਤ ਹੁੰਦੀ ਹੈ। ਕਲਾਸੀਕਲ ਅਰਥ-ਵਿਗਿਆਨੀਆਂ ਅਨੁਸਾਰ, ਇਹ ਬੱਚਤ ਅਤੇ ਨਿਵੇਸ਼ ਦੀ ਪਰਸਪਰ ਕ੍ਰਿਆ ਰਾਹੀਂ ਨਿਯਤ ਹੁੰਦੀ ਹੈ।

**ਸਵੈ-ਅਭਿਆਸ ਲਈ ਪ੍ਰਸ਼ਨ –**

(i) ਕੇਨਜ਼ ਦੇ ਰੁਜ਼ਗਾਰ ਸਿਧਾਂਤ ਨੂੰ ਮੋਂਦ੍ਰਿਕ ਸਿਧਾਂਤ ਕਿਉਂ ਕਿਹਾ ਜਾਂਦਾ ਹੈ?

(ii) ਕੀ ਨਕਦ ਮਜ਼ਦੂਰੀ ਦੀ ਦਰ ਘੱਟ ਕਰਕੇ ਰੋਜ਼ਗਾਰ ਦਾ ਪੱਧਰ ਵਧਾਇਆ ਜਾ ਸਕਦਾ ਹੈ?

### 1.4.5 ਕੇਨਜ਼ ਦੇ ਸਿਧਾਂਤ ਦੀ ਆਲੋਚਨਾ

ਜਿੱਥੇ ਕੇਨਜ਼ ਦੇ ਸਿਧਾਂਤ ਦਾ ਇਤਨਾ ਮਹੱਤਵ ਹੈ, ਉਥੇ ਕਈ ਅਰਥ ਵਿਗਿਆਨੀਆਂ ਨੇ ਇਸ ਦੀ ਆਲੋਚਨਾ ਵੀ ਕੀਤੀ ਹੈ। ਇਸ ਸੰਬੰਧ ਵਿਚ ਇਸ ਸਿਧਾਂਤ ਦੀਆਂ ਕੁਝ ਕੁ ਤਰੁੱਟੀਆਂ ਹੇਠਾਂ ਦਿੰਦੇ ਹਾਂ :

(i) ਇਹ ਸਿਧਾਂਤ ਵਿਕਸਿਤ ਦੇਸ਼ਾਂ ਨੂੰ ਸਾਹਮਣੇ ਰੱਖ ਕੇ ਪੇਸ਼ ਕੀਤਾ ਗਿਆ ਹੈ। ਉੱਨਤ ਦੇਸ਼ਾਂ ਦੀ ਮੁੱਖ ਸਮੱਸਿਆ ਉਨ੍ਹਾਂ ਦੀ ਆਰਥਿਕ ਅਸਥਿਰਤਾ ਹੈ। ਉਸ ਦੇ ਉਲਟ ਘੱਟ ਵਿਕਸਿਤ ਦੇਸ਼ਾਂ ਦੀ ਮੁੱਖ ਸਮੱਸਿਆ ਆਰਥਿਕ ਵਿਕਾਸ ਹੈ। ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਜਿਹੜੇ ਉਪਾਅ ਕੇਨਜ਼ ਨੇ ਦੱਸੇ ਹਨ ਭਾਰਤ ਵਰਗੇ ਘੱਟ ਵਿਕਸਿਤ ਦੇਸ਼ਾਂ ਲਈ ਸਹਾਇਕ ਨਹੀਂ ਹੋ ਸਕਦੇ। ਸਾਡੀ ਬੇਰੁਜ਼ਗਾਰੀ ਅਜਿਹੀ ਨਹੀਂ ਕਿ ਅਰਥ ਵਿਵਸਥਾ ਦੇ ਉਤਾਰ ਚੜ੍ਹਾਅ ਨਾਲ ਇਸ ਵਿੱਚ ਵੀ ਘਾਟਾ ਵਾਧਾ ਹੁੰਦਾ ਰਹੇ। ਇਹ ਤਾਂ ਦੀਰਘਕਾਲੀਨ ਅਤੇ ਪੁਰਾਣੀ ਬਿਮਾਰੀ ਵਾਂਗੂ ਚਲੀ ਆ ਰਹੀ ਹੈ।

(ii) ਕੇਨਜ਼ ਨੇ ਆਪਣਾ ਸਿਧਾਂਤ ਕੇਵਲ ਸਪਸ਼ਟੀਭਾਵ-ਆਤਮਕ (Macro) ਦ੍ਰਿਸ਼ਟੀਕੋਣ ਤੋਂ ਹੀ ਪੇਸ਼ ਕੀਤਾ ਹੈ ਅਤੇ ਵਿਅਸ਼ਟੀਭਾਵ-ਆਤਮਕ (Micro) ਦ੍ਰਿਸ਼ਟੀਕੋਣ ਨੂੰ ਉਕਾ ਹੀ ਉਹਲੇ ਕਰ ਦਿੱਤਾ ਹੈ। ਆਰਥਿਕ ਵਿਸ਼ਲੇਸ਼ਣ ਵਿੱਚ ਸਾਡੇ ਲਈ ਇਹ ਜ਼ਰੂਰੀ ਹੈ ਕਿ ਦੋਹਾਂ ਦ੍ਰਿਸ਼ਟੀਕੋਣਾਂ ਨੂੰ ਅਪਣਾਇਆ ਜਾਵੇ। ਜੇ ਅਸੀਂ ਕੇਵਲ ਇੱਕ ਪਾਸੇ ਵੱਲ ਹੀ ਧਿਆਨ ਦਿਆਂਗੇ ਤਾਂ ਸਾਡਾ ਵਿਸ਼ਲੇਸ਼ਣ ਅਧੂਰਾ ਰਹਿ ਜਾਵੇਗਾ।

(iii) ਵਪਾਰ-ਚੱਕਰਾਂ ਦਾ ਆਧੁਨਿਕ ਸਿਧਾਂਤ ਦੱਸਦਾ ਹੈ ਕਿ ਇਨ੍ਹਾਂ ਦੇ ਗੁਣਕ (Multiplier) ਅਤੇ ਤਵਰਕ (Accelerator) ਦੋਹਾਂ ਦੀ ਪਰਸਪਰ ਕ੍ਰਿਆ ਦਾ ਪ੍ਰਭਾਵ ਪੈਂਦਾ ਹੈ। ਕੇਨਜ਼ ਨੇ ਆਪਣੇ ਸਿਧਾਂਤ ਵਿੱਚ ਕੇਵਲ ਗੁਣਕ ਦੇ ਮਹੱਤਵ ਬਾਰੇ ਦੱਸਿਆ ਹੈ।

(iv) ਕੇਨਜ਼ ਦਾ ਸਿਧਾਂਤ ਵਿਕਸਿਤ ਪੂੰਜੀਵਾਦੀ ਅਰਥ ਵਿਵਸਥਾ ਤੇ ਹੀ ਲਾਗੂ ਹੁੰਦਾ ਹੈ ਅਤੇ ਇਹ ਸਮਾਜਵਾਦੀ ਅਰਥ-ਵਿਵਸਥਾ ਤੇ ਲਾਗੂ ਨਹੀਂ ਹੁੰਦਾ। ਸਮਾਜਵਾਦੀ ਅਰਥ ਵਿਵਸਥਾ

ਵਿੱਚ ਨਿਵੇਸ਼ ਸਰਕਾਰ ਦੇ ਹੱਥਾਂ ਵਿਚ ਹੁੰਦਾ ਹੈ। ਉਹ ਉਸ ਨੂੰ ਲੋੜ ਅਨੁਸਾਰ ਵਧਾਉਂਦੀ ਜਾਂ ਘਟਾਉਂਦੀ ਰਹਿੰਦੀ ਹੈ। ਸਮਾਜਵਾਦੀ ਦੇਸ਼ ਵਿਚ ਕਾਲ-ਚੱਕਰੀ ਬੇਰੁਜ਼ਗਾਰੀ (Cyclical Unemployment) ਤਾਂ ਹੁੰਦੀ ਹੀ ਨਹੀਂ।

(v) ਕੇਨਜ਼ ਦਾ ਸਿਧਾਂਤ ਪੂੰਜੀਵਾਦੀ ਦੇਸ਼ਾਂ ਤੇ ਵੀ ਪੂਰੀ ਤਰ੍ਹਾਂ ਲਾਗੂ ਨਹੀਂ ਹੁੰਦਾ। ਕੇਨਜ਼ ਨੇ ਆਪਣੇ ਸਿਧਾਂਤ ਵਿੱਚ ਪੂਰਨ ਪ੍ਰਤੀਯੋਗਤਾ (Perfect competition) ਦੀ ਮਨੌਤ ਰੱਖੀ ਹੈ। ਵਾਸਤਵ ਵਿੱਚ ਪੂੰਜੀਵਾਦੀ ਅਰਥਵਿਵਸਥਾ ਵਿੱਚ ਪੂਰਣ ਪ੍ਰਤੀਯੋਗਤਾ ਦੀ ਅਵਸਥਾ ਨਹੀਂ ਹੁੰਦੀ।

(vi) ਕੇਨਜ਼ ਆਪਣੇ ਵਿਸ਼ਲੇਸ਼ਣ ਵਿਚ ਸਮਾਂ ਵਿਲੰਬ (time lag) ਨੂੰ ਕੋਈ ਮਹੱਤਤਾ ਨਹੀਂ ਦੇਂਦਾ। ਉਸ ਦੇ ਸਿਧਾਂਤ ਵਿਚ ਇਹ ਮੰਨ ਲਿਆ ਜਾਂਦਾ ਹੈ ਕਿ ਜੇਕਰ ਆਮਦਨ ਅੱਜ ਵਧਦੀ ਹੈ ਤਾਂ ਉਪਭੋਗ ਵੀ ਅੱਜ ਹੀ ਵੱਧ ਜਾਵੇਗਾ। ਆਮਦਨ ਦੇ ਵਧਣ ਤੇ ਉਸ ਦੇ ਫਲਸਰੂਪ ਉਪਭੋਗ ਦੇ ਵਧਣ ਵਿੱਚ ਸਮੇਂ ਵਿਲੰਬ (time lag) ਨੂੰ ਧਿਆਨ ਵਿੱਚ ਰੱਖਿਆ ਜਾਣਾ ਚਾਹੀਦਾ ਹੈ। ਉਸ ਦੇ ਸਿਧਾਂਤ ਵਿਚ ਇਹ ਇੱਕ ਵੱਡੀ ਤਰੁੱਟੀ ਹੈ।

(vii) ਕੇਨਜ਼ ਦਾ ਸਿਧਾਂਤ ਅਲਪ-ਕਾਲੀਨ (Short-term) ਸਿਧਾਂਤ ਹੈ ਅਤੇ ਦੀਰਘ-ਕਾਲੀਨ (Long-term) ਘਟਨਾਵਾਂ ਤੇ ਵਿਚਾਰ ਨਹੀਂ ਕਰਦਾ। ਕੇਨਜ਼ ਆਪਣੇ ਵਿਸ਼ਲੇਸ਼ਣ ਵਿੱਚ ਅਲਪ-ਕਾਲ ਨੂੰ ਮੰਨ ਕੇ ਅੱਗੇ ਚਲਦਾ ਹੈ।

ਉਪਰਲੀ ਆਲੋਚਨਾ ਤੋਂ ਪਤਾ ਲਗਦਾ ਹੈ ਕਿ ਕੇਨਜ਼ ਦੇ ਸਿਧਾਂਤ ਵਿਚ ਜਿਹੜੀਆਂ ਤਰੁੱਟੀਆਂ ਦਾ ਵਰਣਨ ਕੀਤਾ ਗਿਆ ਹੈ, ਇਹ ਤਰੁੱਟੀਆਂ ਕੋਈ ਵਿਸ਼ੇਸ਼ ਮਹੱਤਵ ਵਾਲੀਆਂ ਨਹੀਂ।

**ਸੰਖੇਪ ਉੱਤਰਾਂ ਵਾਲੇ ਪ੍ਰਸ਼ਨ –**

(i) ਕੇਨਜ਼ ਦਾ ਸਿਧਾਂਤ ਅਲਪ ਕਾਲੀਨ ਹੈ, ਜਾਂ ਦੀਰਘ ਕਾਲੀਨ ਘਟਨਾਵਾਂ ਤੇ ਵਿਚਾਰ ਕਰਦਾ ਹੈ?

(ii) ਕੀ ਕੇਨਜ਼ ਦਾ ਸਿਧਾਂਤ ਮੈਕਰੋ ਜਾਂ ਮਾਈਕਰੋ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਗਿਆ ਹੈ?

**1.4.6 ਕੇਨਜ਼ ਦੇ ਸਿਧਾਂਤ ਦੀ ਮਹੱਤਤਾ** : ਕੇਨਜ਼ ਦਾ ''ਆਮਦਨ ਤੇ ਰੁਜ਼ਗਾਰ'' ਦਾ ਸਿਧਾਂਤ, ਸਿਧਾਂਤਕ ਅਤੇ ਵਿਵਹਾਰਿਕ ਦੋਹਾਂ ਪੱਖਾਂ ਤੋਂ ਬੜੀ ਮਹੱਤਤਾ ਰੱਖਦਾ ਹੈ।

### 1.4.6.1 ਸਿਧਾਂਤਕ ਮਹੱਤਤਾ (Theoretical Importance)

(i) ਕੇਨਜ਼ ਨੇ ਕਲਾਸੀਕਲ ਅਰਥ ਵਿਗਿਆਨੀਆਂ ਦੀ ਪੂਰਨ ਰੁਜ਼ਗਾਰ-ਸੰਤੁਲਨ ਦੀ ਧਾਰਨਾ ਨੂੰ ਰੱਦ ਕਰਕੇ ਅਪੂਰਣ ਰੋਜ਼ਗਾਰ ਸੰਤੁਲਨ ਦੀ ਧਾਰਨਾ ਪੇਸ਼ ਕੀਤੀ ਹੈ। ਦੂਜੇ ਸ਼ਬਦਾਂ ਵਿੱਚ ਕੇਨਜ਼ ਨੇ ਸਿਧਾਂਤਕ ਵਿਸ਼ਲੇਸ਼ਣ ਦੁਆਰਾ ਸਿੱਧ ਕਰ ਦਿੱਤਾ ਹੈ ਕਿ ਪੂੰਜੀਵਾਦੀ ਦੇਸ਼ਾਂ ਵਿੱਚ ਆਮਦਨ ਤੇ ਰੁਜ਼ਗਾਰ ਦਾ ਸੰਤੁਲਨ, ਅਪੂਰਣ ਰੋਜ਼ਗਾਰ ਦੀ ਪੱਧਰ ਤੇ ਹੁੰਦਾ ਹੈ ਅਤੇ ਨਿਵੇਸ਼ ਵਧਾ ਕੇ ਰੁਜ਼ਗਾਰ ਅਤੇ ਆਮਦਨ ਨੂੰ ਵਧਾਇਆ ਜਾ ਸਕਦਾ ਹੈ।

(ii) ਕੇਨਜ਼ ਨੇ ਅਰਥ-ਵਿਗਿਆਨ ਵਿੱਚ ਸਮੱਸ਼ਟੀ-ਆਤਮਕ (Macro) ਦ੍ਰਿਸ਼ਟੀਕੋਣ (approach) ਨੂੰ ਅਪਣਾਇਆ ਹੈ ਅਤੇ ਇਸ ਦੇ ਆਧਾਰ ਤੇ 'ਆਮਦਨ ਅਤੇ ਰੁਜ਼ਗਾਰ' ਦਾ ਸਿਧਾਂਤ ਪੇਸ਼ ਕੀਤਾ ਹੈ। ਕੇਨਜ਼ ਤੋਂ ਪਹਿਲਾਂ ਵਿਅਸ਼ਟੀਭਾਵ-ਆਤਮਕ (Micro) ਦ੍ਰਿਸ਼ਟੀਕੋਣ ਤੇ ਜ਼ੋਰ ਦਿੱਤਾ ਜਾਂਦਾ ਸੀ। ਇਸ ਦ੍ਰਿਸ਼ਟੀਕੋਣ ਅਨੁਸਾਰ ਕਿਸੇ ਇੱਕ ਵਸਤੂ ਦੀ ਕੀਮਤ ਜਾਂ ਵਿਅਕਤੀਗਤ ਫਰਮ ਦਾ ਸੰਤੁਲਨ ਜਾਂ ਇਕ ਉਪਭੋਗੀ ਦੀ ਸੰਤੁਸ਼ਟੀ ਤੇ ਵਿਚਾਰ ਕੀਤੀ ਜਾਂਦੀ ਹੈ। ਕੇਨਜ਼ ਨੇ ਅਰਥ-ਵਿਵਸਥਾ ਦਾ ਸਮੁੱਚੇ ਰੂਪ ਦਾ ਵਿਸ਼ਲੇਸ਼ਣ ਕੀਤਾ ਅਤੇ ਇਸ ਗੱਲ ਦੀ ਵਿਆਖਿਆ ਕੀਤੀ ਕਿ ਕਿਸੇ ਦੇਸ਼ ਦੀ ਸਮੁੱਚੀ ਪੂਰਤੀ, ਕੁੱਲ ਰੁਜ਼ਗਾਰ, ਕੁੱਲ ਉਪਭੋਗ, ਕੁੱਲ ਨਿਵੇਸ਼ ਅਤੇ ਆਮ ਕੀਮਤਾਂ

ਦਾ ਪੱਧਰ ਕਿਵੇਂ ਨਿਰਧਾਰਿਤ ਕੀਤੇ ਜਾਂਦੇ ਹਨ। ਇਸ ਪ੍ਰਕਾਰ ਉਸ ਨੇ ਅਰਥ-ਵਿਗਿਆਨ ਨੂੰ ਇਕ ਨਵੇਂ ਦ੍ਰਿਸ਼ਟੀਕੋਣ ਤੋਂ ਵਿਚਾਰਿਆ।

(iii) ਕੇਨਜ਼ ਨੇ ਅਰਥ ਵਿਗਿਆਨ ਦੇ ਵਿਸ਼ਲੇਸ਼ਣ ਲਈ ਨਵੇਂ ਹਥਿਆਰਾਂ ਨੂੰ ਅਪਣਾਇਆ। ਕੇਨਜ਼ ਦੀਆਂ ਵਿਕਸਿਤ ਕੀਤੀਆਂ ਧਾਰਨਾਵਾਂ ਉਨ੍ਹਾਂ ਪ੍ਰਯੋਗਾਂ ਤੱਕ ਹੀ ਸੀਮਤ ਨਹੀਂ ਹਨ ਜਿਨ੍ਹਾਂ ਲਈ ਉਨ੍ਹਾਂ ਨੂੰ ਘੜਿਆ ਗਿਆ ਸੀ, ਸਗੋਂ ਇਹ ਹੋਰਨਾਂ ਮਨੋਰਥਾਂ ਲਈ ਵੀ ਲਾਭਦਾਇਕ ਸਿੱਧ ਹੋਈਆਂ ਹਨ। ਉਦਾਹਰਣ ਵਜੋਂ ਕੇਨਜ਼ ਨੇ ਨਕਦੀ ਲਈ ਤਰਜੀਹ (Liquidity Preference), ਗੁਣਕ (Multiplier), ਉਪਭੋਗ ਫਲਨ (Consumption Function), ਨਿਵੇਸ਼ ਫਲਨ (Investment Function) ਵਰਗੀਆਂ ਧਾਰਨਾਵਾਂ ਅਰਥ-ਵਿਗਿਆਨੀਆਂ ਦੇ ਸਾਹਮਣੇ ਰੱਖੀਆਂ।

(iv) ਕੇਨਜ਼ ਨੇ ਮੁਦਰਿਕ ਅਰਥ-ਵਿਵਸਥਾ ਵੱਲ ਧਿਆਨ ਦਿੱਤਾ ਅਤੇ ਇਸ ਤਰ੍ਹਾਂ ਮੁਦਰਾ ਸਿਧਾਂਤ ਨੂੰ ਕੀਮਤ ਅਤੇ ਉਪਜ ਦੇ ਸਿਧਾਂਤ ਨਾਲ ਇਕਮਿੱਕ ਕਰ ਦਿੱਤਾ।

(v) ਕੇਨਜ਼ ਨੇ ਆਰਥਿਕ ਸਿੱਧਾਂਤ ਨੂੰ ਗਤੀਸ਼ੀਲ (Dynamic) ਬਣਾ ਦਿੱਤਾ। ਨਿਵੇਸ਼ ਦੇ ਵਿਸ਼ਲੇਸ਼ਣ ਵਿੱਚ ਭਾਵੀ ਆਸਾਂ ਨੂੰ ਕੇਨਜ਼ ਨੇ ਬੜੀ ਮਹੱਤਤਾ ਦਿੱਤੀ। ਇਹ ਅਰਥ-ਵਿਗਿਆਨ ਦੇ ਵਿਕਾਸ ਵਿੱਚ ਇਕ ਵੱਡਾ ਕਦਮ ਸੀ।

(vi) ਕੇਨਜ਼ ਦਾ ਸਿੱਧਾਂਤ ਇਕ ਵਿਸ਼ੇਸ਼ ਸਿਧਾਂਤ ਦੀਆਂ ਹੱਦਾਂ ਨੂੰ ਤੋੜ ਕੇ ਆਮ ਸਿਧਾਂਤ ਦੀਆਂ ਖੁੱਲ੍ਹੀਆਂ ਹੱਦਾਂ ਤੱਕ ਪੁੱਜ ਗਿਆ। ਇਹ ਆਮ ਸਿਧਾਂਤ (General Theory) ਅਰਥ-ਵਿਵਸਥਾ ਦੀਆਂ ਸਾਰੀਆਂ ਸਥਿਤੀਆਂ ਤੇ ਲਾਗੂ ਹੁੰਦਾ ਹੈ।

(vii) ਕੇਨਜ਼ ਨੇ ਸਾਨੂੰ ਦੱਸਿਆ ਹੈ ਕਿ ਨਿਵੇਸ਼ ਕਿਸੇ ਦੇਸ਼ ਦੇ ਰੋਜ਼ਗਾਰ ਦਾ ਮਹੱਤਵਪੂਰਨ ਨਿਰਧਾਰਕ ਹੈ। ਇਸ ਪ੍ਰਕਾਰ ਦੇ ਸਾਰੇ ਵਿਸ਼ਲੇਸ਼ਣ ਨੂੰ ਉਸ ਨੇ ਬੜਾ ਸਰਲ ਅਤੇ ਸਪੱਸ਼ਟ ਬਣਾ ਦਿੱਤਾ।

(viii) ਸਫ਼ੀਤੀ-ਅੰਤਰ (Inflationary Gap) ਅਤੇ ਅਸਫ਼ੀਤੀ-ਅੰਤਰ (Deflationary Gap) ਇਹ ਦੋ ਅਜਿਹੀਆਂ ਧਾਰਨਾਵਾਂ ਹਨ, ਜਿਨ੍ਹਾਂ ਬਾਰੇ ਕੇਨਜ਼ ਨੇ ਬੜੀ ਸਪਸ਼ਟ ਵਿਆਖਿਆ ਕੀਤੀ। ਇਨ੍ਹਾਂ ਧਾਰਨਾਵਾਂ ਨੂੰ ਪੇਸ਼ ਕਰਕੇ ਕੇਨਜ਼ ਨੇ ਅਰਥ-ਵਿਵਸਥਾ ਨੂੰ ਸਥਿਰ ਪੱਧਰ ਤੇ ਰੱਖਣ ਲਈ ਉਚਿੱਤ ਨੀਤੀ ਨਿਰਧਾਰਤ ਕਰਨਾ ਆਸਾਨ ਬਣਾ ਦਿੱਤਾ ਹੈ।

### 1.4.6.2 ਵਿਵਹਾਰਕ ਮਹੱਤਤਾ (Practical Importance)

(i) ਕੇਨਜ਼ ਨੇ ਆਪਣੇ ਸਿਧਾਂਤ ਦੇ ਆਧਾਰ ਤੇ ਇਹ ਦੱਸਿਆ ਕਿ ਵੱਖੋ-ਵੱਖਰੀਆਂ ਪਰਸਥਿਤੀਆਂ ਵਿੱਚ ਕਿਹੜੀ ਮੁਦਰਾ ਨੀਤੀ (Monetary Policy) ਲਾਭਦਾਇਕ ਹੋਵੇਗੀ। ਅੱਜਕਲ੍ਹ ਸਰਕਾਰ ਪਾਸ ਇਹ ਹਥਿਆਰ ਇੱਕ ਬੜਾ ਕੰਮ ਆਉਣ ਵਾਲਾ ਹਥਿਆਰ ਹੈ ਅਤੇ ਇਸ ਅਨੁਸਾਰ ਆਰਥਿਕ ਨੀਤੀਆਂ ਨੂੰ ਢਾਲਿਆ ਜਾਂਦਾ ਹੈ।

(ii) ਸਰਕਾਰ ਦੀ ਬੱਜਟ ਨੀਤੀ ਜਾਂ ਰਾਜਕੋਸ਼ੀ ਨੀਤੀ (Fiscal Policy) ਦਾ ਆਧਾਰ ਵੀ ਕੇਨਜ਼ ਦਾ ਸਿਧਾਂਤ ਹੀ ਹੈ। ਜਦੋਂ ਕਿਸੇ ਦੇਸ਼ ਵਿੱਚ ਮੰਦਵਾੜਾ ਆ ਕੇ ਬਿਪਤਾ ਦਾ ਕਾਰਣ ਬਣਦਾ ਹੈ ਤਾਂ ਰਾਜਕੋਸ਼ੀ ਨੀਤੀ ਦਾ ਸਹਾਰਾ ਲਿਆ ਜਾਂਦਾ ਹੈ। ਮੰਦਵਾੜੇ ਲਈ ਸਰਕਾਰੀ ਨਿਰਮਾਣ ਯੋਜਨਾਵਾਂ ਲਾਭਦਾਇਕ ਸਿੱਧ ਹੁੰਦੀਆਂ ਹਨ।

(iii) ਕੇਨਜ਼ ਨੇ ਬੇਰੁਜ਼ਗਾਰੀ ਨੂੰ ਕੁਝ ਹੱਦ ਤੱਕ ਹੱਲ ਕਰਨ ਲਈ ਘਾਟੇ ਦੀ ਨੀਤੀ ਅਪਨਾਉਣ ਦੀ ਰਾਏ ਦਿੱਤੀ ਹੈ। ਇਹ ਨੀਤੀ ਕਈ ਹਾਲਤਾਂ ਵਿਚ ਬੜੀ ਲਾਭਦਾਇਕ ਸਿੱਧ ਹੋਈ ਹੈ।

(iv) ਕੇਨਜ਼ ਦੇ ਸਿੱਧਾਂਤ ਦੇ ਆਧਾਰ ਤੇ ਸਮਾਜਿਕ ਲੇਖੇ (Social Accounting) ਦਾ ਰਿਵਾਜ ਪ੍ਰਚੱਲਤ ਹੋ ਗਿਆ ਹੈ। ਸਰਕਾਰ ਅਤੇ ਅਰਥ-ਵਿਗਿਆਨੀਆਂ ਨੂੰ ਸਮਾਜਕ ਲੇਖਾ ਤਿਆਰ ਕਰਨ, ਉਸ ਨੂੰ ਸਮਝਣ ਅਤੇ ਉਸ ਦੇ ਆਧਾਰ ਤੇ ਆਰਥਿਕ ਨੀਤੀਆਂ ਬਣਾਉਣ ਦੀ ਪ੍ਰੇਰਨਾ ਮਿਲੀ ਹੈ।

(v) ਕੇਨਜ਼ ਨੇ ਕਲਾਸੀਕਲ ਅਰਥ-ਵਿਗਿਆਨੀਆਂ ਦੀ ਸੰਤੁਲਿਤ ਬੱਜਟ ਦੀ ਪਰੰਪਰਾ ਨੂੰ ਗਲਤ ਸਾਬਤ ਕੀਤਾ ਅਤੇ ਦੱਸਿਆ ਕਿ ਅਰਥ-ਵਿਵਸਥਾ ਦੀ ਸਥਿਤੀ ਅਨੁਸਾਰ ਹੀ ਬੱਜਟ ਨੂੰ ਢਾਲਿਆ ਜਾਵੇ। ਸਮੇਂ ਅਨੁਸਾਰ ਹਰ ਪ੍ਰਕਾਰ ਦਾ ਬੱਜਟ ਲਾਭਦਾਇਕ ਸਿੱਧ ਹੋ ਸਕਦਾ ਹੈ। ਲੋੜ ਅਨੁਸਾਰ ਸੰਤੁਲਿਤ ਬੱਜਟ (Balanced Budget) ਤੋਂ ਇਲਾਵਾ ਘਾਟੇ ਦਾ ਬੱਜਟ (Deficit Budget) ਅਤੇ ਵਾਧੇ ਦਾ ਬੱਜਟ (Surplus Budget) ਵੀ ਸਮੇਂ-ਸਮੇਂ ਸਿਰ ਅਪਨਾਉਣੇ ਚਾਹੀਦੇ ਹਨ।

(vi) ਕੇਨਜ਼ ਦੇ ਸਿਧਾਂਤ ਦੀ ਇਕ ਵੱਡੀ ਵਿਵਹਾਰਕ ਮਹੱਤਤਾ ਇਹ ਹੈ ਕਿ ਉਸ ਨੇ ਮੁਕਤ-ਉਦਮ ਵਾਲੀ ਅਰਥ-ਵਿਵਸਥਾ (Free enterprise economy) ਦੀ ਥਾਂ ਸਰਕਾਰੀ ਦਖਲ-ਅੰਦਾਜ਼ੀ (State intereference) ਵਾਲੀ ਅਰਥ ਵਿਵਸਥਾ ਨੂੰ ਚੰਗਾ ਦੱਸਿਆ। ਪੂਰਣ ਰੋਜ਼ਗਾਰ ਲਈ ਇਹ ਜ਼ਰੂਰੀ ਹੈ ਕਿ ਪ੍ਰਭਾਵੀ ਮੰਗ ਨੂੰ ਵਧਾਇਆ ਜਾਵੇ। ਪ੍ਰਭਾਵੀ ਮੰਗ ਸਰਕਾਰੀ ਸਹਾਇਤਾ ਬਿਨਾਂ ਵੱਧ ਨਹੀਂ ਸਕਦੀ।

### 1.4.7 ਸਾਰਾਂਸ਼ (Summary) :-

ਭਾਵੇਂ ਕੇਨਜ਼ ਦੇ ਰੁਜਗਾਰ ਸਿਧਾਂਤ ਦੀ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਆਲੋਚਨਾ ਕੀਤੀ ਗਈ ਹੈ ਪਰੰਤੂ ਗਹੁ ਨਾਲ ਵਾਚਣ ਤੋਂ ਪਤਾ ਚਲਦਾ ਹੈ ਕਿ ਇਸ ਸਿਧਾਂਤ ਸਬੰਧੀ ਦੱਸੀਆਂ ਗਈਆਂ ਤਰੁੱਟੀਆਂ ਕੋਈ ਖਾਸ ਮਹੱਤਤਾ ਵਾਲੀਆਂ ਨਹੀਂ। ਸਗੋਂ ਇਸ ਦੇ ਉਲਟ ਅਸੀਂ ਵੇਖਿਆ ਹੈ ਕਿ ਕੇਨਜ਼ ਦਾ ਇਹ ਸਿਧਾਂਤ ਨਾ ਸਿਰਫ਼ ਸਿਧਾਂਤਕ ਪੱਖ ਤੋਂ ਸਗੋਂ ਵਿਵਹਾਰਕ ਪੱਖ ਤੋਂ ਵੀ ਅਹਿਮੀਅਤ ਵਾਲਾ ਹੈ। ਕੇਨਜ਼ ਵਲੋਂ ਦੱਸੀਆਂ ਗਈਆਂ ਅਪੂਰਨ ਰੁਜਗਾਰ ਸੰਤੁਲਨ, ਨਕਦੀ ਲਈ ਤਰਜੀਹ, ਗੁਣਕ, ਉਪਭੋਗ ਫਲਨ, ਨਿਵੇਸ਼ ਫਲਨ ਆਦਿ ਦੀਆਂ ਧਾਰਨਾਵਾਂ ਨੇ ਸੱਚਮੁੱਚ ਹੀ ਇਸ ਸਿਧਾਂਤ ਨੂੰ ਗਤੀਸ਼ੀਲ ਆਰਥਿਕ ਸਿਧਾਂਤ ਦਾ ਦਰਜਾ ਦਿਵਾਇਆ ਹੈ। ਲੋੜ ਪੈਣ ਤੇ ਸੰਤੁਲਿਤ ਬੱਜਟ ਦੀ ਥਾਂ ਤੇ ਘਾਟੇ ਦਾ ਬੱਜਟ ਅਤੇ ਵਾਧੇ ਦਾ ਬੱਜਟ ਅਪਣਾਉਣ ਬਾਰੇ ਦੱਸਣਾ ਸੱਚਮੁੱਚ ਹੀ ਆਰਥਿਕ ਸਿਧਾਂਤ ਵਿਚ ਕਰਾਂਤੀਕਾਰੀ ਤਬਦੀਲੀਆਂ ਹਨ ।

### 1.4.8 ਛੋਟੇ ਪ੍ਰਸ਼ਨ

(i) ਕੇਨਜ਼ੀ ਸਿਧਾਂਤ ਅਨੁਸਾਰ ਪੂੰਜੀਵਾਦੀ ਦੇਸ਼ਾਂ ਵਿੱਚ ਆਮ ਤੌਰ ਤੇ ਪੂਰਨ ਰੁਜ਼ਗਾਰ ਜਾਂ ਅਪੂਰਨ ਰੁਜ਼ਗਾਰ ਪਾਇਆ ਜਾਂਦਾ ਹੈ?

(ii) ਕੇਨਜ਼ੀ ਸਿਧਾਂਤ ਇਕ ਆਮ ਸਿਧਾਂਤ ਹੈ, ਜਾਂ ਖਾਸ ਸਿਧਾਂਤ ਹੈ?

### 1.4.9 ਵੱਡੇ ਪ੍ਰਸ਼ਨ

(i) ਕੇਨਜ਼ ਦੇ ਆਮਦਨ ਅਤੇ ਰੁਜ਼ਗਾਰ ਸਿਧਾਂਤ ਤੋ ਕੀ ਭਾਵ ਹੈ? ਇਸ ਦੀ ਮਹੱਤਤਾ ਬਾਰੇ ਵਿਸਥਾਰ ਵਿੱਚ ਲਿਖੋ।

(ii) ਕੇਨਜ਼ ਦੇ ਆਮਦਨ ਅਤੇ ਰੁਜ਼ਗਾਰ ਸਿਧਾਂਤ ਨੂੰ ਵਿਸਥਾਰ ਵਿੱਚ ਬਿਆਨ ਕਰੋ।

### 1.4.10 ਪੜ੍ਹਨ ਲਈ ਪੁਸਤਕਾਂ


| | | | |
|---|---|---|---|
| 1. | R.D. Gupta | : | Keynes and Post-Keynesian Economics |
| 2. | M.C. Vaish | : | Macro Economic Theory |
| 3. | Gardner Ackley | : | Macro Theory |
| 4. | P.A. Samuelson | : | Economics |
| 5. | Dernburg, T.F. and D.M. Mac Dougall | : | Macro Economics |
| 6. | A.H. Hansen | : | A Guide to Keynes |
| 7. | M.L. Jhingan | : | Macro Economic Theory |
| 8. | D. Dillard | : | The Economics of J.M. Keynes |
| 9. | Shapiro, E. | : | Macro Economic Analysis |
| 10. | Partap Singh | : | Macro Economics (in Punjabi) |

ਪਾਠ ਨੰ: **1.5**

Last updated on 2 June, 2023

## ਉਪਭੋਗ ਫਲਨ
## (Consumption Function)

ਪਾਠ ਦੀ ਰੂਪ ਰੇਖਾ


**1.5.1** ਪਾਠ ਦੇ ਉਦੇਸ਼

**1.5.2** ਭੂਮਿਕਾ

**1.5.3** ਪਾਠ ਦਾ ਵਿਸ਼ਾ-ਵਸਤੂ

**1.5.3.1** ਉਪਭੋਗ ਫਲਨ

**1.5.3.2** ਔਸਤ ਉਪਭੋਗ ਫਲਨ

**1.5.3.3** ਸੀਮਾਂਤ ਉਪਭੋਗ ਫਲਨ

**1.5.3.4** ਔਸਤ ਉਪਭੋਗ ਪ੍ਰਵਿਰਤੀ ਅਤੇ ਸੀਮਾਂਤ ਉਪਭੋਗ ਪ੍ਰਵਿਰਤੀ ਸੰਬੰਧ

**1.5.3.5** ਉਪਭੋਗ ਫਲਨ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ

**1.5.3.5.1** ਅੰਤਰਮੁਖੀ ਤੱਤ

**1.5.3.5.2** ਬਾਹਰਮੁਖੀ ਤੱਤ

**1.5.3.6** ਉਪਭੋਗ ਪ੍ਰਵਿਰਤੀ ਨੂੰ ਵਧਾਉਣ ਦੀਆਂ ਵਿਧੀਆਂ

**1.5.4** ਸਾਰ-ਅੰਸ਼

**1.5.5** ਮਹੱਤਵਪੂਰਣ ਧਾਰਨਾਵਾਂ

**1.5.6** ਛੋਟੇ ਪ੍ਰਸ਼ਨ

**1.5.7** ਵੱਡੇ ਪ੍ਰਸ਼ਨ

**1.5.8** ਪ੍ਰਸਤਾਵਿਤ ਪੁਸਤਕ ਸੂਚੀ


### 1.5.1 ਪਾਠ ਦੇ ਉਦੇਸ਼ :

1. ਉਪਭੋਗ ਫਲਨ ਬਾਰੇ ਜਾਣਨਾ
   (To know about Consumption Function)
2. ਉਪਭੋਗ ਫਲਨ ਦੀਆਂ ਕਿਸਮਾਂ ਬਾਰੇ ਜਾਣਕਾਰੀ ਪ੍ਰਾਪਤ ਕਰਨੀ
   (To have knowledge about Types of Consumption Function)
3. ਔਸਤ ਉਪਭੋਗ ਪ੍ਰਵਿਰਤੀ ਅਤੇ ਸੀਮਾਂਤ ਉਪਭੋਗ ਪ੍ਰਵਿਰਤੀ ਵਿਚਕਾਰ ਸੰਬੰਧ
   (Relationship between Average Propensity (APC) and Marginal Propensity to Consume (MPC))
4. ਉਤਪਾਦਨ ਫਲਨ (ਉਪਭੋਗ ਪ੍ਰਵਿਰਤੀ) ਨੂੰ ਪ੍ਰਭਾਵਿਤ ਕਰਨ ਵਾਲੇ ਤੱਤ (Factors Affecting Consumption Function)
5. ਉਪਭੋਗ ਪ੍ਰਵਿਰਤੀ ਨੂੰ ਵਧਾਉਣ ਦੇ ਢੰਗ (Measures to Increase the Propensity to Consume)

### 1.5.2 ਭੂਮਿਕਾ :

ਉਪਭੋਗ ਕਿਸੇ ਵੀ ਅਰਥ ਵਿਵਸਥਾ ਦੇ ਚੱਲਣ ਦੀ ਪ੍ਰਕ੍ਰਿਆ ਵਿੱਚ ਬਹੁਤ ਮਹੱਤਵਪੂਰਣ ਥਾਂ ਰੱਖਦਾ ਹੈ। ਅਸਲ ਵਿਚ ਮਨੁੱਖ ਦੁਆਰਾ ਉਤਪਾਦਨ ਕਰਨ ਦਾ ਮੁੱਖ ਮਨੋਰਥ ਹੀ ਉਪਭੋਗ ਕਰਨਾ ਹੁੰਦਾ ਹੈ। ਆਪਣੀ ਰੋਜ਼-ਮਰਹਾ ਦੀ ਜ਼ਿੰਦਗੀ ਵਿਚ ਅਸੀਂ ਵੇਖਦੇ ਹਾਂ ਕਿ ਲੋਕ ਬਹੁਤ ਸਾਰੀਆਂ ਖਾਣ-ਪੀਣ ਵਾਲੀਆਂ ਵਸਤੂਆਂ ਅਤੇ ਨਾਲ ਹੀ ਹੰਢਣਸਾਰ ਵਸਤੂਆਂ (ਸਕੂਟਰ, ਟੈਲੀਵੀਜ਼ਨ ਆਦਿ) ਦੀ ਵਰਤੋਂ ਕਰਦੇ ਹਨ। ਜੇਕਰ ਕਿਸੇ ਦੇਸ਼ ਵਿਚ ਉਤਪਾਦਿਤ ਕੀਤੀਆਂ ਕੁੱਲ ਵਸਤੂਆਂ ਦਾ ਉਪਭੋਗ ਨਹੀਂ ਕੀਤਾ ਜਾਂਦਾ ਤਾਂ ਦੇਸ਼ ਵਿਚ ਅਣ-ਵਰਤੀਆਂ ਵਸਤੂਆਂ ਦੇ ਢੇਰ ਲੱਗ ਜਾਣਗੇ ਜੋ ਕਿ ਦੇਸ਼ ਦੀ ਅਗਲੇਰੀ ਤਰੱਕੀ ਲਈ ਹਾਨੀਕਾਰਕ ਹੋਣਗੇ।

### 1.5.3 ਪਾਠ ਦਾ ਵਿਸ਼ਾ ਵਸਤੂ (Subject-Matter)

1. ਉਪਭੋਗ ਫਲਨ (Consumption Function)
2. ਔਸਤ ਉਪਭੋਗ ਫਲਨ (Average Consumption Function)
3. ਸੀਮਾਂਤ ਉਪਭੋਗ ਫਲਨ (Marginal Consumption Function)
4. ਔਸਤ ਉਪਭੋਗ ਪ੍ਰਵਿਰਤੀ ਅਤੇ ਸੀਮਾਂਤ ਉਪਭੋਗ ਪ੍ਰਵਿਰਤੀ ਵਿਚਕਾਰ ਸੰਬੰਧ
5. ਉਪਭੋਗ ਫਲਨ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ
   (i) ਅੰਤਰਮੁੱਖੀ ਤੱਤ (Subjective Factors)
   (ii) ਬਾਹਰਮੁੱਖੀ ਤੱਤ (Objective Factors)
6. ਉਪਭੋਗ ਪ੍ਰਵਿਰਤੀ ਨੂੰ ਵਧਾਉਣ ਦੀਆਂ ਵਿਧੀਆਂ (Measures to Increase the Propensity to Consume)

#### 1.5.3.1 ਉਪਭੋਗ-ਫਲਨ :

ਉਪਭੋਗ ਫਲਨ ਨੂੰ ਸਮਝਣ ਤੋਂ ਪਹਿਲਾਂ ਸੰਖੇਪ ਵਿਚ ਉਪਭੋਗ ਬਾਰੇ ਜਾਣਨਾ ਉਚਿੱਤ ਹੋਵੇਗਾ। ਉਪਭੋਗੀਆਂ ਦੁਆਰਾ ਵੱਖ-ਵੱਖ ਵਸਤੂਆਂ ਅਤੇ ਸੇਵਾਵਾਂ ਨੂੰ ਵਰਤਣ ਤੋਂ ਮਿਲਣ ਵਾਲੀ ਸੰਤੁਸ਼ਟੀ ਨੂੰ ਉਪਭੋਗ ਕਿਹਾ ਜਾਂਦਾ ਹੈ। (The satisfaction obtained by consumers from the use of goods and services is called consumption) ਉਪਭੋਗੀ ਕੁੱਝ ਵਸਤੂਆਂ ਜਿਵੇਂ ਸੇਬ, ਕੇਲਾ ਆਦਿ ਦਾ ਉਪਭੋਗ ਉਨ੍ਹਾਂ ਦੀ ਖਰੀਦ ਤੋਂ ਬਾਅਦ ਜਲਦੀ ਹੀ ਕਰ ਲੈਂਦਾ ਹੈ ਪਰੰਤੂ ਹੰਢਣਸਾਰ ਵਸਤੂਆਂ ਜਿਵੇਂ ਸਕੂਟਰ, ਸਾਈਕਲ ਆਦਿ ਦਾ ਉਪਭੋਗ ਇੱਕ ਉਪਭੋਗੀ ਲੰਮੇ ਸਮੇਂ ਵਿਚ ਹੌਲੀ ਹੌਲੀ ਕਰਦਾ ਰਹਿੰਦਾ ਹੈ।

ਸਮੂਹਿਕ ਪੱਧਰ (Aggregate level) ਤੇ ਰਾਸ਼ਟਰੀ ਆਮਦਨ ਦੇ ਇਕ ਭਾਗ ਦਾ ਘਰੇਲੂ ਅਤੇ ਜਨਤਕ ਅਧਿਕਾਰੀਆਂ ਦੁਆਰਾ ਪੂਰੇ ਤੌਰ ਤੇ ਬਣੀਆਂ (final) ਵਸਤੂਆਂ ਅਤੇ ਸੇਵਾਵਾਂ ਉੱਪਰ ਕੀਤੇ ਗਏ ਕੁੱਲ ਖ਼ਰਚ ਨੂੰ ਵੀ ਉਪਭੋਗ ਕਿਹਾ ਜਾਂਦਾ ਹੈ। ਉਪਭੋਗ ਹੀ ਕੁੱਲ ਸਮੂਹਿਕ ਮੰਗ ਅਤੇ ਖਰਚ ਦਾ ਸਭ ਤੋਂ ਵੱਡਾ ਹਿੱਸਾ ਹੁੰਦਾ ਹੈ।

ਉਪਭੋਗ ਫਲਨ ਦੀ ਵਿਆਖਿਆ ਹੇਠਾਂ ਦਿਤੀ ਗਈ ਹੈ।

ਵਰਤਣਯੋਗ (Disposal) ਆਮਦਨ ਅਤੇ ਉਪਭੋਗ ਵਿਚਕਾਰ ਸੰਬੰਧ ਨੂੰ ਅਰਥ-ਸ਼ਾਸਤਰੀ ਕਾਫ਼ੀ ਲੰਮੇ ਸਮੇਂ ਤੋਂ ਵਿਚਾਰਦੇ ਆ ਰਹੇ ਹਨ। ਅਸਲ ਵਿੱਚ 19ਵੀਂ ਸਦੀ ਦੇ ਅੱਧ ਵਿੱਚ ਆਮਦਨ ਅਤੇ ਉਪਭੋਗ ਵਿਚ ਸੰਬੰਧਾਂ ਦਾ ਤਰਤੀਬਬੱਧ ਅਧਿਐਨ ਪਰਸ਼ੀਆ ਦੇ ਅੰਕੜਾ ਮਾਹਿਰ ਅਰਨੈਸਟ ਏਂਗਲ ਨੇ ਹੀ ਕੀਤਾ।

ਆਮ ਤੌਰ ਤੇ ਉਪਭੋਗ ਅਤੇ ਆਮਦਨ ਵਿੱਚਕਾਰ ਸੰਬੰਧ ਨੂੰ ਉਪਭੋਗ ਫਲਨ ਕਿਹਾ ਜਾਂਦਾ ਹੈ। ਅਸਲ ਵਿਚ ਉਪਭੋਗ ਫਲਨ ਇਕ ਅਜਿਹੀ ਧਾਰਨਾ ਹੈ ਜੋ ਉਪਭੋਗਿਕ ਖਰਚ ਦੇ ਆਸ਼ਰਿਤ (dependent) ਚਰਾਂ ਅਤੇ ਆਜ਼ਾਦ ਚਰਾਂ, ਜੋ ਕਿ ਉਪਭੋਗ ਨੂੰ ਨਿਰਧਾਰਤ ਕਰਦੇ ਹਨ, ਵਿਚਕਾਰ ਆਮ ਸੰਬੰਧ ਨੂੰ ਦਰਸਾਉਂਦੀ ਹੈ ਜਿਵੇਂ ਕਿ ਤੱਤਕਾਲੀਨ ਵਰਤਣਯੋਗ ਆਮਦਨ ਅਤੇ ਪੁਰਾਣੇ ਸਮੇਂ ਵਿਚੋਂ ਮਿਲੀ ਆਮਦਨ, ਆਦਿ। (Consumption function is a statement of general relationship between dependent variables, consumption expenditure, and the number of independent variables which determine consumption like current disposable income and income from previous periods)। ਉਪਭੋਗ ਅਤੇ ਆਮਦਨ, ਵਿਚਕਾਰਲੇ ਇਸ ਸੰਬੰਧ ਨੂੰ ਉਪਭੋਗ ਪ੍ਰਵਿਰਤੀ (Propensity to consume) ਵੀ ਕਿਹਾ ਜਾਂਦਾ ਹੈ।

ਉਪਭੋਗ ਫਲਨ ਜਾਂ ਉਪਭੋਗ ਪ੍ਰਵਿਰਤੀ ਦੇ ਅਰਥ ਕੁਝ ਮਾਹਿਰਾਂ ਨੇ ਆਪੋ ਆਪਣੀ ਸੋਚ ਅਨੁਸਾਰ ਦਿੱਤੇ ਹਨ।

**ਏਂਗਲ** ਅਨੁਸਾਰ, ਆਮਦਨ ਦੇ ਵਧਣ ਨਾਲ ਆਮਦਨ ਦਾ ਉਪਭੋਗ ਅਤੇ ਹੋਰ ਜ਼ਰੂਰਤਾਂ ਉਪਰ ਖਰਚ ਕੀਤਾ ਜਾਂਦਾ ਅਨੁਪਾਤਕ ਭਾਗ ਘਟਦਾ ਜਾਂਦਾ ਹੈ। (The fraction of income spent on consumption and other necessities falls as income rises.)

ਪ੍ਰੋ. ਡਿਲਰਡ ਦੇ ਸ਼ਬਦਾਂ ਵਿਚ 'ਉਪਭੋਗ ਪ੍ਰਵਿਰਤੀ ਆਮਦਨ ਅਤੇ ਉਪਭੋਗ ਦਰਮਿਆਨ ਸੰਬੰਧ ਹੈ'। (Propensity to consume is simply the relationship between income and consumption)। ਇਸ ਤੋਂ ਇਲਾਵਾ ਪ੍ਰੋ. ਹੈਨਸਨ ਅਨੁਸਾਰ 'ਹੋਰ ਗੱਲਾਂ ਸਮਾਨ ਰਹਿਣ ਤੇ ਉਪਭੋਗ ਫਲਨ ਦਰਸਾਉਂਦਾ ਹੈ ਕਿ ਆਮਦਨ ਵਿਚ ਇਕ ਖਾਸ ਪੱਧਰ ਤੇ ਤਬਦੀਲੀ ਆਉਣ ਨਾਲ ਉਪਭੋਗ ਵਿਚ ਕਿਤਨੇ ਕੁ ਪ੍ਰੀਵਰਤਨ ਦੀ ਉਮੀਦ ਹੈ।' (Other things remaining equal, the consumption function describes what changes can be expected in consumption from a given change in income.) ਇਸ ਤਰ੍ਹਾਂ ਉਪਭੋਗ ਫਲਨ ਤੋਂ ਭਾਵ ਹੈ ਕਿ ਵਰਤਣਯੋਗ ਆਮਦਨ ਦੇ ਹਰ ਇਕ ਪੱਧਰ ਉੱਪਰ ਉਪਭੋਗੀ ਵਸਤੂਆਂ ਅਤੇ ਸੇਵਾਵਾਂ ਦੀ ਖਰੀਦ ਲਈ ਕਿਤਨੀ ਮੁਦਰਾ ਖਰਚਦੇ ਹਨ। ਉਪਭੋਗ ਫਲਨ ਨੂੰ ਗਣਿਤੀ ਭਾਸ਼ਾ ਵਿਚ ਹੇਠ ਲਿਖੇ ਅਨੁਸਾਰ ਵੀ ਪ੍ਰਗਟ ਕੀਤਾ ਜਾ ਸਕਦਾ ਹੈ।

$C = f(Y)$

ਜਿਥੇ C ਤੋਂ ਭਾਵ ਉਪਭੋਗ (consumption),

Y = ਆਮਦਨ (income) ਅਤੇ

f = ਆਮਦਨ ਅਤੇ ਉਪਭੋਗ ਵਿਚਲੇ ਕਾਰਜਾਤਮਕ (functional) ਸੰਬੰਧ ਨੂੰ ਦਰਸਾਉਂਦਾ ਹੈ।

ਉਪਭੋਗ ਫਲਨ ਦੀ ਧਾਰਨਾ ਨੂੰ ਅਨੁਸੂਚੀ ਨੰ: 1 ਰਾਹੀਂ ਵਿਖਾਇਆ ਗਿਆ ਹੈ। ਇਕ ਵਿਅਕਤੀ ਜਾਂ ਅਰਥ-ਵਿਵਸਥਾ ਵਿਚ ਕੁੱਲ ਆਮਦਨ ਦੇ ਇਕ ਹਿੱਸੇ ਨੂੰ ਉਪਭੋਗ ਦੇ ਰੂਪ ਵਿਚ ਵਰਤ ਲਿਆ ਜਾਂਦਾ ਹੈ ਅਤੇ ਦੂਸਰੇ ਹਿੱਸੇ ਨੂੰ ਬਚਾ ਲਿਆ ਜਾਂਦਾ ਹੈ। ਇਸ ਨੂੰ ਹੇਠ ਦਿਤੀ ਸਮੀਕਰਨ ਦੁਆਰਾ ਵੀ ਦਰਸਾਇਆ ਜਾ ਸਕਦਾ ਹੈ।

$Y = C + S$, ਜਿਥੇ $Y \rightarrow$ ਆਮਦਨ, $C \rightarrow$ ਉਪਭੋਗ, $S \rightarrow$ ਬੱਚਤ ਹੈ।

ਸੋ $S=Y-C$

ਭਾਵ ਜੇ ਕੁੱਲ ਆਮਦਨ ਵਿਚੋਂ ਕੁੱਲ ਉਪਭੋਗ ਖਰਚ ਕੱਢ ਦੇਈਏ ਤਾਂ ਬਾਕੀ ਰਕਮ ਨੂੰ ਬੱਚਤ ਕਹਿੰਦੇ ਹਨ।

### 1.5.3.2 ਔਸਤ ਉਪਭੋਗ ਪ੍ਰਵਿਰਤੀ

### (Average Propensity to Consme)

ਔਸਤ ਉਪਭੋਗ ਪ੍ਰਵਿਰਤੀ ਕਿਸੇ ਵਿਅਕਤੀ ਦੀ ਕੁੱਲ ਆਮਦਨ ਦਾ ਉਹ ਭਾਗ ਹੈ ਜਿਹੜਾ ਉਹ ਆਮਦਨ ਦੇ ਕਿਸੇ ਵੀ ਪੱਧਰ ਤੇ ਉਪਭੋਗ ਕਰਦਾ ਹੈ। (Average Propensity to consume (APC) is that part of his total income which he consumes at any level of income–Stonier and Hague)। ਇਸੇ ਤਰ੍ਹਾਂ ਪੀਟਰਸਨ ਨੇ ਵੀ ਔਸਤ ਉਪਭੋਗ ਪ੍ਰਵਿਰਤੀ ਦਾ ਵਰਣਨ ਕਰਦਿਆਂ ਕਿਹਾ ਕਿ ਔਸਤ ਆਮਦਨ ਪ੍ਰਵਿਰਤੀ (APC) ਇੱਕ ਦਿੱਤੀ ਹੋਈ ਆਮਦਨ ਦਾ ਉਹ ਹਿੱਸਾ ਹੈ ਜਿਹੜਾ ਉਪਭੋਗ ਕਰਨ ਲਈ ਵਰਤਿਆ ਜਾਂਦਾ ਹੈ। ਇਸ ਤਰ੍ਹਾਂ ਹੀ ਇੱਕ ਅਰਥ-ਵਿਵਸਥਾ ਦੇ ਪੱਧਰ ਉਪਰ ਕੁੱਲ ਆਮਦਨ ਦਾ ਉਹ ਹਿੱਸਾ, ਜਿਹੜਾ ਲੋਕ ਉਪਭੋਗ ਉੱਪਰ ਖਰਚ ਕਰਦੇ ਹਨ, ਨੂੰ ਵੀ ਔਸਤ ਉਪਭੋਗ ਪ੍ਰਵਿਰਤੀ ਕਿਹਾ ਜਾਂਦਾ ਹੈ। (At an economy level average propensity to consume is the proportion of total income that people spend on consumption)। ਕੁੱਲ ਆਮਦਨ ਵਿਚੋਂ ਉਪਭੋਗ ਉਪਰ ਖਰਚੇ ਭਾਗ ਨੂੰ ਹੇਠਾਂ ਦਿਤੇ ਅਨੁਸਾਰ ਵੀ ਲਿਖਿਆ ਜਾ ਸਕਦਾ ਹੈ :

$$\text{ਔਸਤ ਉਪਭੋਗ ਪ੍ਰਵਿਰਤੀ} = \frac{\text{ਕੁੱਲ ਉਪਭੋਗ}}{\text{ਕੁੱਲ ਆਮਦਨ}}$$

$$\mathbf{APC} = \frac{\mathbf{Aggregate\ Consumption}}{\mathbf{Aggregate\ Income}}$$

ਉਦਾਹਰਣ ਵਜੋਂ ਜੇ ਕੁੱਲ ਉਪਭੋਗ ਖਰਚ 700 ਕਰੋੜ ਰੁਪਏ ਅਤੇ ਕੁੱਲ ਆਮਦਨ 1000 ਕਰੋੜ ਰੁਪਏ ਹੈ ਤਾਂ ਔਸਤ

$$APC = \frac{c}{y} = \frac{260}{400}$$ = 0.65 *ਜਾਂ* 65 *ਪ੍ਰਤੀਸ਼ਤ ਹੈ।*

*ਰੇਖਾ ਚਿੱਤਰ ਵਿਚ* c'c' *ਵਕਰ ਦੇ ਝੁਕਾਅ* (Shape) *ਤੋਂ ਪਤਾ ਚਲਦਾ ਹੈ ਕਿ ਆਮਦਨ ਦੇ ਵਧਣ ਨਾਲ ਉਪਭੋਗ ਵਿੱਚ ਵੀ ਵਾਧਾ ਹੁੰਦਾ ਹੈ ਪਰੰਤੂ ਉਪਭੋਗ ਵਿੱਚ ਹੁੰਦਾ ਵਾਧਾ ਆਮਦਨ ਵਿਚ ਹੋਣ ਵਾਲੇ ਵਾਧੇ ਤੋਂ ਘੱਟ ਹੁੰਦਾ ਹੈ। ਅਸਲ ਵਿਚ ਇਹੀ ਗੱਲ ਜੇ.ਐਮ. ਕੇਨਜ਼ ਵੱਲੋਂ ਦਿੱਤੇ ਉਪਭੋਗ ਦੇ ਮਨੋਵਿਗਿਅਨਕ ਨਿਯਮ* (Keynesian Psychological Law of Consumption Function) *ਵਿਚ ਕਹੀ ਗਈ ਹੈ।*

*ਰੇਖਾ-ਚਿੱਤਰ ਨੰ: 2 ਵਿਚ* ob *ਇਸ ਗੱਲ ਨੂੰ ਦਰਸਾਉਂਦਾ ਹੈ ਕਿ ਆਮਦਨ ਭਾਵੇਂ ਥੋੜ੍ਹੇ ਸਮੇਂ ਵਿਚ ਸਿਫ਼ਰ ਵੀ ਹੋ ਜਾਵੇ ਤਾਂ ਵੀ ਵਿਅਕਤੀ/ਵਿਅਕਤੀਆਂ ਨੂੰ ਆਪਣੇ ਜਿਉਂਦੇ ਰਹਿਣ ਲਈ ਉਪਭੋਗ ਉੱਪਰ ਖਰਚ ਕਰਨਾ ਹੀ ਪੈਂਦਾ ਹੈ ਜਿਵੇਂ ਕਿ ਪਹਿਲਾਂ ਵੀ ਦੱਸਿਆ ਗਿਆ ਹੈ।* OY *ਧੁਰੇ ਉਪਰ* o *ਤੋਂ* b *ਤੱਕ ਦੇ ਭਾਗ ਨੂੰ* intercept *ਕਿਹਾ ਜਾਂਦਾ ਹੈ। ਇਸੇ ਕਾਰਨ ਉਪਭੋਗ ਵਕਰ* b *ਬਿੰਦੂ ਤੋਂ ਸ਼ੁਰੂ ਹੁੰਦੀ ਹੈ। ਰੇਖਾ-ਚਿੱਤਰ ਵਿਚ ਦਿਤੀ ਸਮੀਕਰਨ :*

$$C = b + aY$$

*ਵਿਚ* b *ਘੱਟੋ ਘੱਟ ਉਪਭੋਗ ਨੂੰ ਦਰਸਾਉਂਦਾ, ਭਾਵੇਂ ਆਮਦਨ ਸਿਫ਼ਰ ਵੀ ਹੋਵੇ ਅਤੇ ਇਸੇ ਸਮੀਕਰਨ ਵਿਚ* a *ਉਪਭੋਗ ਵਕਰ* c'c' *ਦੀ ਢਲਾਨ* (Slope) *ਨੂੰ ਨਿਰਧਾਰਤ ਕਰਦੀ ਹੈ। ਉਪਭੋਗ ਵਕਰ ਦੀ ਇਹ ਢਲਾਨ ਉਪਭੋਗ ਦੀ ਆਮਦਨ ਨਾਲ ਸੰਬੰਧਾਂ ਦੀ ਨੇੜਤਾ ਦੀ ਤੀਬਰਤਾ ਨੂੰ ਦਰਸਾਉਂਦੀ ਹੈ।*

### 1.5.3.3 *ਸੀਮਾਂਤ ਉਪਭੋਗ ਪ੍ਰਵਿਰਤੀ* (Marginal Propensity to Consume) :

*ਜੇ. ਐਮ. ਕੇਨਜ਼ ਇਸ ਗੱਲ ਵਿਚ ਬਹੁਤ ਦਿਲਚਸਪੀ ਰਖਦਾ ਸੀ ਕਿ ਉਪਭੋਗ ਨੂੰ ਕਿਵੇਂ ਬਦਲਿਆ ਜਾ ਸਕਦਾ ਹੈ। ਇਸ ਲਈ ਉਸ ਨੇ ਸੀਮਾਂਤ ਉਪਭੋਗ ਪ੍ਰਵਿਰਤੀ* (MPC) *ਦੀ ਧਾਰਨਾ ਪੇਸ਼ ਕੀਤੀ। ਸੀਮਾਂਤ ਉਪਭੋਗ ਪ੍ਰਵਿਰਤੀ ਵਧੀ ਹੋਈ ਵਰਤਣਯੋਗ ਆਮਦਨ ਦਾ ਉਹ ਭਾਗ ਜੋ ਵੱਧ ਉਪਭੋਗ ਲਈ ਖਰਚ ਕਰ ਦਿੱਤਾ ਜਾਂਦਾ ਹੈ।* ("Marginal Propensity to consume is the additional amount consumed, as a fraction of additional disposal income"- P. Wonnacott and R. Wonnacott)

*ਸਟੋਨੀਅਰ ਅਤੇ ਹੇਗ ਅਨੁਸਾਰ ਆਮਦਨ ਵਿਚ ਹਰ ਇਕ ਵਾਧੇ ਦੇ ਨਾਲ ਉਪਭੋਗੀ ਉਸ ਵਧੀ ਹੋਈ ਆਮਦਨ ਦੇ ਇਕ ਭਾਗ ਨੂੰ ਇਕ ਖਾਸ ਅਨੁਪਾਤ ਵਿਚ ਉਪਭੋਗ ਉੱਪਰ ਖਰਚ ਕਰਦਾ ਰਹਿੰਦਾ ਹੈ।*

*ਇਸ ਤਰ੍ਹਾਂ ਆਮਦਨ ਵਿਚ ਹੋਣ ਵਾਲੀ ਤਬਦੀਲੀ ਕਾਰਨ ਉਪਭੋਗ ਵਿਚ ਕੁੱਲ ਆਮਦਨ ਦੇ ਇਕ ਅਨੁਪਾਤ ਨਾਲ ਆਈ ਤਬਦੀਲੀ ਨੂੰ ਸੀਮਾਂਤ ਉਪਭੋਗ ਪ੍ਰਵਿਰਤੀ ਕਿਹਾ ਜਾਂਦਾ ਹੈ। ਇਸ ਨੂੰ ਇਕ ਸਮੀਕਰਣ ਦੇ ਰੂਪ ਵਿਚ ਵੀ ਲਿਖਿਆ ਜਾ ਸਕਦਾ ਹੈ :*

$$\textbf{ਸੀਮਾਂਤ ਉਪਭੋਗ ਪ੍ਰਵਿਰਤੀ} = \frac{\textbf{ਉਪਭੋਗ ਵਿਚ ਆਈ ਤਬਦੀਲੀ}}{\textbf{ਆਮਦਨ ਵਿਚ ਆਈ ਤਬਦੀਲੀ}}$$

*ਗਣਿਤੀ ਰੂਪ ਵਿਚ :*

$$MPC = \frac{\Delta C}{\Delta Y}$$

*ਜਿਥੇ ਗਰੀਕ ਭਾਸ਼ਾ ਦੇ ਅੱਖਰ* $\Delta$ *ਦਾ ਭਾਵ ਹੈ ਤਬਦੀਲੀ। ਇਸ ਤੋਂ ਭਾਵ ਹੈ ਕਿ ਆਮਦਨ ਵਿਚ ਆਈ ਸੀਮਾਂਤ* (Small/marginal) *ਤਬਦੀਲੀ ਕਾਰਨ ਉਪਭੋਗ ਵਿਚ ਆਈ ਸੀਮਾਂਤ ਤਬਦੀਲੀ ਨੂੰ ਸੀਮਾਂਤ ਉਪਭੋਗ ਪ੍ਰਵਿਰਤੀ* (MPC) *ਕਿਹਾ ਜਾਂਦਾ ਹੈ। ਆਮਦਨ ਵਿਚ ਹੋਈ ਸੀਮਾਂਤ ਤਬਦੀਲੀ* ($\Delta Y$) *ਨਾਲੋਂ ਉਪਭੋਗ ਵਿਚ ਹੋਈ ਸੀਮਾਂਤ ਤਬਦੀਲੀ ਸਾਧਾਰਨ ਹਾਲਤਾਂ ਵਿਚ ਜ਼ਿਆਦਾ ਹੁੰਦੀ ਹੈ, ਭਾਵ* MPC *ਇਕਾਈ ਤੋਂ ਘੱਟ ਹੁੰਦੀ ਹੈ* ($MPC < 1$)


*ਇਸ ਨੂੰ ਹੇਠਾਂ ਦਿੱਤੀ ਅਨੁਸੂਚੀ ਰਾਹੀਂ ਵੀ ਦਰਸਾਇਆ ਜਾ ਸਕਦਾ ਹੈ।*

**ਅਨੁਸੂਚੀ ਨੰ: 2**

**(Rs. Crores)**

| Income (Rs.) Y | Consumption (Rs.) C | Change in Income (Rs.) $\Delta Y$ | Change in Consumption (Rs.) $\Delta C$ | MPC $\left(\frac{\Delta C}{\Delta Y}\right)$ |
|---|---|---|---|---|
| 800 | 570 | -- | -- | -- |
| 1000 | 690 | 200 | 120 | 0.6 |
| 1200 | 790 | 200 | 100 | 0.5 |
| 1400 | 870 | 200 | 80 | 0.4 |
| 1600 | 930 | 200 | 60 | 0.3 |

ਅਨੁਸੂਚੀ ਨੰ: 2 ਤੋਂ ਪਤਾ ਚਲਦਾ ਹੈ ਕਿ ਜਦੋਂ ਆਮਦਨ ਵਿਚ ਵਾਧਾ ($\Delta Y$) 200 ਕਰੋੜ ਰੁਪਏ ਦਾ ਹੁੰਦਾ ਹੈ ਤਾਂ ਲੋਕ ਉਪਭੋਗ ਉਪਰ 120 ਕਰੋੜ ਰੁਪਏ ਖਰਚ ਕਰਦੇ ਹਨ ਭਾਵ ਉਨ੍ਹਾਂ ਦੀ ਸੀਮਾਂਤ ਉਪਭੋਗ ਪ੍ਰਵਿਰਤੀ $\left(\frac{\Delta C}{\Delta Y}\right)$ 0.6 ਦੇ ਬਰਾਬਰ ਹੈ ਅਤੇ ਜਦੋਂ ਸੀਮਾਂਤ ਆਮਦਨ ਵਿਚ 200 ਕਰੋੜ ਰੁਪਏ ਦਾ ਹੋਰ ਵਾਧਾ ਹੁੰਦਾ ਹੈ ਤਾਂ ਉਪਭੋਗ ਵਿਚ ਵਾਧਾ ਕੇਵਲ 100 ਕਰੋੜ ਰੁਪਏ ਦਾ ਹੀ ਹੁੰਦਾ ਹੈ ਅਤੇ MPC ਘਟ ਕੇ 0.5 ਹੋ ਜਾਂਦੀ ਹੈ। ਇਸ ਤਰ੍ਹਾਂ ਸਾਨੂੰ ਸਾਰਣੀ ਤੋਂ ਪਤਾ ਚਲਦਾ ਹੈ ਕਿ ਜਿਉਂ ਜਿਉਂ ਆਮਦਨ ਵਿੱਚ ਵਾਧਾ ਹੁੰਦਾ ਜਾਂਦਾ ਹੈ ਤਿਉਂ ਤਿਉਂ ਉਪਭੋਗ ਪ੍ਰਵਿਰਤੀ ਘਟਦੀ ਜਾਂਦੀ ਹੈ। ਗਰੀਬ ਲੋਕਾਂ ਦੀ ਉਪਭੋਗ ਪ੍ਰਵਿਰਤੀ ਜ਼ਿਆਦਾ ਹੁੰਦੀ ਹੈ ਕਿਉਂਕਿ ਉਹ ਆਮਦਨ ਦੇ ਵਧਣ ਨਾਲ ਉਸ ਦਾ ਇਕ ਵੱਡਾ ਹਿੱਸਾ ਆਪਣੀਆਂ ਉਪਭੋਗੀ ਵਸਤੂਆਂ ਉੱਪਰ ਹੀ ਖਰਚ ਦਿੰਦੇ ਹਨ। ਜਿਵੇਂ ਜਿਵੇਂ ਇਕ ਵਿਅਕਤੀ ਦੀ ਆਮਦਨ (ਰੁ:) ਵਧਦੀ ਜਾਂਦੀ ਹੈ ਭਾਵ ਉਹ ਅਮੀਰ ਹੁੰਦਾ ਜਾਂਦਾ ਹੈ ਅਤੇ ਇਕ ਪੱਧਰ ਉੱਪਰ ਪਹੁੰਚ ਕੇ ਜਦੋਂ ਉਸਦੀ ਕੁੱਲ ਆਮਦਨ ਵਿੱਚ ਵਾਧਾ ਹੁੰਦਾ ਹੈ ਤਾਂ ਉਪਭੋਗ ਉੱਪਰ ਪਹਿਲਾਂ ਨਾਲੋਂ ਆਮਦਨ ਦੇ ਮੁਕਾਬਲਤਨ ਘੱਟ ਖਰਚ ਕਰਦਾ ਹੈ ਕਿਉਂਕਿ ਇਸ ਪੱਧਰ ਉੱਪਰ ਪਹੁੰਚ ਕੇ ਉਸ ਵਿਅਕਤੀ ਨੇ ਕੁੱਝ ਲੋੜਾਂ (ਜਿਵੇਂ ਸਕੂਟਰ, ਕਾਰ ਆਦਿ) ਪਹਿਲਾਂ ਹੀ ਪੂਰੀਆਂ ਕਰ ਲਈਆਂ ਹੁੰਦੀਆਂ ਹਨ। ਇਸ ਤਰ੍ਹਾਂ ਜਿਉਂ ਜਿਉਂ ਵਿਅਕਤੀ ਅਮੀਰ ਹੁੰਦਾ ਜਾਂਦਾ ਹੈ ਤਾਂ ਉਸਦਾ ਵਧੀ ਹੋਈ ਆਮਦਨ ਵਿਚੋਂ ਵਧੇ ਹੋਏ ਉਪਭੋਗ ਉੱਪਰ ਅਨੁਪਾਤਕ ਖਰਚ ਘਟਦਾ ਜਾਂਦਾ ਹੈ। ਇਸ ਨੂੰ ਘਟਦੀ ਸੀਮਾਂਤ ਉਪਭੋਗ $\left(\frac{\Delta C}{\Delta Y}\right)$ ਪ੍ਰਵਿਰਤੀ ਕਿਹਾ ਜਾਂਦਾ ਹੈ। ਜੇਕਰ ਇੱਕ ਅਰਥ-ਵਿਵਸਥਾ ਵਿਚ ਰਹਿੰਦੇ ਸਾਰੇ ਲੋਕਾਂ ਦੀ ਆਮਦਨ ਨੂੰ ਜੋੜ ਲਿਆ ਜਾਵੇ ਤਾਂ ਉਸ ਨੂੰ ਸਮੂਹਿਕ (aggregate) ਆਮਦਨ ਕਿਹਾ ਜਾਂਦਾ ਹੈ ਅਤੇ ਇਸੇ ਤਰ੍ਹਾਂ ਹੀ ਜੇ ਸਾਰੇ ਲੋਕਾਂ ਦੇ ਉਪਭੋਗ ਖਰਚ ਨੂੰ ਜੋੜ ਲਿਆ ਜਾਵੇ ਤਾਂ ਉਸ ਨੂੰ ਸਮੂਹਿਕ ਉਪਭੋਗ ਖਰਚ ਕਿਹਾ ਜਾਂਦਾ ਹੈ ਅਤੇ ਸੀਮਾਂਤ ਉਪਭੋਗ ਪ੍ਰਵਿਰਤੀ ਦੇ ਜੋੜ ਨੂੰ ਸਮੂਹਿਕ ਸੀਮਾਂਤ ਉਪਭੋਗ ਪ੍ਰਵਿਰਤੀ ਕਿਹਾ ਜਾਂਦਾ ਹੈ।




ਰੇਖਾ ਚਿੱਤਰ ਨੰ: 3

*ਰੇਖਾ ਚਿੱਤਰ ਨੰ: 3 ਤੋਂ ਸਾਫ਼ ਪਤਾ ਲਗਦਾ ਹੈ ਕਿ ਉਪਭੋਗ ਵਿੱਚ ਹੋਇਆ ਅਨੁਪਾਤਕ ਵਾਧਾ (ΔC) ਆਮਦਨ ਵਿਚ ਹੋਏ ਅਨੁਪਾਤਕ ਵਾਧੇ (ΔY) ਨਾਲੋਂ ਘੱਟ ਹੈ। ਅਤੇ ਜਿਵੇਂ ਜਿਵੇਂ ਆਮਦਨ ਵਿਚ ਵਾਧਾ ਹੁੰਦਾ ਜਾਂਦਾ ਹੈ ਉਪਭੋਗ ਵਿਚ ਵੀ ਵਾਧਾ ਹੁੰਦਾ ਜਾਂਦਾ ਹੈ ਪਰੰਤੂ ਇਹ ਵਾਧਾ ਆਮਦਨ ਵਿਚ ਵਾਧੇ ਦੀ ਦਰ ਤੋਂ ਘੱਟ ਦਰ* (Rate) *ਤੇ ਹੁੰਦਾ ਹੈ। ਜੇਕਰ ਅਸੀਂ ਮੰਨ ਲਈਏ ਕਿ ਕੁੱਲ ਆਮਦਨ ਵਿਚ ਵਾਧਾ (ΔY) 200 ਕਰੋੜ ਰੁਪਏ ਦੇ ਬਰਾਬਰ ਹੋਇਆ ਅਤੇ ਉਪਭੋਗ ਵਿਚ ਵਾਧਾ (ΔC) 120 ਕਰੋੜ ਰੁਪਏ ਦੇ ਬਰਾਬਰ ਹੋਇਆ ਹੈ ਤਾਂ ਅਸੀਂ ਵੇਖ ਸਕਦੇ ਹਾਂ ਕਿ ਸੀਮਾਂਤ ਉਪਭੋਗ ਪ੍ਰਵਿਰਤੀ ਕਿਤਨੀ ਹੈ। ਉੱਪਰ ਦਿਤੀ ਅਨੁਸੂਚੀ ਨੰ: 2 ਤੋਂ ਸਪੱਸ਼ਟ ਹੈ ਕਿ* $MPC = \frac{\Delta C}{\Delta Y} = \frac{120}{200} = \frac{6}{10}$ *ਭਾਵ 0.6 ਦੇ ਬਰਾਬਰ ਆਉਂਦੀ ਹੈ।*

**ਮਹੱਤਵ (Importance) :**

*ਜਿਵੇਂ ਅਸੀਂ ਇਸੇ ਪਾਠ ਵਿੱਚ ਪਹਿਲਾਂ ਵੀ ਵੇਖ ਚੁੱਕੇ ਹਾਂ ਕਿ ਆਮਦਨ ਉਪਭੋਗ ਅਤੇ ਬੱਚਤ ਵਿਚ ਵੰਡੀ ਜਾਂਦੀ ਹੈ। ਸਾਨੂੰ ਸੀਮਾਂਤ ਉਪਭੋਗ ਪ੍ਰਵਿਰਤੀ* (MPC) *ਤੋਂ ਹੀ ਪਤਾ ਚਲਦਾ ਹੈ ਕਿ ਕਿਸੇ ਅਰਥ-ਵਿਵਸਥਾ ਵਿਚ ਬੱਚਤ ਕਿੰਨੀ ਹੋਵੇਗੀ। ਬੱਚਤ ਨੂੰ ਨਿਵੇਸ਼ ਕਰ ਦਿੱਤਾ ਜਾਂਦਾ ਹੈ। ਸੋ ਉਪਭੋਗ ਪ੍ਰਵਿਰਤੀ ਤੋਂ ਹੀ ਪਤਾ ਚਲਦਾ ਹੈ ਕਿ ਕਿਸੇ ਦੇਸ਼ ਵਿੱਚ ਬੱਚਤ ਕਿਤਨੀ ਹੋਵੇਗੀ ਅਤੇ ਇਸ ਦੇ ਸਿੱਟੇ ਵਜੋਂ ਵਿਕਾਸ ਲਈ ਨਿਵੇਸ਼ ਕਿਤਨਾ ਕੀਤਾ ਜਾ ਸਕਦਾ ਹੈ।*

### 1.5.3.4 ਔਸਤ ਉਪਭੋਗ ਪ੍ਰਵਿਰਤੀ (APC) ਅਤੇ ਸੀਮਾਂਤ ਉਪਭੋਗ ਪ੍ਰਵਿਰਤੀ (MPC) ਵਿਚਕਾਰ ਸੰਬੰਧ (Relationship Between APC and MPC)

*ਔਸਤ ਅਤੇ ਸੀਮਾਂਤ ਉਪਭੋਗ ਪ੍ਰਵਿਰਤੀਆਂ ਵਿਚ ਸੰਬੰਧਾਂ ਦਾ ਵਿਸ਼ਲੇਸ਼ਣ ਅਰਥ-ਵਿਵਸਥਾ ਵਿਚ ਬਹੁਤ ਮਹੱਤਵਪੂਰਣ ਥਾਂ ਰੱਖਦਾ ਹੈ।*

(a) *ਅਸੀਂ ਇਸੇ ਪਾਠ ਵਿਚ ਪਹਿਲਾਂ ਵੇਖਿਆ ਹੈ ਕਿ ਜਦੋਂ ਆਮਦਨ ਵਧਦੀ ਹੈ ਤਾਂ ਔਸਤ ਉਪਭੋਗ ਪ੍ਰਵਿਰਤੀ ਅਤੇ ਸੀਮਾਂਤ ਉਪਭੋਗ ਪ੍ਰਵਿਰਤੀ ਦੋਵੇਂ ਘਟਦੀਆਂ ਹਨ ਪ੍ਰੰਤੂ* MPC *ਵਿਚ* APC *ਨਾਲੋਂ ਘਾਟਾ ਜ਼ਿਆਦਾ ਹੁੰਦਾ ਹੈ।*

(b) *ਉਪਭੋਗ ਫਲਨ ਆਮਦਨ ਅਤੇ ਉਪਭੋਗ ਵਿਚ ਕਾਰਜਾਤਮਿਕ* (Functional) *ਸੰਬੰਧ ਨੂੰ ਦਰਸਾਉਂਦਾ ਹੈ, ਜਦੋਂ ਕਿ* APC *ਕੁੱਲ ਉਪਭੋਗ ਅਤੇ ਕੁੱਲ ਆਮਦਨ ਵਿੱਚ ਅਨੁਪਾਤਕ ਸੰਬੰਧ ਨੂੰ ਦਰਸਾਉਂਦੀ ਹੈ। ਪ੍ਰੰਤੂ* MPC *ਆਮਦਨ ਵਿਚ ਹੋਏ ਸੀਮਾਂਤ ਵਾਧੇ (ΔY) ਕਾਰਨ ਉਪਭੋਗ ਵਿਚ ਹੋਏ ਸੀਮਾਂਤ ਵਾਧੇ (ΔC) ਨੂੰ ਦਰਸਾਉਂਦੀ ਹੈ।*

(c) *ਗਰੀਬ ਲੋਕਾਂ ਦੇ ਸੰਬੰਧ ਵਿਚ ਸੀਮਾਂਤ ਉਪਭੋਗ ਪ੍ਰਵਿਰਤੀ (ΔC) ਜ਼ਿਆਦਾ* (higher) *ਹੁੰਦੀ ਹੈ ਅਤੇ ਅਮੀਰ*

ਲੋਕਾਂ ਦੇ ਸੰਬੰਧ ਵਿਚ ਇਹ ਪ੍ਰਵਿਰਤੀ ਘੱਟ ਹੁੰਦੀ ਹੈ। ਗਰੀਬ ਲੋਕ ਆਮਦਨ ਵਧਣ ਤੇ ਉਸ ਆਮਦਨ ਦਾ ਵੱਡਾ ਹਿੱਸਾ ਉਪਭੋਗ ਉੱਪਰ ਹੀ ਖਰਚ ਕਰ ਦਿੰਦੇ ਹਨ ਕਿਉਂਕਿ ਉਨ੍ਹਾਂ ਦੀਆਂ ਬਹੁਤ ਸਾਰੀਆਂ ਲੋੜਾਂ ਅਜੇ ਤੱਕ ਪੂਰੀਆਂ ਨਹੀਂ ਹੋਈਆਂ ਹੁੰਦੀਆਂ, ਦੂਸਰੇ ਪਾਸੇ ਅਮੀਰਾਂ ਦੀਆਂ ਬਹੁਤ ਸਾਰੀਆਂ ਉਪਭੋਗੀ ਲੋੜਾਂ ਆਮਦਨ ਦੇ ਵਾਧੇ ਤੋਂ ਪਹਿਲਾਂ ਹੀ ਪੂਰੀਆਂ ਹੋ ਚੁੱਕੀਆਂ ਹੁੰਦੀਆਂ ਹਨ, ਇਸ ਕਰਕੇ ਉਹ ਵਧੀ ਹੋਈ ਆਮਦਨ ਦਾ ਬਹੁਤ ਥੋੜਾ ਹਿੱਸਾ ਹੀ ਉਪਭੋਗ ਉੱਪਰ ਖਰਚ ਕਰਦੇ ਹਨ। ਦੂਸਰੇ ਪਾਸੇ ਗਰੀਬ ਲੋਕ ਆਪਣੀ ਆਮਦਨ ਦਾ ਵੱਡਾ ਹਿੱਸਾ ਉਪਭੋਗ ਉੱਪਰ ਹੀ ਖਰਚ ਕਰਦੇ ਹਨ ਅਤੇ ਉਨ੍ਹਾਂ ਦੀ ਔਸਤ ਆਮਦਨ ਪ੍ਰਵਿਰਤੀ (APC) ਅਮੀਰਾਂ ਨਾਲੋਂ ਵੱਧ ਹੁੰਦੀ ਹੈ।

(d) ਇਨ੍ਹਾਂ ਦੋਵਾਂ ਪ੍ਰਵਿਰਤੀਆਂ ਵਿਚ ਇਕ ਹੋਰ ਸੰਬੰਧ ਇਹ ਹੈ ਕਿ ਜਦੋਂ MPC ਸਥਿਰ ਹੁੰਦੀ ਹੈ ਤਾਂ ਉਤਪਾਦਨ ਫਲਨ ਸਿੱਧੀ ਰੇਖਾ ਵਾਲਾ (Linear) ਹੁੰਦਾ ਹੈ ਭਾਵ ਉਪਭੋਗ ਵਕਰ ਇਕ ਸਿੱਧੀ (straight) ਰੇਖਾ ਹੁੰਦੀ ਹੈ ਅਤੇ ਰੇਖਾ ਚਿੱਤਰ ਦੇ ਮੂਲ ਬਿੰਦੂ ਤੋਂ ਸ਼ੁਰੂ ਹੁੰਦੀ ਹੈ, ਜਿਵੇਂ ਕਿ ਰੇਖਾ-ਚਿੱਤਰ ਨੰ: 2 ਵਿਚ (45° ਰੇਖਾ) ਦਰਸਾਇਆ ਗਿਆ ਹੈ।

(e) ਜਿਥੇ ਔਸਤ ਉਪਭੋਗ ਪ੍ਰਵਿਰਤੀ ਉਪਭੋਗ ਦੇ ਪੱਧਰ (Level) ਨੂੰ ਨਿਰਧਾਰਿਤ ਕਰਦੀ ਹੈ ਉਥੇ ਸੀਮਾਂਤ ਉਪਭੋਗ ਪ੍ਰਵਿਰਤੀ ਉਪਭੋਗ ਫਲਨ ਦੀ ਰੇਖਾ ਦੀ ਢਲਾਨ (slope) ਨੂੰ ਨਿਰਧਾਰਿਤ ਕਰਦੀ ਹੈ।

**ਸਵੈ ਅਧਿਐਨ ਪ੍ਰਸ਼ਨ**

1 ਉਪਭੋਗ ਫਲਨ ਦੇ ਉਦੇਸ਼ ਬਾਰੇ ਦੱਸੋ।

2 ਔਸਤ ਉਪਭੋਗ ਪ੍ਰਵਿਰਤੀ ਦੀ ਪਰਿਭਾਸ਼ਾ ਦਿਓ।

3 ਸੀਮਾਂਤ ਉਪਭੋਗ ਪ੍ਰਵਿਰਤੀ ਬਾਰੇ ਸੰਖੇਪ ਵਿੱਚ ਲਿਖੋ।

4 APC ਅਤੇ MPC ਵਿੱਚ ਅੰਤਰ ਦੱਸੋ।

### 1.5.3.5 ਉਪਭੋਗ ਫਲਨ (ਉਪਭੋਗ ਪ੍ਰਵਿਰਤੀ) ਨੂੰ ਨਿਰਧਾਰਿਤ ਕਰਨ ਵਾਲੇ ਤੱਤ (Factors Affecting Consumption Function)

ਆਮ ਤੌਰ ਤੇ ਉਪਭੋਗ ਫਲਨ ਜਾਂ ਉਪਭੋਗ ਪ੍ਰਵਿਰਤੀ ਨੂੰ ਬਦਲਣ ਜਾਂ ਅਧਿੱਕ ਪ੍ਰਭਾਵਿਤ ਕਰਨ ਵਾਲਾ ਮੁੱਖ ਤੱਤ (determinant) ਆਮਦਨ ਨੂੰ ਹੀ ਮੰਨਿਆ ਜਾਂਦਾ ਹੈ। ਪਰੰਤੂ ਆਮਦਨ ਤੋਂ ਇਲਾਵਾ ਹੋਰ ਵੀ ਕਈ ਤੱਤ ਹਨ ਜਿਹੜੇ ਉਪਭੋਗ ਪ੍ਰਵਿਰਤੀ ਦੇ ਪੱਧਰ ਨੂੰ ਨਿਰਧਾਰਿਤ/ਪ੍ਰਭਾਵਿਤ ਕਰਦੇ ਹਨ। ਇਨ੍ਹਾਂ ਨਿਰਧਾਰਕ ਤੱਤਾਂ ਨੂੰ ਦੋ ਹਿੱਸਿਆਂ ਵਿੱਚ ਵੰਡ ਲਿਆ ਜਾਂਦਾ ਹੈ ਜਿਵੇਂ ਕਿ ਅੰਤਰਮੁਖੀ (Subjective) ਤੱਤ ਅਤੇ ਬਾਹਰਮੁਖੀ (Objective) ਤੱਤ।

### 1.5.3.5.1 ਅੰਤਰਮੁਖੀ ਤੱਤ (Subjective Factors) :

ਉਤਪਾਦਨ ਫਲਨ ਨੂੰ ਨਿਰਧਾਰਿਤ ਕਰਨ ਵਾਲੇ ਇਹ ਤੱਤ ਮੁੱਖ ਤੌਰ ਤੇ ਮਨੋਵਿਗਿਆਨਕ ਹੁੰਦੇ ਹਨ ਭਾਵ ਇਹ ਮਨੁੱਖੀ ਰੁਚੀਆਂ, ਜੋ ਕਿ ਅੱਗੋਂ ਸਮਾਜ ਵਿਚ ਪ੍ਰਚੱਲਿਤ ਰੀਤੀ-ਰਿਵਾਜਾਂ, ਫੈਸ਼ਨ, ਫਿਲਮਾਂ, ਟੈਲੀਵਿਜ਼ਨ, ਆਦਿ ਦੁਆਰਾ ਪ੍ਰਭਾਵਿਤ ਹੁੰਦੀਆਂ ਹਨ। ਇਹ ਮਨੋਵਿਗਿਆਨਕ ਮਨੁੱਖੀ ਪ੍ਰਵਿਰਤੀਆਂ ਕਿਸੇ ਜਾਂ ਕੁੱਝ ਵਸਤੂਆਂ ਦੀ ਮੰਗ ਨੂੰ ਵਧਾਉਂਦੀਆਂ ਹਨ, ਭਾਵ ਲੋਕ ਕੁੱਲ ਨਿਸ਼ਚਿਤ ਆਮਦਨ ਵਿਚੋਂ ਪਹਿਲਾਂ ਨਾਲੋਂ ਵੱਧ ਉਪਭੋਗ ਉੱਪਰ ਖਰਚ ਕਰਦੇ ਹਨ, ਸਿੱਟੇ ਵਜੋਂ ਉਪਭੋਗ ਪ੍ਰਵਿਰਤੀ ਪਹਿਲਾਂ ਨਾਲੋਂ ਵੱਧ ਜਾਂਦੀ ਹੈ ਜਾਂ ਇਨ੍ਹਾਂ ਵਸਤੂਆਂ ਦੀ ਮੰਗ ਮਨੋਵਿਗਿਆਨਕ ਕਾਰਨਾਂ ਕਰਕੇ ਪਹਿਲਾਂ ਨਾਲੋਂ ਘੱਟ ਵੀ ਸਕਦੀ ਹੈ, ਸਿੱਟੇ ਵਜੋਂ ਉਪਭੋਗ ਪ੍ਰਵਿਰਤੀ ਪਹਿਲਾਂ ਨਾਲੋਂ ਘੱਟ ਜਾਵੇਗੀ। ਸਮਾਜ ਵਿਚ ਕਈ ਵਿਅਕਤੀ ਆਪਣੀ ਮਨੋਵਿਗਿਆਨਕ ਸਥਿਤੀ ਕਾਰਨ ਪੈਸਾ ਬਚਾਉਣ ਦੀ ਬਜਾਏ ਉਸ ਨੂੰ ਉਪਭੋਗੀ ਵਸਤੂਆਂ ਉੱਪਰ ਵਧੇਰੇ ਖਰਚਦੇ ਹਨ ਜਿਸ ਨਾਲ ਉਪਭੋਗ ਪ੍ਰਵਿਰਤੀ ਵਧ ਜਾਂਦੀ ਹੈ ਅਤੇ ਕੁੱਝ ਲੋਕ ਭਵਿੱਖ ਵਿਚ ਆਉਣ ਵਾਲੀਆਂ ਸੰਭਾਵਿਤ ਕਠਿਨਾਈਆਂ ਬਾਰੇ ਲੋੜ ਤੋਂ ਵੱਧ ਸੋਚਦੇ ਹੋਏ ਉਪਲੱਬਧ ਪੈਸੇ (ਆਮਦਨ) ਨੂੰ ਵਰਤਮਾਨ ਬੱਚਤ ਕਰਨ ਵਿਚ ਵਧੇਰੇ ਰੁਚੀ ਰੱਖਦੇ ਹਨ ਜਿਸ ਕਾਰਨ ਵੀ ਉਪਭੋਗ ਰੁਚੀ ਘੱਟ ਜਾਂਦੀ ਹੈ। ਇਕ ਸਮਾਜ ਵਿੱਚ ਬਹੁਤ ਸਾਰੇ ਲੋਕ ਆਪਣੇ ਆਪ ਨੂੰ ਹੋਰਾਂ ਲੋਕਾਂ ਨਾਲੋਂ ਵੱਡਾ ਵਿਖਾਉਣ ਲਈ ਮਨੋਰੰਜਨ, ਮਹਿੰਗੇ ਕੱਪੜੇ, ਮਹਿੰਗੀਆਂ ਕਾਰਾਂ, ਮਹਿੰਗੇ ਹੋਟਲਾਂ ਵਿਚ ਅਕਸਰ ਖਾਣਾਂ-ਖਾਣ ਜਾਣਾ, ਭਾਵ ਫੋਕੀ ਸ਼ਾਨ-ਸ਼ੌਕਤ, ਆਦਿ ਉਪਭੋਗ ਉੱਪਰ ਖਰਚ ਨੂੰ ਵਧਾਉਂਦੇ ਹਨ ਅਤੇ ਕੁੱਲ ਆਮਦਨ ਵਿਚੋਂ ਉਪਭੋਗ ਉਪਰ

*ਸਾਪੇਖਿਕ* (Relative) *ਤੌਰ ਤੇ ਵਧੇਰੇ ਖਰਚ ਕਰਕੇ ਉਪਭੋਗ ਪ੍ਰਵਿਰਤੀ ਨੂੰ ਵਧਾਉਂਦੇ ਹਨ।*

**1.5.3.5.2 *ਬਾਹਰਮੁੱਖੀ ਤੱਤ* (Objective Factors) :**

*ਬਾਹਰਮੁੱਖੀ ਜਾਂ ਵਸਤੂਗਤ ਉਹ ਤੱਤ ਹੁੰਦੇ ਹਨ ਜਿਹੜੇ ਸਮਾਜ ਵਿਚ ਵਾਸਤਵਿਕ ਜਾਂ ਅਸਲੀ ਸਥਿਤੀ ਨਾਲ ਸੰਬੰਧਤ ਹੁੰਦੇ ਹਨ, ਨਾ ਕਿ ਕਿਸੇ ਵਿਅਕਤੀ ਦੀਆਂ ਮਨੋਵਿਗਿਆਨਕ ਭਾਵਨਾਵਾਂ ਉੱਪਰ ਆਧਾਰਿਤ ਹੁੰਦੇ ਹਨ। ਕੁੱਝ ਮਹੱਤਵਪੂਰਣ ਬਾਹਰਮੁਖੀ ਤੱਤ ਜਿਹੜੇ ਉਪਭੋਗ ਫਲਨ (ਉਪਭੋਗ ਪ੍ਰਵਿਰਤੀ) ਨੂੰ ਪ੍ਰਭਾਵਿਤ ਕਰਦੇ ਹਨ, ਹੇਠਾਂ ਦਿਤੇ ਗਏ ਹਨ।*

**(a)** *ਉਪਭੋਗ ਪ੍ਰਵਿਰਤੀ ਨੂੰ ਪ੍ਰਭਾਵਿਤ ਕਰਨ ਵਾਲਾ ਸਭ ਤੋਂ ਮਹੱਤਵਪੂਰਣ ਨਿਰਧਾਰਕ ਆਮਦਨ ਹੁੰਦਾ ਹੈ। ਜਿਵੇਂ ਕਿ ਅਸੀਂ ਪਹਿਲਾਂ ਵੀ ਪੜ੍ਹ ਚੁੱਕੇ ਹਾਂ ਕਿ ਆਮਦਨ ਦੇ ਵਧਣ ਨਾਲ ਲੋਕ ਆਪਣਾ ਉਪਭੋਗ ਉੱਪਰ ਕੀਤਾ ਜਾਣ ਵਾਲਾ ਖ਼ਰਚ ਵੀ ਵਧਾ ਦਿੰਦੇ ਹਨ। ਜੇ. ਐਮ. ਕੇਨਜ਼ ਨੇ ਕਿਹਾ ਸੀ ਕਿ ਸਮੁਦਾਇ* (community) *ਦੇ ਲੋਕਾਂ ਦੀ ਮਨੋਵਿਗਿਆਨਕ ਪ੍ਰਵਿਰਤੀ ਅਜਿਹੀ ਹੁੰਦੀ ਹੈ ਕਿ ਜਦੋਂ ਉਨਾਂ ਦੀ ਕੁੱਲ ਅਸਲ ਆਮਦਨ ਵਧਦੀ ਹੈ ਤਾਂ ਉਨ੍ਹਾਂ ਦੇ ਕੁੱਲ ਉਪਭੋਗ ਵਿਚ ਵੀ ਵਾਧਾ ਹੁੰਦਾ ਹੈ, ਪਰੰਤੂ ਇਹ ਆਮਦਨ ਵਿਚ ਹੋਏ ਵਾਧੇ ਤੋਂ ਘੱਟ ਹੁੰਦਾ ਹੈ।* (The psychology of the community is such that when aggregate real income is increased, aggregate consumption is also increased, but not by so much as income-Keynes).

**(b)** ***ਲੋਕਾਂ ਦੀਆਂ ਭਵਿੱਖੀ ਆਸ਼ਾਵਾਂ*** (Future Expectations) *ਵਿਚ ਤਬਦੀਲੀਆਂ ਵੀ ਉਪਭੋਗ ਪ੍ਰਵਿਰਤੀ ਨੂੰ ਪ੍ਰਭਾਵਿਤ ਕਰਦੀਆਂ ਹਨ। ਜੇ ਲੋਕਾਂ ਨੂੰ ਭਵਿੱਖ ਵਿਚ ਕਿਸੇ ਵਸਤੂ ਦੀ ਪੂਰਤੀ ਘੱਟ ਹੋਣ ਦਾ ਸ਼ੰਕਾ ਪੈਦਾ ਹੋ ਜਾਵੇ ਤਾਂ ਲੋਕ ਉਸ ਵਸਤੂ ਨੂੰ ਤਤਕਾਲ ਹੀ ਆਪਣੀ ਆਮ ਲੋੜ ਤੋਂ ਵੱਧ ਖਰੀਦ ਕੇ ਭੰਡਾਰ ਦੇ ਰੂਪ ਵਿਚ ਰੱਖਣਾ ਸ਼ੁਰੂ ਕਰ ਦਿੰਦੇ ਹਨ ਜਿਸ ਕਾਰਨ ਉਨ੍ਹਾਂ ਦੀ ਕੁੱਲ ਆਮਦਨ ਦਾ ਪਹਿਲਾਂ ਨਾਲੋਂ ਜ਼ਿਆਦਾ ਹਿੱਸਾ, ਆਮਦਨ ਸਮਾਨ ਰਹਿਣ ਤੇ ਵੀ, ਉਪਭੋਗ ਤੇ ਵੱਧ ਖ਼ਰਚ ਹੋਣ ਕਾਰਨ ਉਪਭੋਗ ਪ੍ਰਵਿਰਤੀ ਵਿਚ ਵਾਧਾ ਹੁੰਦਾ ਹੈ।*

**(c)** ***ਆਮਦਨ ਦੀ ਵੰਡ*** (Distribution of Income) : *ਜੇ ਕਿਸੇ ਦੇਸ਼ ਦੇ ਲੋਕਾਂ ਵਿਚ ਆਮਦਨ ਦੀ ਕਾਣੀ-ਵੰਡ ਬਹੁਤ ਜ਼ਿਆਦਾ ਹੈ ਤਾਂ ਵੀ ਉਪਭੋਗ ਪ੍ਰਵਿਰਤੀ ਵਿਚ ਘਾਟਾ ਹੁੰਦਾ ਹੈ। ਉਦਾਹਰਣ ਵਜੋਂ ਜੇ ਇਕ ਦੇਸ਼ ਦੇ ਮੁੱਠੀ ਭਰ ਅਮੀਰ ਲੋਕਾਂ ਕੋਲ ਦੇਸ਼ ਦੀ ਕੁੱਲ ਆਮਦਨ ਦਾ ਇਕ ਵੱਡਾ ਹਿੱਸਾ ਹੈ ਅਤੇ ਬਾਕੀ ਗਿਣਤੀ ਵਜੋਂ ਬਹੁਤੇ ਲੋਕਾਂ ਕੋਲ ਦੇਸ਼ ਦੀ ਕੁੱਲ ਆਮਦਨ ਦਾ ਬਹੁਤ ਹੀ ਥੋੜ੍ਹਾ ਹਿੱਸਾ ਹੈ। ਕਿਉਂਕਿ ਮੁੱਠੀ ਭਰ ਅਮੀਰ ਲੋਕਾਂ ਦੀਆਂ ਉਪਭੋਗੀ ਲੋੜਾਂ ਲੱਗਭੱਗ ਪਹਿਲਾਂ ਹੀ ਪੂਰੀਆਂ ਹੋ ਚੁੱਕੀਆਂ ਹੋਣ ਕਰਕੇ ਉਹ ਆਪਣੀ ਆਮਦਨ ਦਾ ਨਿਗੂਣਾ* (insignificant) *ਭਾਗ ਹੀ ਉਪਭੋਗ ਉੱਪਰ ਖ਼ਰਚ ਕਰਦੇ ਹਨ ਪ੍ਰੰਤੂ ਦੂਸਰੇ ਪਾਸੇ ਲੋਕਾਂ ਦੀ ਇਕ ਬਹੁਤ ਵੱਡੀ ਬਹੁ-ਗਿਣਤੀ ਕੋਲ ਦੇਸ਼ ਦੀ ਕੁਲ ਆਮਦਨ ਦਾ ਬਹੁਤ ਹੀ ਘੱਟ ਹਿੱਸਾ ਹੁੰਦਾ ਹੈ, ਜਿਸ ਕਾਰਨ ਇਨ੍ਹਾਂ ਲੋਕਾਂ ਕੋਲ ਉਪਭੋਗ ਉੱਪਰ ਖ਼ਰਚ ਕਰਨ ਲਈ ਬਹੁਤ ਹੀ ਘੱਟ ਆਮਦਨ ਹੁੰਦੀ ਹੈ, ਜਿਸ ਕਰਕੇ ਦੇਸ਼ ਵਿਚ ਉਪਭੋਗ ਪ੍ਰਵਿਰਤੀ ਵਿਚ ਘਾਟਾ* (decline) *ਹੁੰਦਾ ਹੈ। ਪ੍ਰੰਤੂ ਜੇ ਦੇਸ਼ ਵਿਚ ਲੋਕਾਂ ਵਿਚਕਾਰ ਆਮਦਨ ਦੀ ਵੰਡ ਵਿਚ ਸਮਾਨਤਾ ਵਰਗੀ ਸਥਿਤੀ ਹੋਵੇ ਤਾਂ ਉਪਭੋਗ ਪ੍ਰਵਿਰਤੀ ਵੱਧ ਹੋਵੇਗੀ।*

**(d)** ***ਅਚਾਨਕ ਲਾਭ ਜਾਂ ਹਾਨੀਆਂ*** (Windfall Gains or Losses) : *ਜਦੋਂ ਲੋਕਾਂ ਦੀ ਆਮਦਨ ਉਮੀਦ ਤੋਂ ਬਿਨਾਂ ਅਚਾਨਕ ਹੀ ਵੱਧ ਜਾਂ ਘੱਟ ਜਾਂਦੀ ਹੈ ਤਾਂ ਵੀ ਉਨ੍ਹਾਂ ਦੀ ਉਪਭੋਗ ਪ੍ਰਵਿਰਤੀ ਪ੍ਰਭਾਵਿਤ ਹੁੰਦੀ ਹੈ। ਇਹ ਆਮ ਕਿਹਾ ਜਾਂਦਾ ਹੈ ਕਿ ਮੱਧ-ਵਰਗ ਦੇ ਰੱਜੇ-ਪੁੱਜੇ ਲੋਕਾਂ ਦੀ ਜਦੋਂ ਅਚਾਨਕ ਆਮਦਨ ਵਧਦੀ ਹੈ ਤਾਂ ਉਹ ਆਪਣਾ ਉਪਭੋਗ ਖਰਚ ਆਮ ਪੱਧਰ ਤੋਂ ਇਕਦਮ ਜ਼ਿਆਦਾ ਕਰਦੇ ਹਨ, ਜਿਸ ਕਾਰਨ ਉਪਭੋਗ ਪ੍ਰਵਿਰਤੀ ਵਿਚ ਵੀ ਵਾਧਾ ਹੁੰਦਾ ਹੈ।*

**(e)** ***ਮਜ਼ਦੂਰੀ ਦੀ ਦਰ*** (Wage Rate) : *ਕਾਰਲ ਮਾਰਕਸ ਅਨੁਸਾਰ ਜਿਉਂ ਜਿਉਂ ਪੂੰਜੀਵਾਦੀ ਅਰਥਚਾਰੇ ਵਿਕਸਤ ਹੁੰਦੇ ਜਾਂਦੇ ਹਨ ਤਿਉਂ ਤਿਉਂ ਮਜ਼ਦੂਰਾਂ ਨੂੰ ਦਿੱਤੀ ਜਾਣ ਵਾਲੀ ਮਜ਼ਦੂਰੀ ਘਟਦੀ ਜਾਂਦੀ ਹੈ ਅਤੇ ਪੂੰਜੀਪਤੀ ਅਮੀਰ ਲੋਕ ਮਜ਼ਦੂਰਾਂ ਦੁਆਰਾ ਕਮਾਏ ਧਨ ਦਾ ਇਕ ਵੱਡਾ ਹਿੱਸਾ ਆਪ ਰੱਖ ਲੈਂਦੇ ਹਨ ਅਤੇ ਮਜ਼ਦੂਰਾਂ ਨੂੰ ਘੱਟ ਮਜ਼ਦੂਰੀ ਦੇ ਰੂਪ ਵਿਚ ਘੱਟ ਆਮਦਨ ਪ੍ਰਾਪਤ ਹੁੰਦੀ ਹੈ। ਕਿਉਂਕਿ ਮਜ਼ਦੂਰ ਲੋਕ ਸਮਾਜ ਦਾ ਇਕ ਵੱਡਾ ਹਿੱਸਾ ਹੁੰਦੇ ਹਨ ਅਤੇ ਉਨ੍ਹਾਂ*

ਦੀ ਆਮਦਨ ਘੱਟ ਜਾਣ ਨਾਲ ਉਨ੍ਹਾਂ ਦੀ ਵਸਤੂਆਂ ਖਰੀਦਣ ਦੀ ਸ਼ਕਤੀ ਘੱਟ ਜਾਂਦੀ ਹੈ ਜਿਸ ਕਾਰਨ ਅਰਥ-ਵਿਵਸਥਾ ਵਿਚ ਉਪਭੋਗ ਲਈ ਕੁੱਲ ਮੰਗ ਘੱਟ ਜਾਂਦੀ ਹੈ। ਕੇਨਜ਼ ਨੇ ਵੀ ਕਿਹਾ ਸੀ ਕਿ ਮਜ਼ਦੂਰੀ ਘੱਟ ਕਰਨ ਨਾਲ ਆਮਦਨ ਮਜ਼ਦੂਰਾਂ ਦੇ ਹੱਥੋਂ ਨਿਕਲ ਕੇ ਅਮੀਰਾਂ ਕੋਲ ਚਲੀ ਜਾਵੇਗੀ, ਜਿਨ੍ਹਾਂ ਦੀਆਂ ਬਹੁਤੀਆਂ ਉਪਭੋਗੀ ਜ਼ਰੂਰਤਾਂ ਪਹਿਲਾਂ ਹੀ ਪੂਰੀਆਂ ਹੋਣ ਕਾਰਨ ਉਹ ਉਪਭੋਗ ਉੱਪਰ ਘੱਟ ਖਰਚ ਕਰਨਗੇ ਅਤੇ ਮਜ਼ਦੂਰਾਂ ਦੀ ਆਮਦਨ ਘਟਣ ਕਰਕੇ ਉਹ ਉਪਭੋਗ ਉੱਪਰ ਘੱਟ ਹੀ ਖਰਚ ਕਰ ਸਕਣਗੇ। ਇਸ ਲਈ ਅਰਥ ਵਿਵਸਥਾ ਵਿੱਚ ਉਪਭੋਗ ਪ੍ਰਵਿਰਤੀ ਘੱਟ ਜਾਵੇਗੀ।

**(f) *ਆਸਾਨ ਕਿਸ਼ਤਾਂ ਤੇ ਹੰਢਣਸਾਰ ਉਪਭੋਗੀ ਵਸਤੂਆਂ ਲਈ ਕਰਜ਼*** (Easy Availability of Credit for Consumer Goods) : ਜੇਕਰ ਹੰਢਣਸਾਰ ਉਪਭੋਗੀ ਵਸਤੂਆਂ, ਜਿਵੇਂ ਸਕੂਟਰ, ਕਾਰ, ਟੈਲੀਵਿਜ਼ਨ, ਫਰਿਜ਼ ਆਦਿ ਨੂੰ ਖਰੀਦਣ ਲਈ ਪੈਸਾ ਸੌਖਾ ਹੀ ਪ੍ਰਾਪਤ ਹੋ ਜਾਵੇ ਤਾਂ ਵੀ ਉਪਭੋਗ ਪ੍ਰਵਿਰਤੀ ਵਿਚ ਵਾਧਾ ਹੁੰਦਾ ਹੈ। ਉਦਾਹਰਣ ਵਜੋਂ ਅੱਜਕੱਲ੍ਹ ਅਸੀਂ ਵੇਖਦੇ ਹਾਂ ਕਿ ਅਜਿਹੀਆਂ ਵਸਤੂਆਂ ਜਿਨ੍ਹਾਂ ਨੂੰ ਖਰੀਦਣ ਲਈ ਕਰਜ਼ਾ ਆਸਾਨ ਕਿਸ਼ਤਾਂ ਉੱਪਰ ਹੀ ਮਿਲ ਜਾਂਦਾ ਹੈ ਜਿਸ ਕਾਰਨ ਲੋਕ ਇਨ੍ਹਾਂ ਵਸਤੂਆਂ ਦੀ ਜ਼ਿਆਦਾ ਖ਼ਰੀਦ ਕਰਦੇ ਹਨ ਅਤੇ ਉਪਭੋਗ ਪ੍ਰਵਿਰਤੀ ਵਿਚ ਵਾਧਾ ਹੁੰਦਾ ਹੈ।

**(g) *ਰਾਜਕੋਸ਼ੀ ਨੀਤੀ ਵਿਚ ਤਬਦੀਲੀ*** (Changes in the Fiscal Policy) : ਸਰਕਾਰ ਦੁਆਰਾ ਬਣਾਈ ਰਾਜਕੋਸ਼ੀ ਨੀਤੀ ਮੁੱਖ ਤੌਰ ਤੇ ਕਰਾਂ (Taxes), ਖ਼ਰਚ ਅਤੇ ਜਨਤਕ ਰਿਣ ਨਾਲ ਸੰਬੰਧਿਤ ਹੁੰਦੀ ਹੈ। ਇਨ੍ਹਾਂ ਵਿਚ ਆਈ ਤਬਦੀਲੀ ਉਪਭੋਗ ਫਲਨ ਨੂੰ ਵੀ ਪ੍ਰਭਾਵਿਤ ਕਰਦੀ ਹੈ। ਜੇਕਰ ਸਰਕਾਰ ਲੋਕਾਂ ਉਪਰ ਅਵਰੋਹੀ (Regressive) ਕਰ ਜ਼ਿਆਦਾ ਲਗਾਉਂਦੀ ਹੈ, ਜੋ ਕਿ ਆਮ ਤੌਰ ਤੇ ਅਸਿੱਧੇ (Indirect) ਹੋਣ ਕਰਕੇ ਆਮ ਲੋਕਾਂ (ਵੱਡੀ ਗਿਣਤੀ) ਦੀ ਆਮਦਨ ਘਟਾਉਂਦੇ ਹਨ, ਜਿਸ ਨਾਲ ਉਪਭੋਗ ਪ੍ਰਵਿਰਤੀ ਘਟਦੀ ਹੈ। ਇਸ ਤੋਂ ਉਲਟ ਜੇਕਰ ਸਰਕਾਰ ਆਰੋਹੀ (Progressive) ਕਰ ਜ਼ਿਆਦਾ ਲਗਾਉਂਦੀ ਹੈ, ਜੋ ਕਿ ਆਮ ਤੌਰ ਤੇ ਸਿੱਧੇ ਕਰ ਹੁੰਦੇ ਹਨ ਅਤੇ ਜ਼ਿਆਦਾ ਅਮੀਰਾਂ (ਘੱਟ ਗਿਣਤੀ) ਉੱਪਰ ਲੱਗਦੇ ਹਨ, ਤਾਂ ਇਸ ਨਾਲ ਦੇਸ਼ ਦੇ ਆਮ ਲੋਕਾਂ ਦੀ ਅਸਲ ਆਮਦਨ ਵਧਦੀ ਹੈ ਅਤੇ ਦੇਸ਼ ਵਿਚ ਉਪਭੋਗ ਪ੍ਰਵਿਰਤੀ ਵੀ ਵਧਦੀ ਹੈ।

**(h) *ਵਿਆਜ ਦਰ ਵਿਚ ਤਬਦੀਲੀ*** (Changes in the Rate of Interest) : ਜੇ ਵਿਆਜ ਦਰ ਬਹੁਤ ਉੱਚੀ ਹੋ ਜਾਂਦੀ ਹੈ ਤਾਂ ਲੋਕ ਆਪਣੇ ਪੈਸੇ ਨੂੰ ਉਪਭੋਗ ਉੱਪਰ ਖਰਚ ਕਰਨ ਦੀ ਬਜਾਏ ਵੱਧ ਬੱਚਤ ਕਰਨ ਨੂੰ ਤਰਜੀਹ ਦੇਣਗੇ। ਕਿਉਂਕਿ ਉਹ ਬਚਾਈ ਹੋਈ ਧਨ ਰਾਸੀ ਨੂੰ ਉਚੀ ਵਿਆਜ ਦਰ ਤੇ ਉਧਾਰ ਦੇ ਕੇ ਵੱਧ ਪੈਸੇ ਕਮਾਉਣਾ ਚਾਹੁੰਣਗੇ। ਇਸ ਤਰ੍ਹਾਂ ਉਪਭੋਗ ਪ੍ਰਵਿਰਤੀ ਘੱਟ ਜਾਵੇਗੀ। ਪਰੰਤੂ ਦੂਜੇ ਪਾਸੇ ਜੇ ਵਿਆਜ ਦਰ ਘੱਟ ਹੋ ਜਾਵੇ ਤਾਂ ਲੋਕ ਆਪਣੀ ਧਨ-ਰਾਸ਼ੀ ਨੂੰ ਉਪਭੋਗ ਉੱਪਰ ਖਰਚ ਕਰਨ ਨੂੰ ਵਧੇਰੇ ਤਰਜੀਹ ਦੇਣਗੇ ਜਿਸ ਨਾਲ ਦੇਸ਼ ਵਿਚ ਉਪਭੋਗ ਪ੍ਰਵਿਰਤੀ ਵਧੇਗੀ।

**(i) *ਦੇਖ-ਦਿਖਾਵੇ ਦਾ ਪ੍ਰਭਾਵ*** (Demonstration or Conspicuous Effect) : ਅਮੀਰ ਲੋਕਾਂ ਵੱਲੋਂ ਵਰਤੀਆਂ ਜਾਂਦੀਆਂ ਉਪਭੋਗੀ ਵਸਤੂਆਂ ਜੋ ਕਿ ਆਮ ਤੌਰ ਤੇ ਮਹਿੰਗੀਆਂ ਹੁੰਦੀਆਂ ਹਨ, ਨੂੰ ਵੇਖ ਕੇ ਮੱਧ ਵਰਗ ਦੇ ਲੋਕਾਂ ਵਿਚ ਵੀ ਇੱਛਾ ਪੈਦਾ ਹੁੰਦੀ ਹੈ ਕਿ ਉਹ ਵੀ ਅਮੀਰ ਲੋਕਾਂ ਵਾਂਗ ਸ਼ਾਨੋ-ਸ਼ੌਕਤ ਨਾਲ ਰਹਿਣ। ਇਸ ਲਈ ਉਹ ਵਧੀਆ ਤੇ ਮਹਿੰਗੀਆਂ ਕਾਰਾਂ, ਮੋਟਰਸਾਈਕਲ, ਮਹਿੰਗੇ ਕੱਪੜੇ ਅਤੇ ਗਹਿਣੇ ਆਦਿ ਖ਼ਰੀਦਦੇ ਅਤੇ ਵਰਤਦੇ ਹਨ ਜਿਸ ਨਾਲ ਅਰਥ-ਵਿਵਸਥਾ ਵਿੱਚ ਉਪਭੋਗ ਪ੍ਰਵਿਰਤੀ ਵਿਚ ਵਾਧਾ ਹੁੰਦਾ ਹੈ।

**(j) *ਨਕਦ (ਤਰਲ) ਰੂਪ ਵਿਚ ਧਨ*** (Liquid Assets) : ਇਹ ਗੱਲ ਕਿ ਕਿਸੇ ਵਿਅਕਤੀ ਕੋਲ ਧਨ ਕਿਸ ਰੂਪ ਵਿਚ ਪਿਆ ਹੈ। ਭਾਵ ਜੇਕਰ ਇਕ ਮਨੁੱਖ ਕੋਲ ਆਪਣੇ ਧਨ ਦਾ ਵਧੇਰੇ ਹਿੱਸਾ ਠੋਸ ਰੂਪ ਜਿਵੇਂ ਕਿ ਜ਼ਮੀਨ, ਫੈਕਟਰੀ, ਘਰ ਦੀ ਬਿਲਡਿੰਗ ਆਦਿ ਵਿਚ ਪਿਆ ਹੈ ਤਾਂ ਉਸ ਮਨੁੱਖ ਦੀ ਉਪਭੋਗ ਪ੍ਰਵਿਰਤੀ ਘੱਟ ਹੋਵੇਗੀ ਕਿਉਂਕਿ ਕਿਸੇ ਉਪਭੋਗੀ ਲੋੜ ਨੂੰ ਪੂਰਾ ਕਰਨ ਲਈ ਠੋਸ ਰੂਪ ਵਿਚ ਪਏ ਧਨ ਨੂੰ ਨਕਦ ਰੂਪ ਵਿੱਚ ਬਦਲਾਉਣਾ ਕਾਫ਼ੀ ਗੁੰਝਲਦਾਰ ਕੰਮ ਹੁੰਦਾ ਹੈ ਜਿਸ ਕਰਕੇ ਆਮ ਮਨੁੱਖ ਉਪਭੋਗ ਉੱਪਰ ਖਰਚ ਘੱਟ ਕਰੇਗਾ ਅਤੇ ਉਸਦੀ ਉਪਭੋਗ ਪ੍ਰਵਿਰਤੀ ਵੀ ਘੱਟ ਹੋਵੇਗੀ। ਦੂਸਰੇ ਪਾਸੇ ਜੇਕਰ ਕਿਸੇ ਮਨੁੱਖ ਕੋਲ ਆਪਣੇ ਧਨ ਦਾ ਵੱਡਾ ਭਾਗ ਵਧੇਰੇ ਕਰਕੇ ਤਰਲ ਰੂਪ ਵਿਚ ਪਿਆ ਹੈ, ਜਿਵੇਂ ਕਿ ਬੈਂਕ ਖਾਤੇ, ਸਰਕਾਰੀ ਰਿਣ-ਪੱਤਰ (Bonds), ਨਕਦੀ ਆਦਿ ਤਾਂ ਮਨੁੱਖ ਕੋਲ ਉਪਭੋਗ

ਉੱਪਰ ਖ਼ਰਚ ਕਰਨ ਲਈ ਇਸ ਧਨ ਦੀ ਉਪਲੱਬਧਤਾ ਜਲਦੀ ਅਤੇ ਸੌਖੀ ਹੋ ਜਾਂਦੀ ਹੈ। ਜਿਸ ਕਰਕੇ ਉਹ ਸੌਖਿਆਂ ਹੀ ਇਸ ਤਰ੍ਹਾਂ ਦੇ ਧਨ ਨੂੰ ਉਪਭੋਗੀ ਜ਼ਰੂਰਤਾਂ ਪੂਰੀਆਂ ਕਰਨ ਲਈ ਵਰਤ ਲੈਂਦਾ ਹੈ, ਜਿਸ ਨਾਲ ਅਰਥ-ਵਿਵਸਥਾ ਵਿਚ ਉਪਭੋਗ ਪ੍ਰਵਿਰਤੀ ਵਿਚ ਵਾਧਾ ਹੁੰਦਾ ਹੈ।

### 1.5.3.6 ਉਪਭੋਗ ਫਲਨ (ਉਪਭੋਗ ਪ੍ਰਵਿਰਤੀ) ਨੂੰ ਵਧਾਉਣ ਦੇ ਢੰਗ (Measures to Stimulate Consumption Function) :

**ਮਹੱਤਵ (Importance) :** ਕਾਰਲ ਮਾਰਕਸ ਅਨੁਸਾਰ ਵਿਕਸਤ ਪੂੰਜੀਵਾਦੀ ਅਰਥ-ਵਿਵਸਥਾ ਵਿਚ ਜਦੋਂ ਮੁੱਠੀ ਭਰ ਪੂੰਜੀਪਤੀਆਂ ਕੋਲ ਹੀ ਧਨ ਇਕੱਠਾ ਹੋ ਜਾਂਦਾ ਹੈ ਅਤੇ ਬਹੁਤੇ ਲੋਕ (ਮਜ਼ਦੂਰਾਂ) ਕੋਲ ਆਮਦਨ ਦੀ ਕਮੀ ਹੋ ਜਾਂਦੀ ਹੈ ਤਾਂ ਉਹ ਉਪਭੋਗ ਲਈ ਵਸਤੂਆਂ ਬਹੁਤ ਘੱਟ ਮਾਤਰਾ ਵਿਚ ਖਰੀਦ ਸਕਦੇ ਹਨ। ਸਿੱਟੇ ਵਜੋਂ ਦੇਸ਼ ਵਿਚ ਅਣ-ਵਿਕੇ (unsold) ਉਤਪਾਦਨ ਦੇ ਢੇਰ ਲੱਗ ਜਾਂਦੇ ਹਨ। ਇਸੇ ਕਾਰਨ ਦਿਓ-ਕੱਦ ਵੱਡੀਆਂ ਕੰਪਨੀਆਂ ਉਤਪਾਦਨ ਬੰਦ ਜਾਂ ਘੱਟ ਕਰ ਦਿੰਦੀਆਂ ਅਤੇ ਮਜ਼ਦੂਰਾਂ ਨੂੰ ਨੌਕਰੀ ਤੋਂ ਨਿਕਾਲ ਦਿੰਦੀਆਂ ਹਨ, ਜਿਸ ਨਾਲ ਉਹ ਬੇਰੁਜ਼ਗਾਰ ਅਤੇ ਹੋਰ ਗਰੀਬ ਹੋ ਜਾਂਦੇ ਹਨ ਅਤੇ ਦੇਸ਼ ਵਿਚ ਉਤਪਾਦਨ (ਪੂਰਤੀ) ਤੋਂ ਖ਼ਰੀਦ ਮੰਗ ਹੋਰ ਘੱਟ ਜਾਂਦੀ ਹੈ ਅਤੇ ਉਪਭੋਗ ਪ੍ਰਵਿਰਤੀ ਘਟ ਜਾਂਦੀ ਹੈ। ਇਸ ਨਾਲ ਦੇਸ਼ ਵਿਚ ਮੰਦਵਾੜੇ ਦੀ ਹਾਲਤ ਬਣ ਜਾਂਦੀ ਹੈ, ਜਿਸ ਵਿਚ ਬੇਰੁਜ਼ਗਾਰੀ, ਗਰੀਬੀ, ਆਰਥਿਕ ਵਿਕਾਸ ਵਿਚ ਰੁਕਾਵਟ ਵਰਗੀ ਸਥਿਤੀ ਪੈਦਾ ਹੋ ਜਾਂਦੀ ਹੈ। ਅਜਿਹਾ ਸੰਕਟ ਮੁੱਖ ਤੌਰ 'ਤੇ ਦੇਸ਼ ਵਿਚ ਵਸਤੂਆਂ ਅਤੇ ਸੇਵਾਵਾਂ ਦੀ ਘੱਟ ਮੰਗ ਕਾਰਨ ਪੈਦਾ ਹੁੰਦਾ ਹੈ, ਕਿਉਂਕਿ ਉਪਭੋਗ ਪ੍ਰਵਿਰਤੀ ਘੱਟ ਹੋ ਜਾਂਦੀ ਹੈ। ਜੇ. ਐਮ. ਕੇਨਜ਼ ਨੇ ਅਰਥ ਵਿਵਸਥਾ ਨੂੰ ਸੰਕਟ ਵਿਚੋਂ ਕੱਢਣ ਲਈ ਕੁੱਝ ਸੁਝਾਅ ਦਿੱਤੇ ਹਨ ਜਿਨ੍ਹਾਂ ਵਿਚੋਂ ਲੋਕਾਂ ਦੀ ਉਪਭੋਗ ਪ੍ਰਵਿਰਤੀ ਵਧਾਉਣਾ ਬਹੁਤ ਹੀ ਮਹੱਤਵਪੂਰਣ ਸੁਝਾਅ ਹੈ। ਉਪਭੋਗ ਪ੍ਰਵਿਰਤੀ ਨੂੰ ਵਧਾਉਣ ਲਈ ਕੁੱਝ ਢੰਗ ਹੇਠਾਂ ਦਿੱਤੇ ਗਏ ਹਨ:

**(i) ਆਮਦਨ ਵਿਚ ਕਾਣੀ ਵੰਡ ਨੂੰ ਘਟਾਉਣਾ** (Reducing the Unequal Distribution in Income) : ਜਿਵੇਂ ਕਿ ਅਸੀਂ ਪਹਿਲਾਂ ਪੜ੍ਹ ਚੁੱਕੇ ਹਾਂ ਕਿ ਜਦੋਂ ਪੂੰਜੀਵਾਦੀ ਅਰਥ-ਵਿਵਸਥਾ ਵਿੱਚ ਧਨ ਕੁੱਝ ਮੁੱਠੀ ਭਰ ਅਮੀਰ ਲੋਕਾਂ ਕੋਲ ਬਹੁਤ ਜ਼ਿਆਦਾ ਮਾਤਰਾ ਵਿੱਚ ਇਕੱਠਾ ਹੋ ਜਾਂਦਾ ਹੈ ਅਤੇ ਬਹੁ-ਗਿਣਤੀ ਆਮ ਲੋਕਾਂ/ਮਜ਼ਦੂਰਾਂ ਕੋਲ ਧਨ ਦੀ ਕਮੀ ਹੋ ਜਾਂਦੀ ਹੈ, ਭਾਵ ਉਨ੍ਹਾਂ ਦੀ ਉਪਭੋਗ ਪ੍ਰਵਿਰਤੀ ਘੱਟ ਜਾਂਦੀ ਹੈ। ਅਰਥ-ਵਿਵਸਥਾ ਵਿਚ ਉਪਭੋਗ ਪ੍ਰਵਿਰਤੀ ਨੂੰ ਵਧਾਉਣ ਲਈ ਅਮੀਰਾਂ ਪਾਸੋਂ ਕੁਝ ਆਮਦਨ ਨੂੰ ਤਬਦੀਲ ਕਰਕੇ ਗਰੀਬਾਂ ਨੂੰ ਦੇਣੀ ਚਾਹੀਦੀ ਹੈ। ਅਮੀਰਾਂ ਵੱਲੋਂ ਗਰੀਬਾਂ ਵੱਲ ਆਮਦਨ ਤਬਦੀਲੀ ਦਾ ਇਹ ਕੰਮ ਸਰਕਾਰ ਅਮੀਰਾਂ ਉਪਰ ਆਰੋਹੀ ਕਰ ਅਤੇ ਜਨਤਕ ਖ਼ਰਚ ਸੰਬੰਧੀ ਨੀਤੀਆਂ ਵਿਚ ਤਬਦੀਲੀ ਕਰਕੇ ਕਰ ਸਕਦੀ ਹੈ।

**(ii) ਸਮਾਜਿਕ ਸੁਰੱਖਿਆ ਵਿਚ ਵਾਧਾ** (Increase in Social Security) : ਜੇਕਰ ਸਰਕਾਰ ਵੱਲੋਂ ਲੋਕਾਂ ਲਈ ਸਮਾਜਿਕ ਸੁਰੱਖਿਆ ਵਿਚ ਵਾਧਾ ਕੀਤਾ ਜਾਵੇ (ਬੁਢਾਪਾ ਪੈਨਸ਼ਨ, ਬੇਰੁਜ਼ਗਾਰੀ ਭੱਤਾ, ਸਿਹਤ ਸੰਬੰਧੀ ਸਹੂਲਤਾਂ ਆਦਿ) ਤਾਂ ਲੋਕ ਸਮਾਜਿਕ ਸੁਰੱਖਿਆ ਯਕੀਨੀ ਹੋਣ ਕਾਰਨ ਉਪਭੋਗ ਉੱਪਰ ਵਧੇਰੇ ਖਰਚ ਕਰਨਗੇ, ਜਿਸ ਨਾਲ ਉਪਭੋਗ ਪ੍ਰਵਿਰਤੀ ਵਿਚ ਵਾਧਾ ਹੋਵੇਗਾ।

**(iii) ਮਜ਼ਦੂਰੀ ਵਿਚ ਵਾਧਾ** (Increase in Wages) : ਮਜ਼ਦੂਰੀ ਵਿਚ ਵਾਧਾ ਕਰਨ ਨਾਲ ਮਜ਼ਦੂਰਾਂ ਦੀ ਆਮਦਨ ਵਿਚ ਵੀ ਵਾਧਾ ਹੋਵੇਗਾ ਜਿਸ ਕਰਕੇ ਉਹ ਉਪਭੋਗੀ ਵਸਤੂਆਂ ਉਪਰ ਖਰਚ ਵਧਾ ਦੇਣਗੇ ਸਿੱਟੇ ਵਜੋਂ ਉਪਭੋਗ ਪ੍ਰਵਿਰਤੀ/ਉਪਭੋਗ ਫਲਨ ਵਿਚ ਵੀ ਵਾਧਾ ਹੋਵੇਗਾ। ਪਰੰਤੂ ਮਜ਼ਦੂਰੀ ਦੀ ਇਹ ਉੱਚੀ ਦਰ ਥੋੜ੍ਹੇ ਸਮੇਂ ਵਿਚ ਰੁਜ਼ਗਾਰ ਨੂੰ ਘਟਾਉਣ ਵਿਚ ਸਹਾਈ ਹੁੰਦੀ ਹੈ। ਇਸ ਦਾ ਕਾਰਨ ਹੈ ਕਿ ਥੋੜ੍ਹੇ ਸਮੇਂ ਵਿਚ ਕਿਰਤ ਸੀਮਾਂਤ ਉਤਪਾਦਿਕਤਾ ਨੂੰ ਵਧਾਉਣਾ ਸੰਭਵ ਨਹੀਂ ਹੈ। ਅਤੇ ਅਜਿਹੇ ਸਮੇਂ ਵਿਚ ਮਜ਼ਦੂਰੀ ਵਧਣ ਕਰਕੇ ਲਾਗਤਾਂ ਵਧ ਜਾਣਗੀਆਂ। ਪਰੰਤੂ ਲੰਬੇ ਸਮੇਂ ਵਿਚ ਮਜ਼ਦੂਰਾਂ ਦੀ ਸੀਮਾਂਤ ਉਤਪਾਦਿਕਤਾ ਵਧਾਈ ਜਾ ਸਕਦੀ ਹੈ ਅਤੇ ਨਾਲ ਨਾਲ ਜੇਕਰ ਮਜ਼ਦੂਰੀ ਵੀ ਵਧਾਈ ਜਾਵੇ ਤਾਂ ਉਪਭੋਗ ਫਲਨ ਵਿਚ ਵੀ ਵਾਧਾ ਹੋ ਜਾਂਦਾ ਹੈ।

**(iv) ਘੱਟ ਵਿਆਜ਼ ਅਤੇ ਆਸਾਨ ਕਰਜ਼ਾ ਸੁਵਿਧਾ** (Low Interest and Easy Credit Facilities) : ਜੇਕਰ ਆਮ ਜਨਤਾ ਨੂੰ ਹੰਢਣਸਾਰ ਉਪਭੋਗੀ ਵਸਤੂਆਂ (ਜਿਵੇਂ ਸਕੂਟਰ, ਕਾਰ, ਏ.ਸੀ., ਫਰਿਜ਼, ਆਦਿ) ਖਰੀਦਣ ਲਈ ਘੱਟ ਵਿਆਜ ਦਰ ਤੇ ਅਤੇ ਆਸਾਨੀ ਨਾਲ ਕਰਜ਼ਾ ਮਿਲ ਸਕੇ ਤਾਂ ਲੋਕ ਅਜਿਹੀਆਂ ਵਸਤੂਆਂ ਵਧੇਰੇ

ਖਰੀਦਣਗੇ ਜਿਸ ਨਾਲ ਉਪਭੋਗ ਪ੍ਰਵਿਰਤੀ ਵਧੇਗੀ।

**(v) *ਵਿਗਿਆਪਨ*** (Advertisement) : *ਵੇਚੀਆਂ ਜਾਣ ਵਾਲੀਆਂ ਵਸਤੂਆਂ ਸੰਬੰਧੀ ਰੇਡੀਓ, ਟੈਲੀਵਿਜ਼ਨ, ਅਖ਼ਬਾਰਾਂ ਆਦਿ ਦੁਆਰਾ ਵੱਧ ਤੋਂ ਵੱਧ ਵਿਗਿਆਪਨ ਕਰਨ ਨਾਲ ਵੀ ਲੋਕ ਵਧੇਰੇ ਵਸਤੂਆਂ ਖ਼ਰੀਦਣ ਲਈ ਪ੍ਰੇਰਿਤ ਹੋ ਕੇ ਵਸਤੂਆਂ ਦੀ ਖਰੀਦ ਵਧਾ ਦਿੰਦੇ ਹਨ। ਸਿੱਟੇ ਵਜੋਂ ਉਪਭੋਗ ਪ੍ਰਵਿਰਤੀ ਵਿੱਚ ਵਾਧਾ ਹੁੰਦਾ ਹੈ।*

**(vi) *ਸੂਚਨਾ ਅਤੇ ਆਵਾਜਾਈ ਪ੍ਰਬੰਧ ਨੂੰ ਵਧੀਆ ਬਣਾਉਣਾ*** (By Improving the Information and Transport System) : *ਜੇਕਰ ਅਰਥ-ਵਿਵਸਥਾ ਵਿਚ ਸੂਚਨਾ (ਟੈਲੀਫੋਨ, ਕੰਪਿਊਟਰ ਆਦਿ) ਅਤੇ ਆਵਾਜਾਈ (ਰੇਲ, ਸੜਕ ਆਦਿ) ਦੇ ਪ੍ਰਬੰਧ ਨੂੰ ਪਹਿਲਾਂ ਨਾਲੋਂ ਸੁਧਾਰਿਆ ਜਾਂਦਾ ਹੈ ਤਾਂ ਆਮ ਲੋਕਾਂ ਨੂੰ ਨਵੀਆਂ ਅਤੇ ਵਧੀਆ ਕੁਆਲਟੀ ਵਾਲੀਆਂ ਵਸਤੂਆਂ ਦੀਆਂ ਸੂਚਨਾਵਾਂ ਲੈਣ ਲਈ ਸੌਖ ਹੁੰਦੀ ਹੈ ਅਤੇ ਲੋਕ ਪਹਿਲਾਂ ਤੋਂ ਵੱਧ ਉਪਭੋਗੀ ਵਸਤੂਆਂ ਖਰੀਦਣਗੇ, ਜਿਸ ਨਾਲ ਉਪਭੋਗ ਪ੍ਰਵਿਰਤੀ ਵਧੇਗੀ। ਇਸੇ ਤਰ੍ਹਾਂ ਆਵਾਜਾਈ ਦੀਆਂ ਵਧੀਆ ਸਹੂਲਤਾਂ ਨਾਲ ਕਾਰਖਾਨਿਆਂ ਵਿਚ ਬਣੀਆਂ ਚੀਜ਼ਾਂ ਨੂੰ ਆਮ ਮਾਰਕੀਟਾਂ ਤੱਕ ਪਹੁੰਚਾਣ ਵਿਚ ਸੁਵਿਧਾ ਹੋਣ ਨਾਲ ਅਤੇ ਆਮ ਲੋਕਾਂ ਲਈ ਵਧੀਆ ਆਵਾਜਾਈ ਸਹੂਲਤਾਂ ਹੋਣ ਨਾਲ ਉਹਨਾਂ ਨੂੰ ਮੰਡੀ ਵਿਚ ਪਹੁੰਚ ਕੇ ਵਸਤੂਆਂ ਖਰੀਦਣ ਦੀ ਸਹੂਲਤ ਮਿਲਦੀ ਹੈ ਜਿਸ ਨਾਲ ਉਪਭੋਗੀ ਪਹਿਲਾਂ ਨਾਲੋਂ ਜ਼ਿਆਦਾ ਵਸਤੂਆਂ ਖਰੀਦਣਗੇ ਅਤੇ ਦੇਸ਼ ਵਿਚ ਉਪਭੋਗ ਪ੍ਰਵਿਰਤੀ ਵਿਚ ਵਾਧਾ ਹੋਵੇਗਾ।*

### 1.5.4 *ਸਾਰ-ਅੰਸ਼* (Summary)

*ਉਪਭੋਗ ਫਲਨ (ਉਪਭੋਗ ਪ੍ਰਵਿਰਤੀ) ਬਾਰੇ ਜੇ.ਐਮ.ਕੇਨਜ਼ ਦੁਆਰਾ ਕੀਤੀ ਰਚਨਾ ਬਹੁਤ ਮਹੱਤਵ ਰੱਖਦੀ ਹੈ। ਉਸ ਨੇ ਆਪਣੇ ਉਪਭੋਗ ਦੇ ਮਨੋਵਿਗਿਆਨ ਨਿਯਮ* (Psychological Law of Consumption Function) *ਵਿਚ ਦੱਸਿਆ ਹੈ ਕਿ ਆਮ ਤੌਰ ਤੇ ਜਦੋਂ ਆਮਦਨ ਵਿਚ ਵਾਧਾ ਹੁੰਦਾ ਹੈ, ਤਾਂ ਉਪਭੋਗ ਵੀ ਵਧਦਾ ਹੈ ਪਰੰਤੂ ਉਪਭੋਗ ਵਿਚ ਹੋਣ ਵਾਲਾ ਵਾਧਾ ਆਮਦਨ ਵਿਚ ਹੋਣ ਵਾਲੇ ਵਾਧੇ ਨਾਲੋਂ ਘੱਟ ਹੁੰਦਾ ਹੈ। ਉਪਭੋਗ ਫਲਨ ਆਮਦਨ ਅਤੇ ਉਪਭੋਗ ਵਿਚਕਾਰ ਸੰਬੰਧ ਨੂੰ ਦਰਸਾਉਂਦਾ ਹੈ। ਕੁੱਲ ਆਮਦਨ ਵਿਚੋਂ ਜੇ ਕੁੱਲ ਉਪਭੋਗ ਨੂੰ ਕੱਢ ਦਿੱਤਾ ਜਾਵੇ ਤਾਂ ਬਾਕੀ ਰਹਿ ਗਏ ਹਿੱਸੇ ਨੂੰ ਬੱਚਤ ਕਿਹਾ ਜਾਂਦਾ ਹੈ। ਔਸਤ ਉਪਭੋਗ ਪ੍ਰਵਿਰਤੀ* (APC) *ਕੁੱਲ ਉਪਭੋਗ ਦਾ ਕੁੱਲ ਆਮਦਨ ਨਾਲ ਅਨੁਪਾਤ* (Ratio) *ਹੁੰਦੀ ਹੈ ਜਦ ਕਿ ਸੀਮਾਂਤ ਉਪਭੋਗ ਪ੍ਰਵਿਰਤੀ ਕੁੱਲ ਆਮਦਨ ਵਿਚ ਹੋਏ ਸੀਮਾਂਤ ਵਾਧੇ ਕਾਰਨ ਕੁੱਲ ਉਪਭੋਗ ਵਿਚ ਹੋਏ ਸੀਮਾਂਤ ਵਾਧੇ ਨੂੰ ਦਰਸਾਉਂਦੀ ਹੈ। ਆਮਦਨ ਦੇ ਵਧਣ ਨਾਲ* MPC *ਅਤੇ* APC *ਦੋਵੇਂ ਘਟਣ ਲੱਗ ਜਾਂਦੀਆਂ ਹਨ ਪਰੰਤੂ* MPC, APC *ਨਾਲੋਂ ਵੱਧ ਤੇਜ਼ੀ ਨਾਲ ਘਟਦੀ ਹੈ। ਗਰੀਬ ਲੋਕਾਂ ਦੀ ਉਪਭੋਗ ਪ੍ਰਵਿਰਤੀ ਅਮੀਰਾਂ ਨਾਲੋਂ ਵੱਧ ਹੁੰਦੀ ਹੈ ਕਿਉਂਕਿ ਅਮੀਰ ਲੋਕਾਂ ਨੇ ਪਹਿਲਾਂ ਹੀ ਲੋੜੀਂਦੀਆਂ ਵਸਤੂਆਂ ਖਰੀਦ ਲਈਆਂ ਹੁੰਦੀਆਂ ਹਨ। ਉਪਭੋਗ ਪ੍ਰਵਿਰਤੀ ਨੂੰ ਦੋਵੇਂ ਅੰਤਰਮੁੱਖੀ ਅਤੇ ਬਾਹਰਮੁੱਖੀ ਤੱਤ ਨਿਰਧਾਰਿਤ ਕਰਦੇ ਹਨ। ਅੰਤਰਮੁੱਖੀ ਤੱਤਾਂ ਵਿੱਚ ਸਮਾਜ ਵਿਚਲੇ ਰੀਤੀ ਰਿਵਾਜ, ਫੈਸ਼ਨ, ਮਨੁੱਖ ਦੀਆਂ ਰੁਚੀਆਂ, ਦੇਖਾ-ਦੇਖੀ* (conspicuous) *ਪ੍ਰਭਾਵ ਆਦਿ ਹੁੰਦੇ ਹਨ, ਜਦਕਿ ਬਾਹਰਮੁੱਖੀ ਤੱਤਾਂ ਵਿਚ ਆਮਦਨ, ਆਮਦਨ ਦੀ ਵੰਡ, ਉਜ਼ਰਤਾਂ, ਰਾਜਕੋਸ਼ੀ ਨੀਤੀ, ਅਚਨਚੇਤ ਲਾਭ/ਹਾਨੀਆਂ, ਸਾਖ਼-ਸਹੂਲਤਾਂ ਆਦਿ ਹੁੰਦੇ ਹਨ। ਇਸੇ ਤਰ੍ਹਾਂ ਉਪਭੋਗ ਫਲਨ (ਉਪਭੋਗ ਪ੍ਰਵਿਰਤੀ) ਨੂੰ ਵਧਾਉਣ ਲਈ ਸਮਾਜਿਕ ਸੁਰੱਖਿਆ, ਆਮਦਨ ਦੀ ਕਾਣੀ ਵੰਡ ਘੱਟ ਕਰਨੀ, ਇਸ਼ਤਿਹਾਰਬਾਜ਼ੀ, ਆਦਿ ਤੱਤ ਮਹੱਤਵਪੂਰਣ ਹੁੰਦੇ ਹਨ। ਅਸਲ ਵਿਚ ਇਹ ਪਾਠ ਇਕ ਤਰ੍ਹਾਂ ਕੇਨਜ ਵੱਲੋਂ ਦਿੱਤੇ ਉਪਭੋਗ ਦੇ ਮਨੋਵਿਗਿਆਨਕ ਨਿਯਮ ਦਾ ਹੀ ਮੁੱਖ ਹਿੱਸਾ ਹੈ।*

### 1.5.5 *ਮਹੱਤਵਪੂਰਣ ਧਾਰਨਾਵਾਂ* (Key Concepts)

***ਉਪਭੋਗ*** (Consumption) : *ਉਪਭੋਗੀਆਂ ਦੁਆਰਾ ਵੱਖ ਵੱਖ ਵਸਤੂਆਂ ਅਤੇ ਸੇਵਾਵਾਂ ਨੂੰ ਵਰਤਣ ਤੋਂ ਮਿਲੀ ਸੰਤੁਸ਼ਟੀ ਨੂੰ ਉਪਭੋਗ ਕਿਹਾ ਜਾਂਦਾ ਹੈ* (The satisfaction obtained by consumers from the use of goods and services is called to consumption)। *ਉਪਭੋਗੀ ਕੁੱਝ ਵਸਤੂਆਂ ਜਿਵੇਂ ਸੇਬ, ਕੇਲਾ ਆਦਿ ਦਾ ਉਪਭੋਗ ਉਨ੍ਹਾਂ ਦੀ ਖਰੀਦ ਤੋਂ ਜਲਦੀ ਹੀ ਬਾਅਦ ਕਰ ਲੈਂਦਾ ਹੈ। ਪਰੰਤੂ ਹੰਢਣਸਾਰ ਵਸਤੂਆਂ ਜਿਵੇਂ ਸਕੂਟਰ, ਸਾਈਕਲ, ਆਦਿ ਦਾ ਉਪਭੋਗ ਇਕ ਉਪਭੋਗੀ ਲੰਮੇ ਸਮੇਂ ਵਿਚ ਹੌਲੀ ਹੌਲੀ ਕਰਦਾ ਰਹਿੰਦਾ ਹੈ। ਉਪਭੋਗ ਹੀ ਕੁੱਲ ਸਮੂਹਿਕ ਮੰਗ ਅਤੇ ਖਰਚ ਦਾ ਸਭ ਤੋਂ ਵੱਡਾ ਹਿੱਸਾ ਹੁੰਦਾ ਹੈ।*

***ਉਪਭੋਗ ਫਲਨ*** (Consumption Function) : *ਵਰਤਣਯੋਗ* (Disposable) *ਆਮਦਨ ਅਤੇ ਉਪਭੋਗ ਵਿਚਕਾਰ ਸੰਬੰਧਾਂ ਦਾ ਤਰਤੀਬਬੱਧ ਅਧਿਐਨ* 19*ਵੀਂ ਸਦੀ ਦੇ ਅੱਧ ਵਿਚ ਪਰਸ਼ੀਆ ਦੇ ਅਰਨੈਸਟ ਏਂਗਲ ਨੇ ਕੀਤਾ ਸੀ। ਕੇਨਜ਼ ਨੇ ਵੀ ਉਪਭੋਗ ਅਤੇ ਆਮਦਨ ਵਿਚਕਾਰ ਸੰਬੰਧਾਂ ਨੂੰ ਬਹੁਤ ਮਹੱਤਵ ਦਿੱਤਾ ਸੀ। ਉਪਭੋਗ ਫਲਨ ਇਕ ਅਜਿਹੀ ਧਾਰਨਾ ਹੈ ਜੋ ਉਪਭੋਗ ਉਤੇ ਕੀਤੇ ਖ਼ਰਚ ਦੇ ਆਸ਼ਰਿਤ* (Dependent) *ਚਰਾਂ* (variables) *ਅਤੇ ਆਜ਼ਾਦ* (Independent) *ਚਰਾਂ, ਜੋ ਕਿ ਉਪਭੋਗ ਨੂੰ ਨਿਰਧਾਰਿਤ ਕਰਦੇ ਹਨ, ਵਿਚਕਾਰ ਆਮ ਸੰਬੰਧ ਨੂੰ ਦਰਸਾਉਂਦੀ ਹੈ ਜਿਵੇਂ ਕਿ ਤਤਕਾਲੀ ਵਰਤਣਯੋਗ ਆਮਦਨ ਅਤੇ ਪੁਰਾਣੇ ਸਮੇਂ ਵਿਚੋਂ ਮਿਲੀ ਆਮਦਨ, ਆਦਿ। ਉਪਭੋਗ ਅਤੇ ਆਮਦਨ ਵਿਚਕਾਰਲੇ ਇਸ ਸੰਬੰਧ ਨੂੰ ਉਪਭੋਗ ਪ੍ਰਵਿਰਤੀ* (Propensity to Consume) *ਵੀ ਕਿਹਾ ਜਾਂਦਾ ਹੈ।*

***ਔਸਤ ਉਪਭੋਗ ਪ੍ਰਵਿਰਤੀ* (Average Propensity to Consume) :** *ਔਸਤ ਉਪਭੋਗ ਪ੍ਰਵਿਰਤੀ ਕਿਸੇ ਵਿਅਕਤੀ ਦੀ ਕੁੱਲ ਆਮਦਨ ਦਾ ਉਹ ਭਾਗ ਹੈ ਜਿਹੜਾ ਉਹ ਆਮਦਨ ਦੇ ਕਿਸੇ ਵੀ ਪੱਧਰ ਤੇ ਉਪਭੋਗ ਉਪਰ ਖਰਚ ਕਰਦਾ ਹੈ। ਇਸੇ ਤਰ੍ਹਾਂ ਹੀ ਅਰਥ-ਵਿਵਸਥਾ ਦੇ ਪੱਧਰ ਤੇ ਕੁੱਲ ਆਮਦਨ ਦਾ ਉਹ ਹਿੱਸਾ, ਜਿਹੜਾ ਲੋਕ ਉਪਭੋਗ ਉੱਪਰ ਖਰਚ ਕਰਦੇ ਹਨ, ਨੂੰ ਵੀ ਔਸਤ ਉਪਭੋਗ ਪ੍ਰਵਿਰਤੀ ਕਿਹਾ ਜਾਂਦਾ ਹੈ।*

$$\text{ਔਸਤ ਉਪਭੋਗ ਪ੍ਰਵਿਰਤੀ (APC)} = \frac{\text{ਸਮੂਹਿਕ ਕੁੱਲ ਉਪਭੋਗ}}{\text{ਸਮੂਹਿਕ ਕੁੱਲ ਆਮਦਨ}}$$

***ਸੀਮਾਂਤ ਉਪਭੋਗ ਪ੍ਰਵਿਰਤੀ*** (Marginal Propensity to Consume) : *ਸੀਮਾਂਤ ਉਪਭੋਗ ਪ੍ਰਵਿਰਤੀ ਦੀ ਧਾਰਨਾ ਮੁੱਖ ਤੌਰ ਤੇ ਜੇ. ਐਮ. ਕੇਨਜ਼ ਨੇ ਦਿੱਤੀ ਸੀ। ਸੀਮਾਂਤ ਉਪਭੋਗ ਪ੍ਰਵਿਰਤੀ ਵਧੀ ਹੋਈ ਵਰਤਣਯੋਗ* (Disposal) *ਆਮਦਨ ਦਾ ਉਹ ਅਨੁਪਾਤਕ ਭਾਗ ਹੈ ਜੋ ਵੱਧੇ ਹੋਏ ਉਪਭੋਗ ਉੱਪਰ ਖਰਚ ਕੀਤਾ ਜਾਂਦਾ ਹੈ। ਜਾਂ ਇਹ ਵੀ ਕਿਹਾ ਸਕਦਾ ਹੈ ਕਿ ਆਮਦਨ ਵਿਚ ਹੋਣ ਵਾਲੀ ਤਬਦੀਲੀ ਕਾਰਨ ਉਪਭੋਗ ਵਿਚ ਕੁੱਲ ਆਮਦਨ ਦੇ ਇਕ ਅਨੁਪਾਤ ਨਾਲ ਆਈ ਤਬਦੀਲੀ ਨੂੰ ਸੀਮਾਂਤ ਉਪਭੋਗ ਪ੍ਰਵਿਰਤੀ* (MPC) *ਕਿਹਾ ਜਾਂਦਾ ਹੈ।*

$$\text{ਸੀਮਾਂਤ ਉਪਭੋਗ ਪ੍ਰਵਿਰਤੀ (MPC)} = \frac{\text{ਉਪਭੋਗ ਵਿਚ ਆਈ ਤਬਦੀਲੀ } (\Delta C)}{\text{ਆਮਦਨ ਵਿਚ ਆਈ ਤਬਦੀਲੀ } (\Delta Y)}$$

***ਕੇਨਜ਼ ਦਾ ਉਪਭੋਗ ਫਲਨ ਦਾ ਮਨੋਵਿਗਿਆਨਕ ਨਿਯਮ* (Keynesian Psychological Law of Consumption Function) :** *ਕੇਨਜ਼ ਅਨੁਸਾਰ ਲੋਕਾਂ ਦੀ ਮਨੋਪ੍ਰਵਿਰਤੀ ਅਜਿਹੀ ਹੁੰਦੀ ਹੈ, ਕਿ ਜਦੋਂ ਕੁੱਲ ਅਸਲੀ ਆਮਦਨ ਵਿਚ ਵਾਧਾ ਹੁੰਦਾ ਹੈ ਤਾਂ ਕੁੱਲ ਉਪਭੋਗ ਵਿਚ ਵੀ ਵਾਧਾ ਹੁੰਦਾ ਹੈ, ਪਰੰਤੂ ਉਪਭੋਗ ਵਿਚ ਹੋਣ ਵਾਲਾ ਵਾਧਾ ਕੁੱਲ ਆਮਦਨ ਵਿਚ ਹੋਣ ਵਾਲੇ ਵਾਧੇ ਤੋਂ ਘੱਟ ਹੁੰਦਾ ਹੈ। ਕੇਨਜ਼ ਦਾ ਇਹ ਨਿਯਮ ਤਿੰਨ ਪ੍ਰਸਥਾਪਨਾਵਾਂ* (Propositions) *ਉੱਪਰ ਆਧਾਰਿਤ ਹੈ। ਪਹਿਲੀ, ਕੁੱਲ ਆਮਦਨ ਦੇ ਵਧਣ ਨਾਲ ਉਪਭੋਗ ਖਰਚ ਵੀ ਵਧਦਾ ਹੈ ਪਰੰਤੂ ਇਹ ਵਾਧਾ ਆਮਦਨ ਵਿੱਚ ਹੋਏ ਵਾਧੇ ਤੋਂ ਘੱਟ ਹੁੰਦਾ ਹੈ; ਦੂਜੀ, ਆਮਦਨ ਵਿਚ ਹੋਇਆ ਵਾਧਾ ਕਿਸੇ ਅਨੁਪਾਤ ਵਿਚ ਬੱਚਤਾਂ ਅਤੇ ਖਰਚ ਵਿਚ ਵੰਡਿਆ ਜਾਵੇਗਾ; ਅਤੇ ਤੀਜੀ, ਆਮਦਨ ਵਧਣ ਨਾਲ ਪਹਿਲਾਂ ਨਾਲੋਂ ਨਾ ਹੀ ਉਪਭੋਗ ਖਰਚ ਘਟੇਗਾ ਅਤੇ ਨਾ ਹੀ ਬੱਚਤ।*

### 1.5.6 *ਛੋਟੇ ਪ੍ਰਸ਼ਨ*

1. *ਉਤਪਾਦਨ ਫਲਨ ਦੀ ਧਾਰਨਾ ਬਾਰੇ ਸੰਖੇਪ ਰੂਪ ਵਿਚ ਲਿਖੋ।*
2. *ਜਿਉਂ ਜਿਉਂ* APC *ਵਕਰ ਉੱਪਰ ਨੂੰ ਜਾਂਦੀ ਹੈ ਤਾਂ ਇਸ ਦੀ ਢਾਲ ਸੱਜੇ ਪਾਸੇ ਵੱਲ ਨੂੰ ਕਿਉਂ ਝੁਕਦੀ*
   *ਜਾਂਦੀ ਹੈ ?*
3. *ਗਰੀਬ ਲੋਕਾਂ ਦੀ ਅਮੀਰਾਂ ਨਾਲੋਂ ਉਪਭੋਗ ਪ੍ਰਵਿਰਤੀ ਕਿਉਂ ਜ਼ਿਆਦਾ ਹੁੰਦੀ ਹੈ ?*

4. *ਔਸਤ ਉਪਭੋਗ ਪ੍ਰਵਿਰਤੀ* (APC) *ਅਤੇ ਸੀਮਾਂਤ ਉਪਭੋਗ ਪ੍ਰਵਿਰਤੀ* (MPC) *ਵਿਚਕਾਰ ਸੰਬੰਧ ਬਾਰੇ ਲਿਖੋ।*
5. *ਸੀਮਾਂਤ ਉਪਭੋਗ ਪ੍ਰਵਿਰਤੀ ਦੇ ਅਰਥ ਅਤੇ ਮਹੱਤਵ ਬਾਰੇ ਲਿਖੋ।*

### 1.5.7 *ਵੱਡੇ ਪ੍ਰਸ਼ਨ*

1. *ਉਪਭੋਗ ਫਲਨ ਨੂੰ ਨਿਰਧਾਰਿਤ (ਪ੍ਰਭਾਵਿਤ) ਕਰਨ ਵਾਲੇ ਤੱਤਾਂ ਬਾਰੇ ਲਿਖੋ।*
2. *ਉਪਭੋਗ ਫਲਨ ਤੋਂ ਕੀ ਭਾਵ ਹੈ ? ਇਸਨੂੰ ਵਧਾਉਣ ਲਈ ਕਿਹੜੇ ਢੰਗ (ਉਪਾਅ) ਵਰਤਣੇ ਚਾਹੀਦੇ ਹਨ ?*
3. *ਔਸਤ ਉਪਭੋਗ ਪ੍ਰਵਿਰਤੀ ਅਤੇ ਸੀਮਾਂਤ ਉਪਭੋਗ ਪ੍ਰਵਿਰਤੀ ਉੱਪਰ ਵਿਸਤਰਿਤ ਨੋਟ ਲਿਖੋ।*

### 1.5.8 *ਪ੍ਰਸਤਾਵਿਤ ਪੁਸਤਕ ਸੂਚੀ* (Suggested Books)


(i) Stonier, A.W. and D.C. Hague, *A Text Book of Economic Theory.*

(ii) Shapiro, E., *Macro Economic Analysis.*

(iii) *ਝਿੰਗਨ, ਐਮ.ਐਲ., ਸਮਸ਼ਟੀ ਅਰਥ-ਸ਼ਾਸਤ੍ਰ,*

(iv) Partap Singh, *Macro Economics* (in Punjabi)

(v) Vaish, M.C., *Macro Economic Theory*

*ਪਾਠ ਨੰ:* **1.6**

Last updated on 8 June, 2023

# *ਗੁਣਕ*
# (Multiplier)

***ਪਾਠ ਦੀ ਰੂਪ ਰੇਖਾ***

**1.6.1** *ਪਾਠ ਦੇ ਉਦੇਸ਼*
**1.6.2** *ਭੂਮਿਕਾ*
**1.6.3** *ਪਾਠ ਦਾ ਵਿਸ਼ਾ ਵਸਤੂ*
**1.6.3.1** *ਗੁਣਕ ਦੀ ਧਾਰਨਾ*
**1.6.3.2** *ਗੁਣਕ ਦੀ ਕਾਰਜਸ਼ੀਲਤਾ*
**1.6.3.2.1** *ਸਮਾਨ ਗੁਣਕ*
**1.6.3.2.2** *ਗਤੀਸ਼ੀਲ ਗੁਣਕ*
**1.6.3.2.3** *ਮਾਨਤਾਵਾਂ*
**1.6.3.3** *ਗੁਣਕ ਦੇ ਨਿਕਾਸ*
**1.6.3.4** *ਗੁਣਕ ਦੀਆਂ ਸੀਮਾਵਾਂ*
**1.6.3.5** *ਗੁਣਕ ਦੀ ਮਹੱਤਤਾ*
**1.6.4** *ਸਾਰਾਂਸ*
**1.6.5** *ਛੋਟੇ ਪ੍ਰਸ਼ਨ*
**1.6.6** *ਵੱਡੇ ਪ੍ਰਸ਼ਨ*
**1.6.7** *ਪੁਸਤਕ ਸੂਚੀ*

## 1.6.1 *ਪਾਠ ਦੇ ਉਦੇਸ਼*

1. *ਗੁਣਕ ਦੀ ਧਾਰਨਾ ਬਾਰੇ ਜਾਣਨਾ* (To know about the concept of Multiplier)
2. *ਗੁਣਕ ਦੀਆਂ ਕਿਸਮਾਂ ਅਤੇ ਉਨ੍ਹਾਂ ਦੀ ਕਾਰਜਸ਼ੀਲਤਾ ਬਾਰੇ ਜਾਣਨਾ* (To know about the types of Multiplier alongwith their functioning.
3. *ਗੁਣਕ ਦੀਆਂ ਮਨੌਤਾਂ ਅਤੇ ਊਣਤਾਈਆਂ* (Assumptions and limitations of Multiplier)
4. *ਗੁਣਕ ਦੇ ਮਹੱਤਵ ਬਾਰੇ ਜਾਣਕਾਰੀ ਪ੍ਰਾਪਤ ਕਰਨੀ* (To get knowledge about the importance of Multiplier)
5. *ਗੁਣਕ ਦੀ ਤੀਜੀ ਦੁਨੀਆਂ ਦੇ ਮੁਲਕਾਂ ਵਿਚ ਵਰਤੋਂ* (To be acquainted with the Application of Multiplier in Third World (Poor) Countries).

### 1.6.2 ਭੂਮਿਕਾ :

ਅਸੀਂ ਅਕਸਰ ਹੀ ਵੇਖਦੇ ਹਾਂ ਕਿ ਲੋਕ ਆਪਣੀ ਆਮਦਨ ਦੇ ਇਕ ਹਿੱਸੇ ਨੂੰ ਉਪਭੋਗ ਉੱਪਰ ਖਰਚ ਕਰ ਦਿੰਦੇ ਹਨ ਅਤੇ ਬਾਕੀ ਬਚੇ ਹਿੱਸੇ ਨੂੰ ਹੋਰ ਵਸਤੂਆਂ ਪੈਦਾ ਕਰਨ ਵਿਚ ਲਗਾ ਦਿੰਦੇ ਹਨ ਤਾਂ ਕਿ ਉਨ੍ਹਾਂ ਨੂੰ ਹੋਰ ਵਸਤੂਆਂ ਪੈਦਾ ਕਰਨ ਵਿਚ ਲਗਾਈ ਰਾਸ਼ੀ ਨਾਲੋਂ ਵਧੇਰੇ ਆਮਦਨ (ਲਾਭ ਦੇ ਰੂਪ ਵਿਚ) ਹੋ ਸਕੇ। ਉਹ ਰਾਸ਼ੀ, ਜਿਹੜੀ ਹੋਰ ਵਸਤੂਆਂ ਜਾਂ ਸੇਵਾਵਾਂ ਪੈਦਾ ਕਰਨ ਲਈ ਲਗਾਈ ਜਾਂਦੀ ਹੈ, ਨੂੰ ਨਿਵੇਸ਼ (Investment) ਕਿਹਾ ਜਾਂਦਾ ਹੈ। ਨਿਵੇਸ਼ ਕਰਨਾ ਇਸ ਲਈ ਬਹੁਤ ਜ਼ਰੂਰੀ ਹੈ ਕਿਉਂਕਿ ਮਨੁੱਖ ਇਕ ਵਾਰ ਪੈਦਾ ਕੀਤੇ ਉਤਪਾਦਨ (ਆਮਦਨ) ਦਾ ਤਾਂ ਉਪਭੋਗ ਕਰ ਲੈਂਦਾ ਹੈ, ਪਰੰਤੂ ਮਨੁੱਖ ਦੀਆਂ ਮੁੜ-ਮੁੜ ਖਾਣ-ਪਹਿਨਣ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਹੋਰ ਆਮਦਨ ਦੀ ਲੋੜ ਪੈਂਦੀ ਹੈ। ਇਸ ਹੋਰ ਆਮਦਨ ਨੂੰ ਪ੍ਰਾਪਤ ਕਰਨ ਲਈ ਮਨੁੱਖ ਨੂੰ ਮੁੜ-ਮੁੜ ਨਿਵੇਸ਼ ਕਰਨਾ ਪੈਂਦਾ ਹੈ। ਇਕ ਖ਼ਾਸ ਰਾਸ਼ੀ ਦਾ ਨਿਵੇਸ਼ ਕਰਨ ਨਾਲ ਇਸ ਰਾਸ਼ੀ ਨਾਲੋਂ ਕਿਤਨੇ ਗੁਣਾਂ ਰਾਸ਼ੀ ਆਮਦਨ (ਉਤਪਾਦਨ) ਦੇ ਰੂਪ ਵਿਚ ਪ੍ਰਾਪਤ ਹੁੰਦੀ ਹੈ, ਇਸੇ ਨੂੰ ਹੀ ਗੁਣਕ ਕਿਹਾ ਜਾਂਦਾ ਹੈ। ਸੋ ਸਮਾਜ ਵਿੱਚ ਰਹਿ ਰਹੇ ਵਿਅਕਤੀਆਂ ਦੀਆਂ ਦਿਨ-ਪ੍ਰਤੀ-ਦਿਨ ਦੀਆਂ ਲੋੜਾਂ ਪੂਰੀਆਂ ਕਰਨ ਲਈ ਅਤੇ ਦੇਸ਼ ਵਿਚ ਆਰਥਿਕ ਤਰੱਕੀ ਲਈ ਗੁਣਕ ਦਾ ਬੇਹੱਦ ਮਹੱਤਵ ਹੈ। ਇਸੇ ਲਈ ਗੁਣਕ ਦਾ ਅਧਿਐਨ ਕਰਨਾ ਬਹੁਤ ਜ਼ਰੂਰੀ ਬਣ ਜਾਂਦਾ ਹੈ।

### 1.6.3 ਪਾਠ ਦਾ ਵਿਸ਼ਾ ਵਸਤੂ (Subject-matter)

1. ਗੁਣਕ ਦੀ ਧਾਰਨਾ ਦਾ ਅਰਥ ਅਤੇ ਵਿਕਾਸ (Meaning of the Concept of Multiplier and its Evolution)
2. ਗੁਣਕ ਦੀ ਕਾਰਜਸ਼ੀਲਤਾ
   (i) ਸਮਾਨ ਗੁਣਕ (Static Multiplier)
   (ii) ਗਤੀਸ਼ੀਲ ਗੁਣਕ (Dynamic Multiplier)
   (iii) ਮਾਨਤਾਵਾਂ (Assumptions)
3. ਗੁਣਕ ਦੇ ਨਿਕਾਸ (Leakages of Multiplier)
4. ਗੁਣਕ ਦੀਆਂ ਊਣਤਾਈਆਂ (ਸੀਮਾਵਾਂ) (Limitations of Multiplier)
5. ਗੁਣਕ ਦੀ ਮਹੱਤਤਾ (Importance of Multiplier)
6. ਗੁਣਕ ਦੀ ਧਾਰਨਾ ਦੀ ਆਲੋਚਨਾ (criticism)

#### 1.6.3.1 ਗੁਣਕ ਦੀ ਧਾਰਨਾ ਦਾ ਅਰਥ ਅਤੇ ਵਿਕਾਸ :

ਆਮ ਤੌਰ ਤੇ ਗੁਣਕ ਦੀ ਧਾਰਨਾ ਨੂੰ ਜੇ. ਐਮ. ਕੇਨਜ਼ ਵੱਲੋਂ ਦਿਤੀ ਧਾਰਨਾ ਹੀ ਮੰਨਿਆ ਜਾਂਦਾ ਹੈ ਕਿਉਂਕਿ ਜੇ. ਐਮ. ਕੇਨਜ਼ ਨੇ ਆਪਣੀ ਪੁਸਤਕ 'Income, Employment and Money' ਵਿਚ ਮੰਦਵਾੜੇ ਵਿਚ ਫਸੀ ਅਰਥ-ਵਿਵਸਥਾ ਨੂੰ ਬਾਹਰ ਕੱਢਣ ਲਈ ਇਕ ਤਰ੍ਹਾਂ ਗੁਣਕ ਨੂੰ ਆਧਾਰ ਬਣਾਇਆ। ਪਰੰਤੂ 20ਵੀਂ ਸਦੀ ਦੇ ਸ਼ੁਰੂ ਵਿਚ ਵਿਕਸੈਲ (Wicksell) ਨੇ ਗੁਣਕ ਦੀ ਧਾਰਨਾ ਨੂੰ ਆਪਣੀ ਕਿਤਾਬ 'Interest and Prices' ਵਿਚ ਮੁਦਰਾ ਸਫ਼ੀਤੀ ਦੇ ਸਿਧਾਂਤ ਲਈ ਵਰਤਿਆ, ਭਾਵੇਂ ਕਿ ਇਹ ਵਰਤੋਂ ਅਸਿੱਧੇ ਰੂਪ ਵਿਚ ਹੀ ਸੀ। ਐਨ. ਜੋਹਨਸਨ ਨੇ ਵੀ ਪਹਿਲਾਂ 1903 ਅਤੇ ਫਿਰ ਸੁਧਰੇ ਹੋਏ ਰੂਪ ਵਿਚ 1913 ਵਿਚ ਉਨ੍ਹਾਂ ਲੋਕਾਂ, ਜਿਨ੍ਹਾਂ ਦੀ ਆਮਦਨ ਜ਼ਿਆਦਾ ਬੱਚਤ ਕਾਰਨ ਘੱਟ ਸੰਬੰਧੀ ਇਸ ਧਾਰਨਾ ਨੂੰ ਵਿਕਸਤ ਕੀਤਾ ਅਤੇ ਵਰਤਿਆ। ਇਸ ਤੋਂ ਬਾਅਦ ਆਰ.ਐਫ. ਕਾਹਨ (R.F. Kahn) ਨੇ ਆਪਣੇ ਇਕ ਖੋਜ ਪੱਤਰ ਵਿਚ, ਜੋ ਕਿ ਲੰਡਨ ਤੋਂ ਪ੍ਰਕਾਸ਼ਿਤ ਹੋਏ Economic Journal (1931) ਵਿਚ ਛਪਿਆ, ਗੁਣਕ ਪ੍ਰਕ੍ਰਿਆ ਨੂੰ ਵਿਸਤਿਰਤ ਰੂਪ ਵਿਚ ਲਿਖਿਆ। ਪਰੰਤੂ ਕਾਹਨ ਨੇ ਗੁਣਕ ਦੀਆਂ ਧਾਰਨਾਵਾਂ ਨੂੰ ਸੁਧਰੇ ਹੋਏ ਰੂਪ ਵਿਚ ਵਿਸਤਾਰਿਤ ਪ੍ਰਕ੍ਰਿਆ (Expansionary Process) ਲਈ ਵਰਤਿਆ। ਕਾਹਨ ਨੇ ਨਿਵੇਸ਼ ਵਿਚ ਹੋਣ ਵਾਲੇ ਵਾਧੇ ਦੇ ਰੁਜ਼ਗਾਰ ਉਪਰ ਪੈਣ ਵਾਲੇ ਪ੍ਰਭਾਵ ਨੂੰ ਘੋਖਣ ਲਈ ਗੁਣਕ ਨੂੰ ਵਰਤਿਆ। ਬਾਅਦ ਵਿਚ ਜਲਦੀ ਹੀ ਕੇਨਜ਼ ਨੇ ਨਿਵੇਸ਼ ਵਿਚ ਹੋਣ ਵਾਧੇ ਕਾਰਨ ਆਮਦਨ ਵਿਚ ਹੋਣ ਵਾਲੇ ਵਾਧੇ ਨੂੰ ਜਾਣਨ ਲਈ ਗੁਣਕ ਨੂੰ ਵਰਤਿਆ। ਸੋ ਜਿੱਥੇ ਕਾਹਨ

ਦੁਆਰਾ ਦਿਤੇ ਗੁਣਕ ਨੂੰ ਰੁਜ਼ਗਾਰ ਗੁਣਕ (Employment Multiplier) ਕਿਹਾ ਜਾਂਦਾ ਹੈ, ਉਥੇ ਕੇਨਜ਼ ਦੁਆਰਾ ਦਿੱਤੇ ਗੁਣਕ ਨੂੰ ਨਿਵੇਸ਼ ਗੁਣਕ (Investment Multiplier) ਕਿਹਾ ਜਾਂਦਾ ਹੈ। ਇਸ ਪਾਠ ਵਿਚ ਅਸੀਂ ਮੁੱਖ ਤੌਰ ਤੇ ਕੇਨਜ਼ ਦੁਆਰਾ ਦਿੱਤੇ ਨਿਵੇਸ਼ ਗੁਣਕ (Investment Multiplier) ਤੇ ਹੀ ਕੇਂਦਰਿਤ ਕਰਾਂਗੇ।

ਕੇਨਜ਼ ਅਨੁਸਾਰ ਰੁਜ਼ਗਾਰ ਪ੍ਰਭਾਵੀ ਮੰਗ ਉਪਰ ਨਿਰਭਰ ਕਰਦਾ ਹੈ ਜਿਹੜੀ ਕਿ ਅੱਗੋਂ ਉਪਭੋਗ ਅਤੇ ਨਿਵੇਸ਼ ਤੇ ਨਿਰਭਰ ਕਰਦੀ ਹੈ ਭਾਵ Y = C+I ਪ੍ਰਭਾਵੀ ਮੰਗ (Effective Demand) ਉਹ ਮੰਗ ਹੁੰਦੀ ਹੈ ਜਿਹੜੀ ਦੇਸ਼ ਵਿਚ ਉਤਪਾਦਿਤ ਕੁੱਲ ਵਸਤੂਆਂ ਅਤੇ ਸੇਵਾਵਾਂ ਦੇ ਬਰਾਬਰ ਹੁੰਦੀ ਹੈ ਜਾਂ ਇਹ ਕਿਹਾ ਜਾ ਸਕਦਾ ਹੈ ਕਿ ਦੇਸ਼ ਵਿਚ ਇਕ ਅਰਸੇ (ਵਰ੍ਹੇ) ਦੌਰਾਨ ਜਿਤਨਾ ਵੀ ਉਤਪਾਦਨ ਕੀਤਾ ਗਿਆ ਉਸ ਸਾਰੇ ਨੂੰ ਖ਼ਰੀਦ ਲਿਆ ਜਾਵੇ ਅਤੇ ਅਣਵਿਕਿਆ ਕੁੱਲ ਮਾਲ ਵੀ ਨਾ ਰਹੇ। ਕੇਨਜ਼ ਦਾ ਵਿਚਾਰ ਸੀ ਕਿ ਜੇ ਕਿਸੇ ਧੰਦੇ ਜਾਂ ਕਾਰਖਾਨੇ ਵਿਚ ਇਕ ਖਾਸ ਰਕਮ ਦਾ ਨਿਵੇਸ਼ ਕੀਤਾ ਜਾਂਦਾ ਹੈ, ਤਾਂ ਉਸ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਨਿਵੇਸ਼ ਕੀਤੀ ਰਕਮ ਤੋਂ ਕਈ ਗੁਣਾ (K) ਵੱਧ ਹੋਵੇਗੀ। ਨਿਵੇਸ਼ ਅਤੇ ਆਮਦਨ ਵਿਚਕਾਰ ਇਸ ਸੰਬੰਧ ਨੂੰ ਹੀ ਕੇਨਜ਼ ਦਾ ਨਿਵੇਸ਼ ਗੁਣਕ ਕਿਹਾ ਗਿਆ ਹੈ। ਪ੍ਰੋ. ਡਿਲਰਡ ਅਨੁਸਾਰ ਨਿਵੇਸ਼ ਗੁਣਕ ਆਮਦਨ ਵਿਚ ਹੋਏ ਵਾਧੇ ਅਤੇ ਨਿਵੇਸ਼ ਵਿਚ ਹੋਏ ਵਾਧੇ ਦੇ ਅਨੁਪਾਤ ਨੂੰ ਦਰਸਾਉਂਦਾ ਹੈ। ("Investment multiplier is the ratio of increase in income to given increase in investment") ਇਸੇ ਤਰ੍ਹਾਂ D.W. Pearce ਦੁਆਰਾ ਸੰਪਾਦਿਤ ਕੀਤੀ ਡਿਕਸ਼ਨਰੀ ਅਨੁਸਾਰ ''ਆਮਦਨ ਵਿਚ ਤਬਦੀਲੀ ਦਾ ਉਹ ਅਨੁਪਾਤ ਜਿਹੜਾ ਕਿ ਮੁੱਢਲੇ ਖਰਚ ਵਿਚ ਤਬਦੀਲੀ ਕਾਰਨ ਆਇਆ, ਨੂੰ ਹੀ ਗੁਣਕ ਕਿਹਾ ਜਾਂਦਾ ਹੈ।'' ("The ratio of change in income to the initial change in expenditure that brought it about."). ਸੋ ਇਹ ਕਿਹਾ ਜਾ ਸਕਦਾ ਹੈ ਕਿ ਗੁਣਕ ਆਮਦਨ ਵਿਚ ਹੋਈ ਅੰਤਲੀ ਤਬਦੀਲੀ ਅਤੇ ਮੁੱਢਲੇ ਨਿਵੇਸ਼ ਵਿਚ ਹੋਈ ਤਬਦੀਲੀ ਵਿਚਕਾਰ ਅਨੁਪਾਤ ਹੈ। (Multiplier is the ratio of the final change in income to the initial change in investment)। ਇਸ ਤਰ੍ਹਾਂ ;

$$\text{ਗੁਣਕ} = \frac{\text{ਆਮਦਨ ਵਿਚ ਤਬਦੀਲੀ}}{\text{ਨਿਵੇਸ਼ ਵਿਚ ਤਬਦੀਲੀ}}$$

ਗਣਿਤੀ ਭਾਸ਼ਾ ਵਿਚ ਇਸ ਨੂੰ ਹੇਠ ਲਿਖੇ ਅਨੁਸਾਰ ਪ੍ਰਗਟ ਕੀਤਾ ਜਾ ਸਕਦਾ ਹੇ :

$$\Delta Y = K\Delta I$$

ਜਿਥੇ Y ਰਾਸ਼ਟਰੀ ਆਮਦਨ, I ਰਾਸ਼ਟਰੀ ਨਿਵੇਸ਼, $\Delta$ (Delta) ਤਬਦੀਲੀ ਅਤੇ K ਗੁਣਕ ਨੂੰ ਕ੍ਰਮਵਾਰ ਪ੍ਰਗਟ ਕਰਦੇ ਹਨ।

ਇਸ ਨੂੰ ਹੇਠ ਲਿਖੇ ਅਨੁਸਾਰ ਵੀ ਲਿਖਿਆ ਜਾ ਸਕਦਾ ਹੇ :

$$K = \frac{\Delta Y}{\Delta I}$$

ਸੋ ਗੁਣਕ (K) ਵਧੀ ਹੋਈ ਆਮਦਨ (ਨਿਵੇਸ਼ ਕਾਰਨ) ਅਤੇ ਵਧੇ ਹੋਏ ਨਿਵੇਸ਼ ਵਿਚ ਅਨੁਪਾਤ ਹੈ।

ਜੇ ਨਿਵੇਸ਼ ਵਿਚ ਵਾਧਾ ($\Delta I$) 20 ਕਰੋੜ ਰੁਪਏ ਦਾ ਹੁੰਦਾ ਹੈ, ਆਮਦਨ ਵਿਚ ਵਾਧਾ ($\Delta Y$) 40 ਕਰੋੜ ਰੁਪਏ ਦੇ ਬਰਾਬਰ ਹੈ ਤਾਂ ਗੁਣਕ (K) ਦਾ ਮੁੱਲ (value) 2 ਦੇ ਬਰਾਬਰ ਹੋਵੇਗਾ :

$$K = \frac{40}{20} = 2$$

ਨਿਵੇਸ਼ ਵਿਚ ਹੋਏ ਵਾਧੇ ਨਾਲੋਂ ਆਮਦਨ ਵਿਚ ਵਾਧਾ ਇਸ ਕਾਰਨ ਜ਼ਿਆਦਾ ਹੁੰਦਾ ਹੈ ਕਿਉਂਕਿ ਨਿਵੇਸ਼ ਕੇਵਲ ਉਨ੍ਹਾਂ ਉਦਯੋਗਾਂ, ਜਿਨ੍ਹਾਂ ਵਿਚ ਇਹ ਕੀਤਾ ਗਿਆ ਹੈ, ਵਿਚ ਹੀ ਕੇਵਲ ਆਮਦਨ ਨੂੰ ਨਹੀਂ ਵਧਾਉਂਦਾ ਸਗੋਂ ਹੋਰਾਂ ਉਦਯੋਗਾਂ ਵਿਚ ਵੀ ਆਮਦਨ ਵਧਾਉਂਦਾ ਹੈ, ਜਿਨ੍ਹਾਂ ਵਿਚੋਂ ਨਿਵੇਸ਼ ਕੀਤੇ ਉਦਯੋਗਾਂ ਦੇ ਮੁਲਾਜ਼ਮ ਆਪਣੀਆਂ ਲੋੜਾਂ ਲਈ ਵਸਤੂਆਂ

*ਦੀ ਮੰਗ ਕਰਦੇ ਹਨ। ਜਿਵੇਂ ਅਸੀਂ ਜਾਣਦੇ ਹਾਂ ਕਿ ਆਮਦਨ ਵਧਣ ਨਾਲ ਲੋਕਾਂ ਦੇ ਉਪਭੋਗ ਫਲਨ (ਉਪਭੋਗ ਪ੍ਰਵਿਰਤੀ) ਵਿਚ ਵੀ ਵਾਧਾ ਹੁੰਦਾ ਹੈ। ਇਸ ਤਰ੍ਹਾਂ ਜਦੋਂ ਇਕ ਜਾਂ ਕੁੱਝ ਉਦਯੋਗਾਂ ਵਿਚ ਨਿਵੇਸ਼ ਕਰਨ ਕਾਰਨ ਜਦੋਂ ਕਾਮਿਆਂ ਦੀ ਆਮਦਨ ਵਧਦੀ ਹੈ, ਤਾਂ ਉਹ ਹੋਰ ਉਦਯੋਗਾਂ ਦੁਆਰਾ ਬਣਾਈਆਂ ਵਸਤੂਆਂ ਨੂੰ ਵੀ ਖ਼ਰੀਦਦੇ ਹਨ ਜਿਸ ਕਾਰਨ ਹੋਰਾਂ ਉਦਯੋਗਾਂ, ਜਿਨ੍ਹਾਂ ਤੋਂ ਵਸਤੂਆਂ ਖਰੀਦੀਆਂ ਜਾਂਦੀਆਂ ਹਨ ਉਨ੍ਹਾਂ ਦੀ ਆਮਦਨ ਵਿਚ ਵੀ ਵਾਧਾ ਹੁੰਦਾ ਹੈ। ਸੋ ਇਸ ਤਰ੍ਹਾਂ ਗੁਣਕ ਦਾ ਮੁੱਲ ਮੁੱਖ ਤੌਰ ਤੇ ਲੋਕਾਂ ਦੀ ਸੀਮਾਂਤ ਉਪਭੋਗ ਪ੍ਰਵਿਰਤੀ ਉੱਪਰ ਨਿਰਭਰ ਕਰਦਾ ਹੈ। ਇਸ ਤਰ੍ਹਾਂ ਗੁਣਕ ਦਾ ਵੱਧ ਜਾਂ ਘੱਟ ਹੋਣਾ ਉਪਭੋਗ ਪ੍ਰਵਿਰਤੀ ਦੇ ਵੱਧ ਜਾਂ ਘੱਟ ਹੋਣ ਨਾਲ ਸੰਬੰਧਿਤ ਹੈ। ਜਿਵੇਂ ਕਿ ਪਹਿਲਾਂ ਵੀ ਵਿਖਾਇਆ ਗਿਆ ਹੈ ਕਿ ਜੇ ਉਪਭੋਗ ਪ੍ਰਵਿਰਤੀ* 0.5 (½) *ਹੋਵੇਗੀ ਤਾਂ ਗੁਣਕ ਦਾ ਮੁੱਲ ਦੁੱਗਣਾਂ ਹੋਵੇਗਾ। ਅਸੀਂ ਜਾਣਦੇ ਹਾਂ ਕਿ ਸੀਮਾਂਤ ਉਪਭੋਗ ਪ੍ਰਵਿਰਤੀ* (MPC) *ਕਦੇ ਵੀ ਸਿਫ਼ਰ* (Zero) *ਨਹੀਂ ਹੋ ਸਕਦੀ, ਸੋ ਗੁਣਕ* (K) *ਵੀ ਇੱਕ* (1) *ਨਹੀਂ ਹੋ ਸਕਦਾ। ਦੂਸਰੇ ਪਾਸੇ ਗੁਣਕ ਅਸੀਮ* (ifinity) *ਵੀ ਨਹੀਂ ਹੋ ਸਕਦਾ ਕਿਉਂਕਿ ਕੇਨਜ਼ ਦੀ ਮਨੌਤ ਅਨੁਸਾਰ ਸੀਮਾਂਤ ਉਪਭੋਗ ਪ੍ਰਵਿਰਤੀ ਇਕ* (1) *ਦੇ ਬਰਾਬਰ ਨਹੀਂ ਹੋ ਸਕਦੀ। ਇਸ ਕਾਰਨ ਗੁਣਕ* (K) *ਇੱਕ ਤੋਂ ਘੱਟ ਅਤੇ ਸਿਫ਼ਰ ਤੋਂ ਵੱਧ ਹੋਵੇਗਾ। ਜੋ* $0 < K < 1$ *ਵਿਚਕਾਰ ਹੋਵੇਗਾ।*

*ਗੁਣਕ ਦੇ ਮੁੱਲ ਦਾ ਹੇਠ ਲਿਖੇ ਫਾਰਮੂਲੇ ਨਾਲ ਪਤਾ ਲਗਾਇਆ ਜਾ ਸਕਦਾ ਹੈ :*

$$K = \frac{1}{1-\frac{\Delta C}{\Delta Y}} = \frac{1}{1-\text{MPC}} \quad \text{ਜਾਂ} \quad K = \frac{1}{\text{MPS}} \quad (\text{ਕਿਉਂਕਿ } 1\text{-MPC} = \text{MPS})$$

*ਇਥੇ* MPS *ਸੀਮਾਂਤ ਬੱਚਤ* (S) *ਪ੍ਰਵਿਰਤੀ ਨੂੰ ਦਰਸਾਉਂਦੀ ਹੈ।*

*ਅਸੀਂ ਹੇਠਾਂ ਦਿੱਤੀ ਅਨੁਸੂਚੀ ਦੁਆਰਾ ਵੀ ਗੁਣਕ ਦੇ ਮੁੱਲਾਂ* (value) *ਨੂੰ ਸੀਮਾਂਤ ਉਪਭੋਗ ਦੇ ਵੱਖ ਵੱਖ ਪੱਧਰਾਂ ਦੇ ਆਧਾਰ ਤੇ ਜਾਣ ਸਕਦੇ ਹਾਂ।*

**ਅਨੁਸੂਚੀ–1**

| *ਸੀਮਾਂਤ ਉਪਭੋਗ ਪ੍ਰਵਿਰਤੀ* (MPC) $\left(\frac{\Delta C}{\Delta Y}\right)$ | *ਗੁਣਕ* (K) |
|---|---|
| 0 | 1 |
| $\frac{1}{2}$ (.5) | 2 |
| $\frac{3}{4}$ (.75) | 4 |
| $\frac{4}{5}$ (.80) | 5 |
| 1 (1) | $\infty$ (Infinity) |

*ਭਾਵੇਂ ਅਸੀਂ ਅਨੁਸੂਚੀ*-1 *ਵਿਚ ਵੇਖਦੇ ਹਾਂ ਕਿ ਜੇ ਸੀਮਾਂਤ ਉਪਭੋਗ ਪ੍ਰਵਿਰਤੀ ਸਿਫ਼ਰ ਹੈ ਤਾਂ ਗੁਣਕ* 1 *(ਇਕਾਈ) ਦੇ ਬਰਾਬਰ ਹੋਵੇਗਾ। ਪਰੰਤੂ ਜੇ.ਐਮ. ਕੇਨਜ਼ ਅਨੁਸਾਰ ਜਦੋਂ ਵੀ ਲੋਕਾਂ ਦੀ ਆਮਦਨ ਵਿਚ ਵਾਧਾ ਹੁੰਦਾ ਹੈ, ਤਾਂ ਉਨ੍ਹਾਂ ਦੇ ਉਪਭੋਗ ਵਿਚ ਵੀ ਵਾਧਾ ਹੁੰਦਾ ਹੈ। ਇਸ ਲਈ ਗੁਣਕ ਦੇ* 1 *ਹੋ ਜਾਣ ਦੀ ਸੰਭਾਵਨਾਂ ਆਮ ਤੌਰ ਤੇ ਨਹੀਂ ਹੁੰਦੀ ਅਤੇ ਗੁਣਕ ਆਮ ਤੌਰ ਤੇ* 1 *(ਇਕਾਈ) ਤੋਂ ਘੱਟ ਹੀ ਹੁੰਦਾ ਹੈ। ਇਸੇ ਤਰ੍ਹਾਂ ਜੇਕਰ ਸੀਮਾਂਤ ਉਪਭੋਗ ਪ੍ਰਵਿਰਤੀ* 1 *(ਇਕਾਈ) ਦੇ ਬਰਾਬਰ ਹੋ ਜਾਵੇ, ਭਾਵ ਸਾਰੀ ਦੀ ਸਾਰੀ ਆਮਦਨ ਦਾ ਉਪਭੋਗ ਕਰ ਲਿਆ ਜਾਵੇ ਤਾਂ*

ਗੁਣਕ ਦਾ ਮੁੱਲ ਅਸੀਮ (Infinity) ਹੋਵੇਗਾ।

ਪਰੰਤੂ ਆਮ ਤੌਰ ਤੇ ਅਮਲੀ ਰੂਪ ਵਿਚ ਕਿਸੇ ਵੀ ਅਰਥ-ਵਿਵਸਥਾ ਵਿਚ ਲੋਕ ਆਪਣੀ ਕੁੱਲ ਆਮਦਨ ਦਾ ਇਕ ਭਾਗ ਉਪਭੋਗ ਉੱਪਰ ਖ਼ਰਚ ਕਰਦੇ ਹਨ ਅਤੇ ਦੂਸਰੇ ਹਿੱਸੇ ਨੂੰ ਬਚਾ ਲਿਆ ਜਾਂਦਾ ਹੈ। ਇਸ ਕਰਕੇ ਸੀਮਾਂਤ ਉਪਭੋਗ ਪ੍ਰਵਿਰਤੀ ਦੇ ਅਸੀਮ ਹੋਣ ਦੀ ਸੰਭਾਵਨਾ ਨਾ-ਮਾਤਰ ਹੋ ਸਕਦੀ ਹੈ।

ਅਨੁਸੂਚੀ-1 ਤੋਂ ਸਾਫ ਪਤਾ ਚਲਦਾ ਹੈ ਕਿ ਜਿਉਂ-ਜਿਉਂ ਉਪਭੋਗ ਪ੍ਰਵਿਰਤੀ ਵਧਦੀ ਜਾਂਦੀ ਹੈ, ਤਿਉਂ-ਤਿਉਂ ਗੁਣਕ ਦਾ ਮੁੱਲ ਵੀ ਵਧਦਾ ਜਾਂਦਾ ਹੈ। ਉਦਾਹਰਣ ਵਜੋਂ ਜੇ ਸੀਮਾਂਤ ਉਪਭੋਗ ਪ੍ਰਵਿਰਤੀ $\frac{1}{2}$, ਭਾਵ 0.5 ਹੈ ਤਾਂ ਉੱਪਰ ਦਿੱਤੀ ਸਮੀਕਰਣ ਅਨੁਸਾਰ ਗੁਣਕ ਦਾ ਮੁਲ 2 ਹੋਵੇਗਾ :

$$K = 1\text{-}0.75 \quad \frac{1}{1-\frac{\Delta C}{\Delta Y}}$$

$$K = \frac{1}{1-.5} = 2$$

ਇਸੇ ਤਰ੍ਹਾਂ ਹੀ ਜੇ ਸੀਮਾਂਤ ਉਪਭੋਗ ਪ੍ਰਵਿਰਤੀ $\frac{3}{4}$ (.75) ਦੇ ਬਰਾਬਰ ਹੈ ਤਾਂ ਗੁਣਕ ਦਾ ਮੁੱਲ 4 ਦੇ ਬਰਾਬਰ ਹੋਵੇਗਾ। ਇਸ ਤੋਂ ਭਾਵ ਹੈ ਕਿ ਜੇ ਲੋਕ ਆਪਣੀ ਕੁੱਲ ਸੀਮਾਂਤ ਆਮਦਨ ਦੇ ਇਕ ਵੱਡੇ ਭਾਗ $\left(\frac{3}{4}\right)$ ਦਾ ਉਪਭੋਗ ਕਰ ਲੈਂਦੇ ਹਨ ਤਾਂ ਗੁਣਕ ਵੀ ਵੱਧ ਹੋਵੇਗਾ।

$$K = \frac{1}{1-.75} = 4$$

### 1.6.3.2 ਗੁਣਕ ਦੀ ਕਾਰਜਸ਼ੀਲਤਾ (Working of the Multiplier)

ਨਿਵੇਸ਼ ਵਧਣ ਨਾਲ ਆਮਦਨ ਵਿਚ ਵੀ ਵਾਧਾ ਹੁੰਦਾ ਹੈ ਅਤੇ ਕੇਨਜ਼ ਅਨੁਸਾਰ ਇਹ ਵਾਧਾ ਆਮ ਤੌਰ ਤੇ ਨਿਵੇਸ਼ ਵਿਚ ਹੋਏ ਵਾਧੇ ਨਾਲੋਂ ਕਈ ਗੁਣਾ ਵੱਧ ਹੁੰਦਾ ਹੈ। ਹੁਣ ਅਸੀਂ ਕੇਨਜ਼ ਦੁਆਰਾ ਦਿੱਤੇ ਗੁਣਕ ਦੀ ਉਸ ਪ੍ਰਕ੍ਰਿਆ ਨੂੰ ਜਾਣਨ ਦਾ ਯਤਨ ਕਰਾਂਗੇ, ਜਿਸ ਰਾਹੀਂ ਅਰਥ-ਵਿਵਸਥਾ ਵਿਚ ਇਕ ਖਾਸ ਮਾਤਰਾ ਵਿਚ ਨਿਵੇਸ਼ ਹੋਣ ਨਾਲ ਆਮਦਨ ਵਿਚ ਵਾਧਾ ਨਿਵੇਸ਼ ਵਿਚ ਹੋਏ ਵਾਧੇ ਨਾਲੋਂ ਜ਼ਿਆਦਾ ਕਿਵੇਂ ਹੁੰਦਾ ਹੈ। ਅਸੀਂ ਜਾਣਦੇ ਹਾਂ ਕਿ ਗੁਣਕ ਦਾ ਮੁੱਲ ਕਿਸੇ ਅਰਥ-ਵਿਵਸਥਾ ਵਿਚਲੀ ਸੀਮਾਂਤ ਉਪਭੋਗ ਪ੍ਰਵਿਰਤੀ (MPC) ਉੱਪਰ ਨਿਰਭਰ ਕਰਦਾ ਹੈ। ਨਿਵੇਸ਼ ਵਿਚ ਹੋਏ ਵਾਧੇ ਕਾਰਨ ਆਮਦਨ ਵਿਚ ਹੋਣ ਵਾਲੇ ਵਾਧੇ ਨੂੰ ਅਨੁਸੂਚੀ ਨੰ: 2 ਵਿਚ ਦਰਸਾਇਆ ਗਿਆ ਹੈ। ਮੰਨ ਲਵੋ ਕਿ ਅਰਥ-ਵਿਵਸਥਾ ਵਿਚ ਉਪਭੋਗੀ

ਦੀ ਸੀਮਾਂਤ ਉਪਭੋਗ ਪ੍ਰਵਿਰਤੀ $\frac{1}{2}$ (0.5) ਦੇ ਬਰਾਬਰ ਹੈ।

**ਅਨੁਸੂਚੀ ਨੰ: 2**


(ਕਰੋੜ ਰੁ:)

| ਗੇੜਾਂ (Round) | ਨਿਵੇਸ਼ ਵਿਚ ਵਾਧਾ **(Increase in Investment) ΔI** | ਆਮਦਨ ਵਿਚ ਵਾਧਾ **(Increase In Income) ΔY** | ਉਪਭੋਗ ਵਿਚ ਵਾਧਾ **(Increase in Consumption) ΔC** | ਬੱਚਤ ਵਿਚ ਵਾਧਾ **(Increase in Savings) ΔS** |
|---|---|---|---|---|
| 0 | – | – | – | – |
| 1 | 200 | 200 | 100 | 100 |
| 2 | – | 100 | 50 | 50 |
| 3 | – | 50 | 25 | 25 |
| 4 | – | 25 | 12.50 | 12.50 |
| 5 | – | 12.5 | 6.25 | 6.25 |
| 6 | – | ⋮ | ⋮ | ⋮ |
| | 200 | 400 | 200 | 200 |

ਅਨੁਸੂਚੀ ਨੰ: 2 ਤੋਂ ਪਤਾ ਚਲਦਾ ਹੈ ਕਿ ਜੇ ਕੁੱਲ ਨਿਵੇਸ਼ ਵਿਚ 200 ਕਰੋੜ ਰੁਪਏ ਦਾ ਵਾਧਾ (ΔI) ਕੀਤਾ ਜਾਂਦਾ ਹੈ ਤਾਂ ਪਹਿਲੇ ਗੇੜ ਵਿਚ ਵੀ ਆਮਦਨ ਵਿਚ ਵਾਧਾ ਵੀ 200 ਕਰੋੜ ਰੁਪਏ ਦਾ ਹੋਵੇਗਾ। ਇਸ ਆਮਦਨ ਵਿਚੋਂ ਲੋਕ 100 ਕਰੋੜ ਰੁਪਏ ਦਾ ਉਪਭੋਗ ਕਰ ਲੈਂਦੇ ਹਨ ਅਤੇ 100 ਕਰੋੜ ਰੁਪਏ ਨੂੰ ਬਚਾ ਲੈਂਦੇ ਹਨ। ਹੁਣ ਲੋਕ ਇਸ ਬਚੇ ਹੋਏ 100 ਕਰੋੜ ਰੁਪਏ ਦਾ ਫਿਰ ਅੱਗੇ ਨਿਵੇਸ਼ ਕਰ ਦਿੰਦੇ ਹਨ, ਜਿਸ ਨਾਲ ਲੋਕ ਅੱਗੇ ਫਿਰ 50 ਕਰੋੜ ਰੁ: ਦਾ ਉਪਭੋਗ ਕਰ ਲੈਂਦੇ ਹਨ ਅਤੇ 50 ਕਰੋੜ ਰੁਪਇਆ ਬਚਾ ਲੈਂਦੇ ਹਨ। ਜਿਵੇਂ ਕਿ ਅਨੁਸੂਚੀ ਨੰ: 2 ਤੋਂ ਸਪੱਸ਼ਟ ਕਿ ਇਹ ਪ੍ਰਕ੍ਰਿਆ ਚਲਦੀ ਰਹਿੰਦੀ ਹੈ ਜਿਤਨਾ ਚਿਰ ਤੱਕ ਬੱਚਤ ਅਤੇ ਨਿਵੇਸ਼ ਇਕ ਦੂਜੇ ਦੇ ਬਰਾਬਰ ਹੋ ਕੇ ਸੰਤੁਲਨ ਦੀ ਸਥਿਤੀ ਪੈਦਾ ਨਹੀਂ ਕਰ ਦਿੰਦੇ। ਅਸੀਂ ਜਾਣਦੇ ਹਾਂ ਕਿ ਸੰਤੁਲਨ ਦੀ ਹਾਲਤ ਉੱਥੇ ਹੁੰਦੀ ਜਿੱਥੇ ਬੱਚਤ ਅਤੇ ਨਿਵੇਸ਼ ਇਕ ਦੂਜੇ ਦੇ ਬਰਾਬਰ ਹੁੰਦੇ ਹਨ। ਪਰੰਤੂ ਜਦੋਂ ਅਰਥ-ਵਿਵਸਥਾ ਵਿਚ ਨਿਵੇਸ਼ ਕੀਤਾ ਜਾਂਦਾ ਹੈ ਤਾਂ ਬੱਚਤ ਅਤੇ ਨਿਵੇਸ਼ ਇਕ ਦੂਜੇ ਦੇ ਬਰਾਬਰ ਨਹੀਂ ਰਹਿੰਦੇ। ਅਨੁਸੂਚੀ ਨੰ: 2 ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਜਦੋਂ ਅਰਥ-ਵਿਵਸਥਾ ਵਿਚ 200 ਕਰੋੜ ਰੁਪਏ ਦਾ ਨਿਵੇਸ਼ ਕੀਤਾ ਜਾਂਦਾ ਹੈ ਤਾਂ ਸੰਤੁਲਨ ਦੀ ਅਵਸਥਾ ਟੁੱਟ ਜਾਂਦੀ ਹੈ, ਕਿਉਂਕਿ ਇਸ ਪੱਧਰ ਤੇ ਨਿਵੇਸ਼ ਜ਼ਿਆਦਾ (200 ਕਰੋੜ ਰੁ:) ਹੈ ਅਤੇ ਬੱਚਤ ਕੇਵਲ 100 ਕਰੋੜ ਰੁਪਏ ਦੇ ਬਰਾਬਰ ਹੈ। ਪ੍ਰੰਤੂ ਅਸੀਂ ਅਨੁਸੂਚੀ ਨੰ: 2 ਤੋਂ ਵੇਖ ਸਕਦੇ ਹਾਂ ਕਿ ਜਦੋਂ ਤੱਕ ਨਿਵੇਸ਼ (100 ਕਰੋੜ ਰੁਪਏ) ਅਤੇ ਬੱਚਤ (100 ਕਰੋੜ ਰੁਪਏ) ਮੁੜ ਇਕ ਦੂਜੇ ਦੇ ਬਰਾਬਰ ਨਹੀਂ ਹੁੰਦੇ ਉਦੋਂ ਤੱਕ ਗੁਣਕ ਦੀ ਇਹ ਪ੍ਰਕਿਰਿਆ ਚਲਦੀ ਰਹਿੰਦੀ ਹੈ। ਇਸ ਅਨੁਸੂਚੀ ਤੋਂ ਇਹ ਵੀ ਸਾਫ਼ ਜ਼ਾਹਰ ਹੁੰਦਾ ਹੈ ਕਿ 200 ਕਰੋੜ ਰੁਪਏ ਦਾ ਨਿਵੇਸ਼ ਕਰਨ ਨਾਲ ਕੁੱਲ ਆਮਦਨ ਵੀ ਵਧ ਕੇ 400 ਕਰੋੜ ਰੁਪਏ ਹੋ ਜਾਂਦੀ ਹੈ।

ਗੁਣਕ ਦੀ ਇਸ ਪ੍ਰਕਿਰਿਆ ਨੂੰ ਰੇਖਾ ਚਿੱਤਰ 1 ਦੁਆਰਾ ਵੀ ਵਿਖਾਇਆ ਜਾ ਸਕਦਾ ਹੈ। ਚਿੱਤਰ ਵਿਚ CC ਰੇਖਾ ਦੀ ਢਲਾਨ 0.5 ਦੇ ਬਰਾਬਰ ਹੈ ਕਿਉਂਕਿ ਅਸੀਂ ਇਹ ਮੰਨ ਲਿਆ ਹੈ ਕਿ ਸੀਮਾਂਤ ਉਪਭੋਗ ਪ੍ਰਵਿਰਤੀ $\frac{1}{2}$ (0.5)

ਦੇ ਬਰਾਬਰ ਹੈ। ਚਿੱਤਰ ਵਿਚ 45° ਰੇਖਾ ਕੁੱਲ ਪੂਰਤੀ (Aggregate Supply) ਨੂੰ ਦਰਸਾਉਂਦੀ ਹੈ। CC ਵਕਰ ਕੁੱਲ ਉਪਭੋਗੀ ਮੰਗ ਨੂੰ ਪ੍ਰਗਟ ਕਰਦੀ ਹੈ ਅਤੇ C+I ਵਕਰ ਕੁੱਲ ਮੰਗ (C+I) (ਉਪਭੋਗ+ਨਿਵੇਸ਼) ਨੂੰ ਦਰਸਾਉਂਦੀ ਹੈ। E ਬਿੰਦੂ ਉੱਪਰ ਸੰਤੁਲਨ ਸਥਾਪਤ ਹੋ ਜਾਂਦਾ ਹੈ ਕਿਉਂਕਿ ਇੱਥੇ ਕੁੱਲ ਮੰਗ ਅਤੇ ਕੁੱਲ ਪੂਰਤੀ ਇਕ ਦੂਸਰੇ ਦੇ ਬਰਾਬਰ ਹਨ। ਇਸ ਬਿੰਦੂ ਉੱਪਰ ਕੁੱਲ ਆਮਦਨ ਦਾ ਪੱਧਰ OY ਹੁੰਦਾ ਹੈ। ਇਸ ਤੋਂ ਬਾਅਦ ਜਦੋਂ ਨਿਵੇਸ਼ ਵਿਚ ਵਾਧਾ (ΔI) ਕੀਤਾ ਜਾਂਦਾ ਹੈ ਤਾਂ ਨਵੀਂ ਵਕਰ C+I+ΔI ਬਣ ਜਾਂਦੀ ਹੈ। ਹੁਣ ਜਦੋਂ ਇਹ ਨਵੀਂ ਕੁੱਲ ਮੰਗ ਵਕਰ ਕੁੱਲ ਪੂਰਤੀ ਵਕਰ ਨੂੰ ਕੱਟਦੀ ਹੈ ਤਾਂ ਸੰਤੁਲਨ E' ਉਪਰ ਸਥਾਪਤ ਹੋ ਜਾਂਦਾ ਹੈ ਅਤੇ ਆਮਦਨ ਵੀ ਵਧ ਕੇ OY ਤੋਂ OY' ਹੋ ਜਾਂਦੀ ਹੈ। ਨਿਵੇਸ਼ ਕਾਰਨ ਆਮਦਨ ਵਿਚ ਹੋਇਆ ਇਹ ਵਾਧਾ (ΔY) ਨਿਵੇਸ਼ ਵਿਚ ਹੋਏ ਵਾਧੇ (ΔI) ਨਾਲੋਂ ਦੁੱਗਣਾ ਹੈ। ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਜੇ ਸੀਮਾਂਤ ਉਪਭੋਗ ਪ੍ਰਵਿਰਤੀ 0.5 ਦੇ ਬਰਾਬਰ ਹੈ ਤਾਂ ਜਿਤਨਾ ਨਿਵੇਸ਼ ਵਿਚ ਵਾਧਾ ਕੀਤਾ ਜਾਂਦਾ ਹੈ, ਆਮਦਨ ਵਿਚ ਵਾਧਾ ਉਸ ਤੋਂ ਦੁੱਗਣਾ ਹੁੰਦਾ ਹੈ। ਇਥੇ ਇਕ ਗੱਲ ਨੋਟ ਕਰਨ ਵਾਲੀ ਇਹ ਹੈ ਕਿ ਆਮਦਨ ਵਿਚ ਵਾਧੇ ਦੀ ਇਹ ਪ੍ਰਕ੍ਰਿਆ ਇਕ-ਦਮ ਨਹੀਂ, ਸਗੋਂ ਸਮੇਂ ਦੀ ਅਵਧੀ (Period of Time) ਦੌਰਾਨ ਹੀ ਵਾਪਰਦੀ ਹੈ। ਪਰੰਤੂ ਕੇਨਜ਼ ਨੇ ਆਮਦਨ ਵਿਚ ਹੋਣ ਵਾਲੇ ਵਾਧੇ ਲਈ ਲੋੜੀਂਦੀ ਸਮਾਂ ਅਵਧੀ ਨੂੰ ਕੋਈ ਮਹੱਤਤਾ ਨਹੀਂ ਦਿੱਤੀ।




ਰੇਖਾ ਚਿੱਤਰ : 1

### 1.6.3.2.1 ਗੁਣਕ ਦੀ ਪਿਛਾਹੀ ਪ੍ਰਕ੍ਰਿਆ (Backward Operation of Multiplier)

ਜਦੋਂ ਨਿਵੇਸ਼ ਘਟਣ ਲੱਗ ਜਾਂਦਾ ਹੈ ਤਾਂ ਉਪਭੋਗ ਅਤੇ ਆਮਦਨ ਵੀ ਘਟਣ ਲੱਗ ਜਾਂਦੇ ਹਨ। ਨਿਵੇਸ਼ ਦੀ ਇਸ ਘਟਣ ਦੀ ਪ੍ਰਕਿਰਿਆ ਕਾਰਨ ਹੀ ਗੁਣਕ ਵੀ ਪਿੱਛੇ ਵੱਲ ਨੂੰ ਘਟਦਾ ਜਾਂਦਾ ਹੈ। ਉਦਾਹਰਣ ਵਜੋਂ ਜੇ ਨਿਵੇਸ਼ 10 ਕਰੋੜ ਰੁਪਏ ਘੱਟ ਜਾਂਦਾ ਹੈ ਤਾਂ ਆਮਦਨ 20 ਕਰੋੜ ਰੁਪਏ ਦੇ ਬਰਾਬਰ ਘਟ ਜਾਵੇਗੀ ਬਸ਼ਰਤੇ ਸੀਮਾਂਤ ਉਪਭੋਗ ਪ੍ਰਵਿਰਤੀ 0.5 ਦੇ ਬਰਾਬਰ ਹੋਵੇ ਅਤੇ ਇਸ ਕਾਰਨ ਗੁਣਕ 2 ਦੇ ਬਰਾਬਰ ਹੋਵੇ। ਗੁਣਕ ਦੀ ਪਿਛਾਹੀ ਪ੍ਰਕ੍ਰਿਆ ਦੇ ਕਾਰਨ ਆਮਦਨ ਵਿਚ ਹੋਣ ਵਾਲੇ ਘਾਟੇ ਦੀ ਮਾਤਰਾ ਸੀਮਾਂਤ ਉਪਭੋਗ ਪ੍ਰਵਿਰਤੀ ਦੇ ਵੱਧ ਜਾਂ ਘੱਟ ਹੋਣ ਤੇ ਨਿਰਭਰ ਕਰਦੀ ਹੈ। ਜਿਤਨੀ ਸੀਮਾਂਤ ਉਪਭੋਗ ਪ੍ਰਵਿਰਤੀ (MPC) ਵੱਧ ਹੋਵੇਗੀ ਸਿੱਟੇ ਵਜੋਂ ਆਮਦਨ ਵਿਚ ਘਾਟਾ ਵੀ ਉਤਨਾ ਹੀ ਵੱਧ ਹੋਵੇਗਾ। ਦੂਜੇ ਪਾਸੇ ਸੀਮਾਂਤ ਉਪਭੋਗ (MPC) ਵੀ ਜਿਤਨੀ ਘੱਟ ਹੋਵੇਗੀ ਆਮਦਨ ਵਿਚ ਹੋਣ ਵਾਲਾ ਘਾਟਾ ਵੀ ਘੱਟ ਹੋਵੇਗਾ।

ਨਿਵੇਸ਼ ਵਿਚ ਹੋਣ ਵਾਲੇ ਘਾਟੇ ਕਾਰਨ ਆਮਦਨ ਵਿੱਚ ਹੋਣ ਵਾਲੇ ਘਾਟੇ ਨੂੰ ਰੇਖਾ-ਚਿੱਤਰ 1 ਦੁਆਰਾ ਵੀ ਦਰਸਾਇਆ ਜਾ ਸਕਦਾ ਹੈ। ਫਰਜ਼ ਕਰੋ ਕਿ ਨਿਵੇਸ਼ ਵਿਚ ਹੋਣ ਵਾਲੇ ਘਾਟੇ ਕਾਰਨ ਮੰਗ ਵਕਰ C+I+ΔI ਤੋਂ ਘਟ ਕੇ C+I ਬਣ ਜਾਂਦੀ ਹੈ। ਇਸ ਤਰ੍ਹਾਂ ਸੰਤੁਲਨ ਬਿੰਦੂ ਵੀ E' ਤੋਂ ਘੱਟ ਕੇ E ਬਿੰਦੂ ਉੱਪਰ ਸਥਾਪਤ ਹੋ ਜਾਂਦਾ ਹੈ। ਇਸ ਤਰ੍ਹਾਂ

ਆਮਦਨ OY' ਤੋਂ ਘੱਟ ਕੇ OY ਦੇ ਪੱਧਰ ਆ ਜਾਂਦੀ ਹੈ। ਸਾਨੂੰ ਰੇਖਾ ਚਿੱਤਰ ਤੋਂ ਪਤਾ ਚਲਦਾ ਹੈ ਕਿ ਨਿਵੇਸ਼ ਵਿਚ ਹੋਏ ਘਾਟੇ ਤੋਂ ਆਮਦਨ ਵਿਚ ਘਾਟਾ (OY' ਤੋਂ OY) ਨਿਵੇਸ਼ ਵਿਚ ਹੋਏ ਘਾਟੇ ($\Delta I$) ਤੋਂ ਦੁੱਗਣਾ ਹੈ। ਬਸ਼ਰਤੇ ਸੀਮਾਂਤ ਉਪਭੋਗ ਪ੍ਰਵਿਰਤੀ $\frac{1}{2}$ (.5) ਦੇ ਬਰਾਬਰ ਹੋਵੇ। ਜਦੋਂ ਗੁਣਕ ਦਾ ਮੁੱਲ ਜ਼ਿਆਦਾ ਹੋਵੇ ਤਾਂ ਨਿਵੇਸ਼ ਦੇ ਘਟਣ ਨਾਲ ਆਮਦਨ ਵੀ ਬਹੁਤ ਤੇਜ਼ੀ ਨਾਲ ਘਟਦੀ ਹੈ। ਪਰੰਤੂ ਅਸੀਂ ਜਾਣਦੇ ਹਾਂ ਕਿ ਸੀਮਾਂਤ ਉਪਭੋਗ ਪ੍ਰਵਿਰਤੀ ਇੱਕ ਤੋਂ ਘੱਟ ਹੀ ਹੁੰਦੀ ਹੈ, ਇਸ ਲਈ ਗੁਣਕ ਕਦੇ ਵੀ ਅਸੀਮ (infinite) ਨਹੀਂ ਹੋ ਸਕਦਾ ਕਿਉਂਕਿ ਉਪਭੋਗੀ ਆਪਣੀ ਵਧੀ ਹੋਈ ਕੁੱਲ ਆਮਦਨ ਨੂੰ ਕੇਵਲ ਉਪਭੋਗ ਉੱਪਰ ਹੀ ਨਹੀਂ ਖਰਚਦੇ। ਦੂਸਰੇ ਪਾਸੇ ਉਹ ਘਟੀ ਹੋਈ ਆਮਦਨ ਦੇ ਮੁਕਾਬਲਤਨ ਆਪਣਾ ਉਪਭੋਗ ਖ਼ਰਚ ਵੀ ਘੱਟ ਨਹੀਂ ਕਰਦੇ।

**1.6.3.2.2 ਗਤੀਸ਼ੀਲ ਗੁਣਕ (Dynamic Multiplier)**

ਕੇਨਜ਼ ਦੁਆਰਾ ਦਿਤੀ ਗੁਣਕ ਦੀ ਧਾਰਨਾ ਇਹ ਨਹੀਂ ਦੱਸਦੀ ਕਿ ਨਿਵੇਸ਼ ਕਰਨ ਉਪਰੰਤ ਆਮਦਨ ਵਿਚ ਹੋਣ ਵਾਲੇ ਅਖ਼ੀਰਲੇ ਵਾਧੇ ਦੀ ਸ਼ੁਰੂ ਤੋਂ ਹੋਈ ਪ੍ਰਕਿਰਿਆ ਦੌਰਾਨ ਕਿਸ ਤਰੀਕੇ ਨਾਲ ਆਮਦਨ ਵਧਦੀ ਜਾਂਦੀ ਹੈ। ਇਹ ਗੁਣਕ ਸੰਤੁਲਨ ਦੇ ਇਕ ਬਿੰਦੂ ਤੋਂ (ਨਿਵੇਸ਼ ਕਰਨ ਨਾਲ ਆਮਦਨ ਵਿਚ ਹੋਣ ਵਾਲੇ ਵਾਧੇ) ਦੂਸਰੇ ਬਿੰਦੂ ਤੱਕ ਪਹੁੰਚਣ ਬਾਰੇ ਤਾਂ ਦਸਦਾ ਹੈ ਪਰੰਤੂ ਸੰਤੁਲਨ ਇਕ ਬਿੰਦੂ ਤੋਂ ਦੂਸਰੇ ਤੱਕ ਪਹੁੰਚਣ ਦੀ ਪ੍ਰਕਿਰਿਆ ਵਿਚ ਹੋਣ ਵਾਲੀਆਂ ਤਬਦੀਲੀਆਂ ਸੰਬੰਧੀ ਕੁਝ ਨਹੀਂ ਦਸਦਾ। ਕੇਨਜ਼ ਦੇ ਇਸ ਸਿਧਾਂਤ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਦੇ ਕੁੱਝ ਅਰਥ ਸ਼ਾਸਤਰੀਆਂ, ਜਿਵੇਂ ਕਿ ਜੌਹਨਸਨ, ਐਕਲੇ (Ackley) ਆਦਿ ਨੇ ਕਿਹਾ ਕਿ ਕੇਨਜ ਨੇ ਸੰਤੁਲਨ ਦੇ ਇਕ ਬਿੰਦੂ ਤੋਂ ਦੂਸਰੇ ਬਿੰਦੂ ਤੱਕ ਪਹੁੰਚਣ ਵਿਚ ਲੱਗਣ ਵਾਲੇ ਸਮਾਂ-ਵਕਫ਼ਿਆਂ (time-lags) ਬਾਰੇ ਕੁਝ ਵੀ ਨਹੀਂ ਦੱਸਿਆ।

ਗਤੀਸ਼ੀਲ ਗੁਣਕ ਨਿਵੇਸ਼ ਕਰਨ ਕਰਕੇ ਅਤੇ ਆਮਦਨ ਵਿਚ ਹੋਏ ਵਾਧੇ ਵਿਚਲੇ ਵਕਫਿਆਂ ਦਾ ਅਧਿਐਨ ਕਰਦਾ ਹੈ। ਆਮ ਤੌਰ ਤੇ ਅਸੀਂ ਵੇਖਦੇ ਹਾਂ ਕਿ ਜਦੋਂ ਕਿਸੇ ਵਿਅਕਤੀ ਨੂੰ ਆਮਦਨ ਪ੍ਰਾਪਤ ਹੁੰਦੀ ਹੈ ਤਾਂ ਉਹ ਉਸਦਾ ਉਪਭੋਗ ਉਸੇ ਵਕਤ ਨਹੀਂ ਕਰ ਲੈਂਦਾ, ਪਰੰਤੂ ਹੌਲੀ ਹੌਲੀ ਕਰਦਾ ਰਹਿੰਦਾ ਹੈ, ਜਿਵੇਂ ਕਿ ਇਕ ਸਰਕਾਰੀ ਮੁਲਾਜ਼ਮ ਮਾਰਚ ਮਹੀਨੇ ਦੀ ਮਿਲੀ ਤਨਖਾਹ ਨੂੰ ਅਪਰੈਲ ਮਹੀਨੇ ਵਿਚ ਵਰਤਦਾ ਹੈ। ਸੋ ਵਰਤਮਾਨ ਸਮੇਂ ਦਾ ਉਪਭੋਗ ਇਸ ਤੋਂ ਪਹਿਲੇ ਸਮੇਂ (t-1) ਦੀ ਆਮਦਨ ਉੱਪਰ ਨਿਰਭਰ ਕਰਦਾ ਹੈ। ਇਸੇ ਤਰ੍ਹਾਂ ਨਿਵੇਸ਼ ਕਰਨ ਦੇ ਸਮੇਂ ਅਤੇ ਸਿੱਟੇ ਵਜੋਂ ਆਮਦਨ ਵਧਣ ਦੇ ਸਮੇਂ (Time-period) ਵਿਚ ਵੀ ਅੰਤਰ ਹੁੰਦਾ ਹੈ।


ਗਤੀਸ਼ੀਲ ਗੁਣਕ ਦੀ ਇਸ ਪ੍ਰਕਿਰਿਆ ਵਿਚ ਨਿਵੇਸ਼ ਇਕ ਵਾਰ ਨਹੀਂ ਸਗੋਂ ਵਾਰ-ਵਾਰ ਦਿੱਤੀ ਹੋਈ ਸਮਾਂ ਅਵਧੀ (ਵਕਫੇ) ਤੇ ਲਗਾਤਾਰ ਕਰਨਾ ਪੈਂਦਾ ਹੈ। ਇਥੇ MPC ਨੂੰ 0.5 ਮੰਨਿਆ ਗਿਆ ਹੈ। ਗਤੀਸ਼ੀਲ ਗੁਣਕ ਦੀ ਇਸ ਪ੍ਰਕਿਰਿਆ ਨੂੰ ਹੇਠਾਂ ਦਿੱਤੀ ਅਨੁਸੂਚੀ-2 ਰਾਹੀਂ ਦਰਸਾਇਆ ਗਿਆ ਹੈ।

(ਰੁ: ਕਰੋੜ)

| ਸਮਾਂ ਸਾਲਾਂ ਵਿਚ | ਨਿਵੇਸ਼ ਵਿਚ ਵਾਧਾ $\Delta I$ | ਉਪਭੋਗ ਵਿਚ ਵਾਧਾ $\Delta C$ | ਆਮਦਨ ਵਿਚ ਵਾਧਾ $\Delta Y$ |
|---|---|---|---|
| 0 | 0 | 0 | 0 |
| t+1 | 200 | 0 | 200 |
| t+2 | 200 | 100 | 200+100 |
| t+3 | 200 | 50 | 200+50 |
| t+4 | 200 | 25 | 200+25 |
| t+5 | 200 | 12.5 | 200+12.5 |
| ' | ' | ' | ' |
| ' | ' | ' | ' |
| t+n | 200 | 200 | 400 |

*ਇਸ ਅਨੁਸੂਚੀ ਤੋਂ ਪਤਾ ਚਲਦਾ ਹੈ ਕਿ ਜਦੋਂ ਇਕ ਅਰਥ-ਵਿਵਸਥਾ ਦੀ ਪਹਿਲੇ ਸਾਲ* (t+1) *ਵਿਚ ਕੁੱਲ ਆਮਦਨ* 200 *ਕਰੋੜ ਰੁ: ਹੈ ਤਾਂ ਇਸ ਤੋਂ ਅਗਲੇ ਸਾਲ* (t+3) *ਵਿਚ ਉਪਭੋਗ* 100 *ਕਰੋੜ ਰੁ: ਦੇ ਬਰਾਬਰ ਕੀਤਾ ਜਾਂਦਾ ਹੈ, ਤਾਂ ਆਮਦਨ ਵਿੱਚ ਵਾਧਾ 100 ਕਰੋੜ ਰੁ: ਦਾ ਹੁੰਦਾ ਹੈ। ਇਸੇ ਤਰ੍ਹਾਂ ਜਦੋਂ* (t+2) *ਸਾਲ ਵਿਚ ਕੁੱਲ ਆਮਦਨ ਵਿਚ ਵਾਧਾ* 50 *ਕਰੋੜ ਰੁ: ਦਾ ਹੁੰਦਾ ਹੈ ਤਾਂ ਉਸ ਤੋਂ ਅਗਲੇ ਸਾਲ* (t+4) *ਵਿਚ ਉਪਭੋਗ ਵਿਚ ਵਾਧਾ* 25 *ਕਰੋੜ ਰੁ: ਦਾ ਹੋਵੇਗਾ। ਇਸ ਤਰ੍ਹਾਂ ਇਹ ਪ੍ਰਕਿਰਿਆ ਦਿੱਤੀ ਸਮਾਂ-ਅਵਧੀ ਅਨੁਸਾਰ ਚਲਦੀ ਰਹਿੰਦੀ ਹੈ, ਜਦੋਂ ਤੱਕ ਸਤੁੰਲਨ ਉੱਚੇ ਪੱਧਰ ਤੇ ਸਥਾਪਤ ਨਹੀਂ ਹੋ ਜਾਂਦਾ। ਭਾਵ ਨਿਵੇਸ਼ ਵਿਚ ਵਾਧਾ* ($\Delta I$) *ਮੁੜ ਕੇ ਉਪਭੋਗ ਵਿਚ ਵਾਧੇ* ($\Delta C$) *ਦੇ ਬਰਾਬਰ ਨਹੀਂ ਹੋ ਜਾਂਦਾ ਅਤੇ ਆਮਦਨ* ($\Delta Y$) *ਵਧਕੇ ਪਹਿਲਾਂ ਨਾਲੋਂ ਦੁੱਗਣੀ ਨਹੀਂ ਹੋ ਜਾਂਦੀ।*

*ਗਤੀਸ਼ੀਲ ਗੁਣਕ ਪ੍ਰਕਿਰਿਆ ਨੂੰ ਰੇਖਾ-ਚਿੱਤਰ ਦੁਆਰਾ ਵੀ ਵਿਖਾਇਆ ਜਾ ਸਕਦਾ ਹੈ। ਜਿਵੇਂ ਕਿ ਰੇਖਾ-ਚਿੱਤਰ ਨੰ:* 2 *ਵਿਚ ਵਿਖਾਇਆ ਗਿਆ ਹੈ।*




**ਰੇਖਾ ਚਿੱਤਰ-2**

*ਰੇਖਾ ਚਿੱਤਰ-2 ਦੇ* OX *ਧੁਰੇ ਉਪਰ ਕੁੱਲ ਆਮਦਨ ਨੂੰ (ਕਰੋੜ ਰੁ:) ਦਰਸਾਇਆ ਗਿਆ ਹੈ ਅਤੇ* OY *ਧੁਰੇ ਉੱਪਰ ਉਪਭੋਗ* (C), *ਨਿਵੇਸ਼* (I) *ਅਤੇ ਬੱਚਤਾਂ* (S) *ਨੂੰ ਦਰਸਾਇਆ ਗਿਆ ਹੈ।* C *ਵਕਰ ਸ਼ੁਰੂ ਦੇ ਉਪਭੋਗ ਨੂੰ ਦਰਸਾਉਂਦੀ ਹੈ ਅਤੇ* C+I *ਵਕਰ ਕੁੱਲ ਮੰਗ ਨੂੰ ਦਰਸਾਉਂਦੀ ਹੈ। ਕੁੱਲ ਪੂਰਤੀ* 45° *ਰੇਖਾ ਦੁਆਰਾ ਦਰਸਾਈ ਗਈ ਹੈ। ਰੇਖਾ-ਚਿੱਤਰ ਵਿਚ ਜਿੱਥੇ ਕੁੱਲ ਮੰਗ* (C+I) *ਅਤੇ ਕੁੱਲ ਪੂਰਤੀ* (45° *ਰੇਖਾ) ਇਕ ਦੂਜੇ ਦੇ ਬਰਾਬਰ ਹਨ, ਭਾਵ ਬਿੰਦੂ* E *ਸੰਤੁਲਨ ਬਿੰਦੂ ਨੂੰ ਦਰਸਾਉਂਦਾ ਹੈ। ਹੁਣ ਜੇਕਰ ਹੋਰ ਨਿਵੇਸ਼* ($\Delta I$) *ਕਰਨ ਨਾਲ ਕੁੱਲ ਮੰਗ ਵੱਧ ਕੇ* $C+I+\Delta I$ *ਵਕਰ ਉੱਪਰ ਪਹੁੰਚ ਜਾਂਦੀ ਹੈ ਤਾਂ ਇਥੇ ਮੰਗ ਵਕਰ ਅਤੇ ਪੂਰਤੀ ਵਕਰ ਬਿੰਦੂ* $E_n$ *ਉਪਰ ਇੱਕ ਦੂਜੇ ਦੇ ਬਰਾਬਰ ਹਨ ਅਤੇ ਬਿੰਦੂ* $E_n$ *ਨਵੇਂ ਅਤੇ ਉੱਚੇ ਸੰਤੁਲਨ ਦਾ ਬਿੰਦੂ ਹੈ। ਪਰੰਤੂ* E *ਤੋਂ* $E_n$ *ਬਿੰਦੂ ਤੱਕ ਜਾਣ ਲਈ ਕਈ ਪੜਾਵਾਂ ਵਿਚੋਂ ਲੰਘਣਾ ਪੈਂਦਾ ਹੈ। ਚਿੱਤਰ ਤੋਂ ਸਾਫ ਪਤਾ ਲਗਦਾ ਹੈ ਕਿ ਨਿਵੇਸ਼ ਵਿਚ ਵਾਧਾ ਹੋਣ ਨਾਲ ਅਰਥ-ਵਿਵਸਥਾ ਮੁਢਲੇ ਸੰਤੁਲਨ* E *ਤੋਂ ਉੱਚੀ ਆਮਦਨ ਵਾਲੇ ਸੰਤੁਲਨ* $E_1$ *ਤੇ ਪਹੁੰਚ ਜਾਂਦੀ ਹੈ। ਇਸ ਤੋਂ ਬਾਅਦ ਸੰਤੁਲਨ ਬਿੰਦੂ* $E_2, E_3\ldots$ *ਆਦਿ ਵਿਚੋਂ (ਹਰ ਨਵੇਂ ਗੇੜ ਰਾਹੀਂ) ਦੀ ਲੰਘਦੀ ਹੋਈ ਅੰਤ ਨੂੰ ਸੰਤੁਲਨ ਬਿੰਦੂ* $E_n$ *ਉੱਪਰ ਪਹੁੰਚ ਜਾਂਦੀ ਹੈ। ਇਸ ਤੋਂ ਪਤਾ ਚਲਦਾ ਹੈ ਕਿ ਨਿਵੇਸ਼ ਵਿਚ ਵਾਧਾ* ($\Delta I$) *ਹੋਣ ਨਾਲ ਆਮਦਨ ਵਿਚ ਦੁੱਗਣਾ ਵਾਧਾ* ($Y_0 Y_n$) *ਹੋ ਜਾਂਦਾ*

ਹੈ ਕਿਉਂਕਿ ਅਸੀਂ MPC $\frac{1}{2}$ (0.5) ਮੰਨੀ ਹੈ। ਪਰੰਤੂ ਇਹ ਵਾਧਾ ਵੱਖ ਵੱਖ ਪੜ੍ਹਾਵਾਂ ($Y_0$ $Y_1$, $Y_1$ $Y_2$, $Y_2 \ldots Y_n$) ਦੁਆਰਾ ਵਿਖਾਇਆ ਗਿਆ ਹੈ।

**1.6.3.2.3 ਗੁਣਕ ਦੀਆਂ ਮਾਨਤਾਵਾਂ (Assumptions of the Multiplier) :**

ਕੇਨਜ਼ ਨੇ ਗੁਣਕ ਦੀ ਧਾਰਨਾ ਦੀ ਕਾਰਜਸ਼ੀਲਤਾ ਨੂੰ ਦਰਸਾਉਣ ਲਈ ਹੇਠ ਲਿਖੀਆਂ ਕੁੱਝ ਮਨੌਤਾਂ ਲਈਆਂ ਹਨ।

(i) ਆਮਦਨ ਦੀ ਪ੍ਰਾਪਤੀ ਅਤੇ ਉਸਦੇ ਖਰਚ ਵਿੱਚ ਕੋਈ ਸਮਾਂ ਅਵਧੀ (ਘਾਪਾ) (Time-lag) ਨਹੀਂ ਹੈ।

(ii) ਗੁਣਕ ਦੀ ਸਾਰੀ ਪ੍ਰਕਿਰਿਆ ਦੌਰਾਨ ਸੀਮਾਂਤ ਉਪਭੋਗ ਪ੍ਰਵਿਰਤੀ ਸਥਿਰ ਰਹਿੰਦੀ ਹੈ।

(iii) ਅਰਥ-ਵਿਵਸਥਾ ਵਿਚ ਕੋਈ ਵੀ ਪ੍ਰੇਰਿਤ ਨਿਵੇਸ਼ (Induced Investment) ਨਹੀਂ ਹੁੰਦਾ ਹੈ।

(iv) ਸਰਕਾਰ ਵੱਲੋਂ ਅਰਥ-ਵਿਵਸਥਾ ਵਿਚ ਕੋਈ ਦਖ਼ਲ-ਅੰਦਾਜ਼ੀ ਨਹੀਂ ਹੁੰਦੀ, ਜਿਵੇਂ ਕਿ ਅਨੁਦਾਨ (subsidy), ਟੈਕਸ, ਖ਼ਰਚ ਆਦਿ।

(v) ਉਪਭੋਗੀ ਵਸਤੂਆਂ ਦਾ ਉਤਪਾਦਨ ਪ੍ਰਭਾਵੀ ਮੰਗ ਦੇ ਅਨੁਕੂਲ (responsive) ਹੁੰਦਾ ਹੈ।

(vi) ਅਰਥ ਵਿਵਸਥਾ ਨੂੰ ਬੰਦ (closed) ਮੰਨਿਆ ਗਿਆ ਹੈ, ਭਾਵ ਕੋਈ ਵਿਦੇਸ਼ੀ ਲੈਣ ਦੇਣ ਨਹੀਂ ਹੁੰਦਾ।

(vii) ਨਵੇਂ ਕੀਤੇ ਗਏ ਨਿਵੇਸ਼ ਦਾ ਉੱਚਾ (Higher) ਪੱਧਰ ਉਤਨਾ ਚਿਰ ਤੱਕ ਬਣਾਈ ਰੱਖਿਆ ਜਾਂਦਾ ਹੈ ਜਿਤਨੀ ਦੇਰ ਤੱਕ (adjustment) ਪ੍ਰਕਿਰਿਆ ਪੂਰੀ ਨਹੀਂ ਹੋ ਜਾਂਦੀ।

(viii) ਉਪਭੋਗ ਕੇਵਲ ਆਮਦਨ ਤੇ ਹੀ ਨਿਰਭਰ ਕਰਦਾ ਹੈ।

(ix) ਉਪਭੋਗੀ ਵਸਤੂਆਂ ਪੈਦਾ ਕਰਨ ਵਾਲੇ ਉਦਯੋਗਾਂ ਵਿਚ ਵਾਧੂ ਸਮਰੱਥਾ (Excess capacity) ਬਣੀ ਰਹਿੰਦੀ ਹੈ ਤਾਂ ਕਿ ਆਮਦਨ ਦੇ ਵਧਣ ਤੇ ਉਪਭੋਗੀ ਵਸਤੂਆਂ ਦੀ ਮੰਗ ਨੂੰ ਪੂਰਾ ਕੀਤਾ ਜਾ ਸਕੇ।

(x) ਅਰਥ-ਵਿਵਸਥਾ ਵਿਚ ਸੰਤੁਲਨ ਪੂਰਣ ਰੁਜ਼ਗਾਰ ਤੋਂ ਘੱਟ ਦੀ ਸਥਿਤੀ ਉੱਪਰ ਬਣਿਆ ਹੁੰਦਾ ਹੈ।

**ਸਵੈ ਅਧਿਐਨ ਪ੍ਰਸ਼ਨ**

1 ਗੁਣਕ ਦੀ ਪਰਿਭਾਸ਼ਾ ਦਿਓ।

2 ਗੁਣਕ ਦੇ ਉਦੇਸ਼ ਬਾਰੇ ਲਿਖੋ।

3 ਗਤੀਸ਼ੀਲ ਗੁਣਕ ਬਾਰੇ ਦੱਸੋ।

**1.6.3.3 ਗੁਣਕ ਦੇ ਛੇਕ (ਨਿਕਾਸ) (Leakages of Multiplier) :**

ਅਸੀਂ ਜਾਣਦੇ ਹਾਂ ਕਿ ਆਮਦਨ ਵਿਚ ਹੋਏ ਕੁੱਲ ਵਾਧੇ ਨੂੰ ਨਾ ਤਾਂ ਉਪਭੋਗ ਉੱਪਰ ਖਰਚ ਕੀਤਾ ਜਾਂਦਾ ਹੈ ਅਤੇ ਨਾ ਹੀ ਬਚਾ ਲਿਆ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਆਮਦਨ-ਪ੍ਰਵਾਹ (Income-stream) ਵਿਚੋਂ ਕੁੱਝ ਨਾ ਕੁੱਝ (ਪੈਸਾ) ਬਾਹਰ ਨਿੱਕਲ (ਛੇਕ ਹੋਣ ਕਾਰਨ) ਜਾਂਦਾ ਹੈ ਜਿਸ ਕਰਕੇ ਆਮਦਨ ਵਧਣ ਦੀ ਪ੍ਰਕਿਰਿਆ ਹੌਲੀ ਹੌਲੀ ਚੱਲਣ ਲਗਦੀ ਹੈ। ਇਨ੍ਹਾਂ ਵਿਚੋਂ ਕੁੱਝ ਮਹੱਤਵਪੂਰਨ ਨਿਕਾਸ ਹੇਠ ਲਿਖੇ ਹਨ।

**(i) ਬੱਚਤ** (Savings) : ਬੱਚਤ ਕੁੱਲ ਆਮਦਨ ਪ੍ਰਕ੍ਰਿਆ ਵਿੱਚ ਇੱਕ ਬਹੁਤ ਹੀ ਮਹੱਤਵਪੂਰਨ ਨਿਕਾਸ ਹੈ। ਕਿਉਂਕਿ ਸੀਮਾਂਤ ਉਪਭੋਗ ਪ੍ਰਵਿਰਤੀ ਇੱਕ ਤੋਂ ਘੱਟ ਹੁੰਦੀ ਹੈ ਇਸ ਲਈ ਆਮਦਨ ਵਿਚ ਹੋਇਆ ਕੁੱਲ ਵਾਧਾ ਉਪਭੋਗ ਉੱਪਰ ਖ਼ਰਚ ਨਹੀਂ ਹੁੰਦਾ। ਇਸ ਦਾ ਇਕ ਭਾਗ, ਜੋ ਬਚਾ ਲਿਆ ਜਾਂਦਾ ਹੈ, ਉਹ ਆਮਦਨ ਪ੍ਰਵਾਹ ਵਿਚੋਂ ਬਾਹਰ ਨਿੱਕਲ (ਨਿਕਾਸ) ਜਾਂਦਾ ਹੈ, ਜਿਸ ਕਾਰਨ ਅਗਲੇ ਗੇੜ ਵਿਚ ਆਮਦਨ ਵਿਚ ਹੋਣ ਵਾਲਾ ਵਾਧਾ ਘੱਟ ਜਾਂਦਾ ਹੈ। ਅਸਲ

ਵਿਚ ਸੀਮਾਂਤ ਬੱਚਤ ਪ੍ਰਵਿਰਤੀ (ਘੱਟ ਸੀਮਾਂਤ ਉਪਭੋਗ ਪ੍ਰਵਿਰਤੀ) ਜਿਤਨੀ ਜ਼ਿਆਦਾ ਹੋਵੇਗੀ ਗੁਣਕ ਦਾ ਆਕਾਰ ਉਤਨਾ ਹੀ ਘੱਟ ਹੋਵੇਗਾ ਅਤੇ ਆਮਦਨ ਵਾਧੇ ਦੀ ਪ੍ਰਕਿਰਿਆ ਵਿਚੋਂ ਉਤਨੀ ਹੀ ਨਿਕਾਸ ਦੀ ਮਾਤਰਾ ਵੱਧ ਹੋਵੇਗੀ।

**(ii) ਆਯਾਤ** (Imports) : ਜੇ ਕਿਸੇ ਅਰਥ ਵਿਵਸਥਾ ਦੀ ਆਯਾਤ ਨਿਰਯਾਤ (Exports) ਨਾਲੋਂ ਜ਼ਿਆਦਾ ਹੋਵੇ ਤਾਂ ਨਿਵੇਸ਼ ਕਰਨ ਕਰਕੇ ਵਧੀ ਹੋਈ ਆਮਦਨ ਦਾ ਇੱਕ ਭਾਗ ਦੂਸਰੇ ਮੁਲਕਾਂ ਨੂੰ ਚਲਾ ਜਾਵੇਗਾ ਜਿਸ ਕਾਰਨ ਅਗਲੇ ਗੇੜ (ਪ੍ਰਵਾਹ) ਵਿੱਚ ਨਿਵੇਸ਼ ਘੱਟ ਜਾਵੇਗਾ ਅਤੇ ਕੁੱਲ ਆਮਦਨ ਵੀ ਘੱਟ ਜਾਵੇਗੀ। ਪਰੰਤੂ ਇਹ ਗੱਲ ਤਾਂ ਹੀ ਠੀਕ ਹੋਵੇਗੀ ਜੇਕਰ ਇਕ ਮੁਲਕ ਦੀ ਆਯਾਤ ਦੁਆਰਾ ਬਾਹਰ ਗਿਆ ਧਨ ਉਸਦੀ ਨਿਰਯਾਤ ਉੱਪਰ ਵਿਦੇਸ਼ੀ ਮੁਲਕ/ਮੁਲਕਾਂ ਵੱਲੋਂ ਦੁਆਰਾ ਖ਼ਰਚ ਨਾ ਕੀਤਾ ਜਾਵੇ।

**(iii) ਪੁਰਾਣੇ ਸਟਾਕ ਅਤੇ ਸਕਿਉਰਟੀਆਂ ਦੀ ਖ਼ਰੀਦ** (Purchase of Old Stocks and Securities) : ਜੇ ਕਿਸੇ ਅਰਥ-ਵਿਵਸਥਾ ਵਿਚ ਪੁਰਾਣੇ ਸਟਾਕਾਂ ਅਤੇ ਸਕਿਊਰਟੀਆਂ ਦੀ ਖਰੀਦ ਵਧੇਰੇ ਕੀਤੀ ਜਾਂਦੀ ਹੈ ਤਾਂ ਨਵੀਂ ਆਮਦਨ ਪੈਦਾ ਨਹੀਂ ਹੁੰਦੀ, ਜਿਸ ਨਾਲ ਉਪਭੋਗ ਖ਼ਰਚ ਵਿਚ ਵਾਧਾ ਹੋਵੇ। ਇਸ ਤਰ੍ਹਾਂ ਕੀਤਾ ਗਿਆ ਖ਼ਰਚ ਨਿਵੇਸ਼ ਨੂੰ ਨਹੀਂ ਵਧਾਉਂਦਾ ਅਤੇ ਸਿੱਟੇ ਵਜੋਂ ਆਮਦਨ ਪ੍ਰਵਾਹ ਘਟਣ ਲੱਗ ਜਾਂਦਾ ਹੈ।

**(iv) ਕਰਜ਼ਿਆਂ ਦਾ ਭੁਗਤਾਨ** (Debt Cancellation) : ਜੇਕਰ ਆਮਦਨ ਵਿਚ ਹੋਏ ਵਾਧੇ ਦਾ ਇਕ ਭਾਗ ਬੈਂਕਾਂ ਅਤੇ ਸ਼ਾਹੂਕਾਰਾਂ ਆਦਿ ਤੋਂ ਲਏ ਕਰਜ਼ਿਆਂ ਦੇ ਵਾਪਸ ਕਰਨ ਲਈ ਵਰਤਿਆ ਜਾਂਦਾ ਹੈ, ਜੋ ਕਿ ਅੱਗੇ ਇਸ ਰਕਮ ਦਾ ਨਿਵੇਸ਼ ਨਹੀਂ ਕਰਦੇ, ਤਾਂ ਵੀ ਇਹ ਵਾਪਸ ਕੀਤੀ ਰਕਮ ਆਮਦਨ ਪ੍ਰਵਾਹ ਵਿਚੋਂ ਬਾਹਰ ਨਿੱਕਲ (ਨਿਕਾਸ) ਜਾਂਦੀ ਹੈ ਅਤੇ ਗੁਣਕ ਦਾ ਆਕਾਰ ਘੱਟ ਹੋ ਜਾਂਦਾ ਹੈ।

**(v) ਜਮ੍ਹਾਂਖੋਰੀ** (Hoarding) : ਸਮਾਜ ਵਿਚ ਬਹੁਤ ਸਾਰੇ ਲੋਕਾਂ ਦੀ ਨਕਦੀ ਨੂੰ ਬੇਮਤਲਬ ਹੀ ਆਪਣੇ ਕੋਲ ਜਮ੍ਹਾਂ ਕਰ ਕੇ ਰੱਖਣ ਦੀ ਪ੍ਰਵਿਰਤੀ ਹੁੰਦੀ ਹੈ। ਜਿਸ ਅਰਥ ਵਿਵਸਥਾ ਵਿਚ ਲੋਕਾਂ ਦੀ ਨਕਦ ਮੁਦਰਾ (Liquid money) ਨੂੰ ਆਪਣੇ ਕੋਲ ਜਮ੍ਹਾਂ ਕਰ ਕੇ ਰੱਖਣ ਦੀ ਪ੍ਰਵਿਰਤੀ ਬਹੁਤ ਜ਼ਿਆਦਾ ਹੋਵੇ ਤਾਂ ਇਸ ਕਾਰਨ ਅਰਥ-ਵਿਵਸਥਾ ਵਿਚ ਕੁੱਲ ਉਪਭੋਗ ਤੇ ਖਰਚ ਘੱਟ ਹੋ ਜਾਵੇਗਾ। ਇਸ ਤਰ੍ਹਾਂ ਉਪਭੋਗ ਤੇ ਖ਼ਰਚ ਘੱਟ ਹੋਣ ਕਾਰਨ ਗੁਣਕ ਦਾ ਆਕਾਰ ਘੱਟ ਜਾਵੇਗਾ ਅਤੇ ਕੁੱਲ ਆਮਦਨ ਵਿਚ ਵੀ ਵਾਧਾ ਘੱਟ ਹੋਵੇਗਾ। ਸੋ ਜਮ੍ਹਾਂਖੋਰੀ ਵੀ ਗੁਣਕ ਦਾ ਇਕ ਮਹੱਤਵਪੂਰਨ ਨਿਕਾਸ ਹੈ।

**(vi) ਕੀਮਤਾਂ ਵਿਚ ਵਾਧਾ** (Increase in Prices) : ਜਦੋਂ ਤੱਕ ਕਿਸੇ ਦੇਸ਼ ਵਿਚ ਪੂਰਨ-ਰੁਜ਼ਗਾਰ ਦੀ ਸਥਿਤੀ ਨਹੀਂ ਹੁੰਦੀ ਤਦ ਤੱਕ ਤਾਂ ਨਿਵੇਸ਼ ਕਰਨ ਨਾਲ ਅਸਲ ਆਮਦਨ ਵਿਚ ਵੀ ਵਾਧਾ ਹੁੰਦਾ ਰਹਿੰਦਾ ਹੈ। ਪਰੰਤੂ ਜੇ ਪੂਰਨ ਰੁਜ਼ਗਾਰ ਦੀ ਸਥਿਤੀ ਤੋਂ ਬਾਅਦ ਵੀ ਨਿਵੇਸ਼ ਵਿਚ ਵਾਧਾ ਹੁੰਦਾ ਰਹੇ ਤਾਂ ਉਤਪਾਦਨ ਕਰਨ ਵਾਲੀਆਂ ਕੰਪਨੀਆਂ ਵਿਚ ਸਾਧਨਾਂ ਦੀ ਪ੍ਰਾਪਤੀ ਲਈ ਮੁਕਾਬਲਾ ਵਧ ਜਾਵੇਗਾ, ਜਿਸ ਕਾਰਨ ਉਤਪਾਦਨ ਦੇ ਸੀਮਤ ਸਾਧਨਾਂ ਦੀਆਂ ਕੀਮਤਾਂ ਵੀ ਵਧ ਜਾਣਗੀਆਂ, ਜਿਸ ਕਰਕੇ ਉਤਪਾਦਨ ਦੀਆਂ ਕੀਮਤਾਂ ਵੀ ਵਧ ਜਾਣਗੀਆਂ। ਸਿੱਟੇ ਵਜੋਂ ਲੋਕਾਂ ਦਾ ਮੁਦਰਿਕ ਖਰਚ ਭਾਵੇਂ ਵੱਧ ਜਾਵੇ ਪਰ ਅਸਲ ਉਪਭੋਗ (Real consumption) ਵਿਚ ਵਾਧਾ ਨਹੀਂ ਹੁੰਦਾ। ਸੋ ਉਪਭੋਗ ਉੱਪਰ ਘੱਟ ਖਰਚ ਹੋਣ ਨਾਲ ਗੁਣਕ ਦਾ ਮੁੱਲ (ਆਕਾਰ) ਵੀ ਘੱਟ ਹੋਵੇਗਾ।

### 1.6.3.4 ਸੀਮਾਵਾਂ (Limitations)

ਕੇਨਜ਼ ਵੱਲੋਂ ਦਿਤੀ ਗਈ ਗੁਣਕ ਦੀ ਧਾਰਨਾ ਨੂੰ ਸਿਧਾਂਤਕ (Ideal) ਤੌਰ ਤੇ ਵੇਖਿਆਂ ਤਾਂ ਇਹ ਬਹੁਤ ਠੀਕ ਲੱਗਦੀ ਹੈ ਪਰੰਤੂ ਜਦੋਂ ਇਸ ਨੂੰ ਅਮਲੀ (empirically) ਤੌਰ ਤੇ ਸਮਾਜ ਵਿਚ ਲਾਗੂ ਕਰਨ ਦੀ ਲੋੜ ਪੈਂਦੀ ਹੈ ਤਾਂ ਇਸ ਨੂੰ ਲਾਗੂ ਕਰਨ ਦੀਆਂ ਕਈ ਸੀਮਾਵਾਂ ਹਨ। ਇਨ੍ਹਾਂ ਵਿਚੋਂ ਕੁੱਝ ਮਹੱਤਵਪੂਰਨ ਸੀਮਾਵਾਂ ਹੇਠ ਲਿਖੀਆਂ ਹਨ।

**(i) ਨਿਵੇਸ਼ ਵਿੱਚ ਲਗਾਤਾਰਤਾ** (Maintenance of Investment) : ਗੁਣਕ ਦੇ ਪੱਧਰ (ਮੁੱਲ) ਵਿਚ ਵਾਧਾ ਕਰਨ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਨਿਵੇਸ਼ ਨੂੰ ਮੁੜ-ਮੁੜ ਨਿਸ਼ਚਿਤ ਅਰਸਿਆਂ ਦੌਰਾਨ ਕੀਤਾ ਜਾਵੇ। ਇਸ ਤਰ੍ਹਾਂ ਕਰਨ ਨਾਲ ਹੀ ਰਾਸ਼ਟਰੀ ਆਮਦਨ ਦੇ ਪੱਧਰ ਨੂੰ ਉੱਚਾ ਰੱਖਿਆ ਜਾ ਸਕਦਾ ਹੈ। ਜਦੋਂ ਇਕ ਵਾਰ ਖਾਸ ਮਾਤਰਾ ਵਿਚ ਨਿਵੇਸ਼ ਕੀਤਾ ਜਾਂਦਾ ਹੈ ਤਾਂ ਗੁਣਕ ਦੀ ਪ੍ਰਕਿਰਿਆ ਰਾਹੀਂ ਆਮਦਨ ਵਿਚ ਵਾਧਾ ਹੋ ਜਾਂਦਾ ਹੈ। ਹੁਣ ਜੇ ਰਾਸ਼ਟਰੀ ਆਮਦਨ ਦੇ ਪੱਧਰ ਨੂੰ ਲਗਾਤਾਰ ਵਧਾਉਣਾ ਹੈ, ਤਾਂ ਸਾਨੂੰ ਮੁੜ ਮੁੜ ਨਿਵੇਸ਼ ਕਰਨਾ ਪਵੇਗਾ, ਕਿਉਂਕਿ ਪਹਿਲੀ ਵਾਰ

*ਕੀਤੇ ਨਿਵੇਸ਼ ਦਾ ਤਾਂ ਆਮਦਨ ਵਧਾਉਣ ਦੀ ਪ੍ਰਕ੍ਰਿਆ ਪੂਰੀ ਹੋ ਚੁੱਕੀ ਹੈ।*

**(ii) *ਉਪਭੋਗੀ ਵਸਤੂਆਂ ਦੀ ਉਪਲਬੱਧੀ*** (Availability of Consumer Goods) : *ਨਿਵੇਸ਼ ਕਰਨ ਨਾਲ ਆਮਦਨ ਤਾਂ ਵੱਧ ਜਾਂਦੀ ਹੈ, ਪਰੰਤੂ ਜੇਕਰ ਮੰਡੀ ਵਿਚ ਲੋਕਾਂ ਦੁਆਰਾ ਉਸ ਆਮਦਨ ਨੂੰ ਖਰਚਣ ਲਈ ਉਪਭੋਗੀ ਵਸਤੂਆਂ ਦੀ ਬਹੁਤ ਘਾਟ ਹੋਵੇ ਤਾਂ ਆਮਦਨ ਦਾ ਪੱਧਰ ਅਤੇ ਗੁਣਕ ਦਾ ਆਕਾਰ (ਮੁੱਲ) ਦੋਵੇਂ ਹੀ ਘਟ ਹੋਣਗੇ।*

**(iii) *ਗੁਣਕ ਲਈ ਸਮਾਂ ਅਵਧੀ*** (Multiplier Period) : *ਜਦੋਂ ਇਕ ਖਾਸ ਮਾਤਰਾ ਵਿਚ ਨਿਵੇਸ਼ ਕੀਤਾ ਜਾਂਦਾ ਹੈ ਤਾਂ ਉਸ ਨਾਲ ਆਮਦਨ ਇਕਦਮ ਨਹੀਂ ਵਧ ਜਾਂਦੀ। ਨਿਵੇਸ਼ ਦੇ ਪਹਿਲੇ ਗੇੜ ਵਿਚ ਆਮਦਨ ਵਧਦੀ ਹੈ। ਇਸ ਵਧੀ ਹੋਈ ਆਮਦਨ ਵਿਚੋਂ ਜੋ ਭਾਗ ਬਚਦਾ ਹੈ ਉਸ ਨੂੰ ਫਿਰ ਅੱਗੇ ਨਿਵੇਸ਼ ਕਰ ਦਿੱਤਾ ਜਾਂਦਾ ਹੈ। ਇਕ ਗੇੜ ਤੋਂ ਬਾਅਦ ਦੂਜਾ ਗੇੜ, ਫਿਰ ਤੀਜਾ ਗੇੜ...ਆਦਿ। ਸੋ ਵੱਖ ਵੱਖ ਗੇੜਾਂ (ਚੱਕਰਾਂ) ਤੋਂ ਬਾਅਦ ਹੀ ਸ਼ੁਰੂ ਵਿਚ ਕੀਤੇ ਨਿਵੇਸ਼ ਦੁਆਰਾ ਆਖਰੀ ਗੇੜ ਵਿਚ ਆਮਦਨ ਵਿਚ ਪੂਰਾ ਵਾਧਾ ਹੁੰਦਾ ਹੈ। ਇਸ ਤਰ੍ਹਾਂ ਨਿਵੇਸ਼ ਕਰਨ ਅਤੇ ਉਸ ਕਾਰਨ ਆਮਦਨ ਵਿਚ ਵਾਧੇ ਲਈ ਇਕ ਸਮੇਂ (ਅਰਸੇ)* (Time lag) *ਦੀ ਲੋੜ ਹੁੰਦੀ ਹੈ।*

**(iv) *ਪੂਰਨ ਰੁਜ਼ਗਾਰ ਦੀ ਸਥਿਤੀ*** (Full Employment) : *ਗੁਣਕ ਦਾ ਆਕਾਰ (ਮੁੱਲ) ਇਸ ਗੱਲ ਤੇ ਹੀ ਨਿਰਭਰ ਕਰਦਾ ਹੈ, ਕਿ ਅਰਥ-ਵਿਵਸਥਾ ਵਿਚ ਰੁਜ਼ਗਾਰ ਦਾ ਪੱਧਰ ਪੂਰਨ ਰੁਜ਼ਗਾਰ ਦੀ ਸਥਿਤੀ ਤੋਂ ਕਿਤਨਾ ਕੁ ਘੱਟ ਹੈ। ਜੇ ਦੇਸ਼ ਵਿਚ ਪੂਰਨ ਰੁਜ਼ਗਾਰ ਦੀ ਸਥਿਤੀ ਆ ਜਾਂਦੀ ਹੈ ਤਾਂ ਉਤਪਾਦਨ ਅਤੇ ਰੁਜ਼ਗਾਰ ਵੀ ਨਹੀਂ ਵਧਦੇ।*

**(v) *ਸ਼ੁੱਧ ਨਿਵੇਸ਼ ਦੀ ਦਿਸ਼ਾ*** (Direction of Net Investment) : *ਜੇ ਅਰਥ-ਵਿਵਸਥਾ ਦੇ ਕਿਸੇ ਇਕ ਖੇਤਰ ਵਿਚ ਤਾਂ ਨਿਵੇਸ਼ ਵਧਾ ਦਿੱਤਾ ਜਾਵੇ, ਪਰੰਤੂ ਕਿਸੇ ਹੋਰ ਖੇਤਰ ਵਿੱਚ ਘੱਟ ਕਰ ਦਿੱਤਾ ਜਾਵੇ ਤਾਂ ਵੀ ਗੁਣਕ ਦਾ ਮੁੱਲ ਘੱਟ ਹੀ ਰਹੇਗਾ। ਭਾਵ ਨਿਵੇਸ਼ ਕਰਨ ਨਾਲ ਕੁੱਲ ਆਮਦਨ ਵਿਚ ਵਾਧਾ ਬਹੁਤ ਘੱਟ ਹੋਵੇਗਾ।*

**(vi) *ਪ੍ਰੇਰਿਤ ਨਿਵੇਸ਼ ਦਾ ਉਪਭੋਗ ਉੱਪਰ ਪ੍ਰਭਾਵ*** (Effect of Induced Investment on Consumption) : *ਗੁਣਕ ਕੇਵਲ ਨਿਵੇਸ਼ ਕਰਨ ਨਾਲ ਉਪਭੋਗ ਉੱਪਰ ਅਤੇ ਫਿਰ ਆਮਦਨ ਉੱਪਰ ਪੈਂਦੇ ਪ੍ਰਭਾਵ ਨੂੰ ਹੀ ਵੇਖਦਾ ਹੈ। ਇਹ ਪ੍ਰੇਰਿਤ ਉਪਭੋਗ ਦੇ ਨਿਵੇਸ਼ ਉੱਪਰ ਪੈਂਦੇ ਪ੍ਰਭਾਵ ਨੂੰ ਨਹੀਂ ਵੇਖਦਾ। ਗੁਣਕ ਦਾ ਮੁੱਲ ਤਾਂ ਹੀ ਵਧੇਰੇ ਹੋਵੇਗਾ ਜੇਕਰ ਦੋਵੇਂ ਪ੍ਰਭਾਵਾਂ ਨੂੰ ਵੇਖਿਆ ਜਾਵੇ। ਉਪਭੋਗ ਦੇ ਨਿਵੇਸ਼ ਉੱਪਰ ਪੈਣ ਵਾਲੇ ਪ੍ਰਭਾਵ ਨੂੰ ਤਵਰਕ ਕਿਹਾ ਜਾਂਦਾ ਹੈ।*

**(vii) *ਸਥਿਰ ਕੀਮਤਾਂ*** (Constant Prices) : *ਗੁਣਕ ਪ੍ਰਕਿਰਿਆ ਦੌਰਾਨ ਉਤਪਾਦਨ ਦੇ ਸਾਧਨਾਂ (ਭਾਵ ਕੱਚੇ ਮਾਲ ਆਦਿ) ਦੀਆਂ ਕੀਮਤਾਂ ਅਤੇ ਖ਼ੁਦ ਉਤਪਾਦਨ ਦੀਆਂ ਕੀਮਤਾਂ ਨੂੰ ਸਥਿਰ ਮੰਨਿਆ ਗਿਆ ਹੈ। ਪਰੰਤੂ ਅਮਲੀ ਤੌਰ ਤੇ ਵਿਚਾਰਨ ਤੋਂ ਬਾਅਦ ਪਤਾ ਚਲਦਾ ਹੈ ਕਿ ਉਤਪਾਦਨ ਦੇ ਸਾਧਨਾਂ ਅਤੇ ਉਤਪਾਦਨ ਦੀਆਂ ਕੀਮਤਾਂ ਕਦੇ ਵੀ ਪੂਰੀ ਤਰ੍ਹਾਂ ਸਥਿਰ ਨਹੀਂ ਰਹਿੰਦੀਆਂ। ਇਸ ਤਰ੍ਹਾਂ ਕੇਨਜ਼ ਦੁਆਰਾ ਗੁਣਕ ਦੀ ਪ੍ਰਕਿਰਿਆ ਸੰਬੰਧੀ ਇਹ ਮਨੌਤ ਠੀਕ ਨਹੀਂ ਜਾਪਦੀ।*

### 1.6.3.5 *ਗੁਣਕ ਦਾ ਮਹੱਤਵ* (Importance of Multiplier)

*ਭਾਵੇਂ ਗੁਣਕ ਦੀ ਧਾਰਨਾ ਕੇਨਜ਼ ਤੋਂ ਆਰ. ਐਫ. ਕਾਨ੍ਹ ਨੇ ਸੜਕਾਂ ਬਨਾਉਣ ਸੰਬੰਧੀ ਦਿੱਤੀ ਸੀ ਪਰੰਤੂ ਕੇਨਜ਼ ਨੇ ਨਿਵੇਸ਼ ਕਰਨ ਨਾਲ ਆਮਦਨ ਵਿਚ ਹੋਣ ਵਾਲੇ ਵਾਧੇ ਲਈ ਵਰਤ ਕੇ ਇਸ ਧਾਰਨਾ ਨੂੰ ਅਰਥ-ਸ਼ਾਸਤਰ ਦੇ ਖੇਤਰ ਵਿੱਚ ਬਹੁਤ ਮਹੱਤਵਪੂਰਨ ਬਣਾ ਦਿੱਤਾ। ਗੁਣਕ ਆਰਥਿਕ ਸਿਧਾਂਤ ਅਤੇ ਨੀਤੀ ਬਨਾਉਣ ਲਈ ਬਹੁਤ ਹੀ ਮਹੱਤਤਾ ਰੱਖਦਾ ਹੈ। ਗੁਣਕ ਦੇ ਮਹੱਤਵ ਸੰਬੰਧੀ ਕੁੱਝ ਨੁਕਤੇ ਇਹ ਹਨ :*

**(i) *ਨਿਵੇਸ਼ ਨੂੰ ਮਹੱਤਤਾ*** : *ਇਹ ਗੁਣਕ ਹੀ ਹੈ ਜਿਸ ਦੁਆਰਾ ਇਹ ਦਰਸਾਇਆ ਜਾਂਦਾ ਹੈ ਕਿ ਨਿਵੇਸ਼ ਦੇ ਵਧਣ ਨਾਲ ਅਰਥ-ਵਿਵਸਥਾ ਵਿਚ ਆਮਦਨ ਅਤੇ ਰੁਜ਼ਗਾਰ ਦੋਹਾਂ ਵਿਚ ਹੀ ਵਾਧਾ ਹੁੰਦਾ ਹੈ। ਗੁਣਕ ਦੀ ਮਹੱਤਤਾ ਇਸ ਗੱਲ ਵਿਚ ਹੈ ਕਿ ਇਕ ਖਾਸ ਮਾਤਰਾ ਵਿਚ ਨਿਵੇਸ਼ ਕਰਨ ਨਾਲ ਆਮਦਨ ਉਸ ਤੋਂ ਕਈ ਗੁਣਾਂ ਵਧਦੀ ਹੈ। ਸੋ ਦੇਸ਼ ਵਿਚ ਆਮਦਨ ਅਤੇ ਰੁਜ਼ਗਾਰ ਨੂੰ ਵਧਾਉਣ ਵਿਚ ਗੁਣਕ ਨੇ ਨਿਵੇਸ਼ ਦੀ ਮਹੱਤਤਾ ਨੂੰ ਦਰਸਾਇਆ ਹੈ।*

**(ii) *ਸਰਕਾਰੀ ਆਰਥਿਕ ਨੀਤੀ*** : *ਜਦੋਂ ਕਿਸੇ ਦੇਸ਼ ਨੇ ਕੋਈ ਆਰਥਿਕ ਨੀਤੀ ਬਨਾਉਣੀ ਹੁੰਦੀ ਹੈ ਤਾਂ*

*ਗੁਣਕ ਬਹੁਤ ਹੀ ਮਹੱਤਵਪੂਰਨ ਹੁੰਦਾ ਹੈ। ਸਰਕਾਰ ਅਜਿਹੀ ਨੀਤੀ ਬਣਾਉਂਦੀ ਹੈ ਜਿਸ ਨਾਲ ਨਿਵੇਸ਼ ਕਰਨ ਨਾਲ ਗੁਣਕ ਰਾਹੀਂ ਆਮਦਨ ਵਿਚ ਕਈ ਗੁਣਾਂ ਵਾਧਾ ਹੋ ਜਾਵੇ। ਜਿਸ ਖੇਤਰ ਵਿਚ ਕਿਸੇ ਪ੍ਰੋਜੈਕਟ ਵਿੱਚ ਗੁਣਕ ਦਾ ਮੁੱਲ ਜ਼ਿਆਦਾ ਹੋਵੇਗਾ, ਭਾਵ ਉਸ ਪ੍ਰੋਜੈਕਟ ਵਿੱਚ ਨਿਵੇਸ਼ ਕਰਨ ਨਾਲ ਆਮਦਨ ਕਈ ਗੁਣਾਂ ਜ਼ਿਆਦਾ ਵਧੇਗੀ, ਸਰਕਾਰ ਉਸ ਖੇਤਰ ਵਿਚ ਨਿਵੇਸ਼ ਕਰਨ ਨੂੰ ਤਰਜੀਹ ਦੇਵੇਗੀ।*

**(iii) *ਵਪਾਰਕ ਚੱਕਰਾਂ ਦੌਰਾਨ*** *: ਪੂੰਜੀਵਾਦੀ ਅਰਥ-ਵਿਵਸਥਾਵਾਂ ਦਾ ਇਕ ਮਹੱਤਵਪੂਰਨ ਲੱਛਣ ਇਹ ਹੈ ਕਿ ਇਨ੍ਹਾਂ ਵਿਚ ਵਪਾਰਕ ਉਤਰਾਅ-ਚੜ੍ਹਾਅ ਆਉਂਦੇ ਰਹਿੰਦੇ ਹਨ। ਜਦੋਂ ਕਿਸੇ ਪੂੰਜੀਵਾਦੀ ਅਰਥ-ਵਿਵਸਥਾ ਵਿਚ ਬੇਹੱਦ ਉਤਪਾਦਨ ਪੈਦਾ ਹੋ ਜਾਂਦਾ ਹੈ ਤਾਂ ਇਹ ਸਾਰੇ ਦਾ ਸਾਰਾ ਉਤਪਾਦਨ ਮੰਡੀ ਵਿਚ ਨਹੀਂ ਵਿਕਦਾ, ਕਿਉਂਕਿ ਧਨ ਦੀ ਕਾਣੀ-ਵੰਡ ਕਾਰਨ ਬਹੁਤੇ ਲੋਕ ਗਰੀਬ ਹੁੰਦੇ ਹਨ ਅਤੇ ਉਨ੍ਹਾਂ ਕੋਲ ਬਜ਼ਾਰ ਵਿਚ ਆਈਆਂ ਵਸਤੂਆਂ ਨੂੰ ਖਰੀਦਣ ਲਈ ਪੈਸਾ ਨਹੀਂ ਹੁੰਦਾ ਜਿਸ ਕਰਕੇ ਮੰਡੀ ਵਿਚ ਅਣਵਿਕੀਆਂ ਵਸਤੂਆਂ ਦੇ ਢੇਰ ਲੱਗ ਜਾਂਦੇ ਹਨ। ਫੈਕਟਰੀਆਂ ਉਤਪਾਦਨ ਨਾ ਵਿਕਣ ਕਾਰਨ ਜਾਂ ਤਾਂ ਬੰਦ ਹੋ ਜਾਂਦੀਆਂ ਹਨ ਜਾਂ ਫਿਰ ਬਹੁਤ ਥੋੜ੍ਹਾ ਉਤਪਾਦਨ ਕਰਦੀਆਂ ਹਨ। ਸਿੱਟੇ ਵਜੋਂ ਅਰਥ ਵਿਵਸਥਾ ਵਿਚ ਉਤਪਾਦਨ (ਆਮਦਨ) ਅਤੇ ਰੁਜ਼ਗਾਰ ਘਟ ਜਾਂਦੇ ਹਨ ਜਿਸ ਨੂੰ ਮੰਦਵਾੜਾ ਕਿਹਾ ਜਾਂਦਾ ਹੈ। ਮੰਦਵਾੜੇ ਨੂੰ ਰੋਕਣ ਅਤੇ ਅਰਥ-ਵਿਵਸਥਾ ਨੂੰ ਸਹੀ ਰਾਹ ਉੱਪਰ ਤੋਰਨ ਲਈ ਗੁਣਕ ਦੀ ਬੇਹੱਦ ਮਹੱਤਤਾ ਹੁੰਦੀ ਹੈ।*

**(iv) *ਵਿਕਾਸ ਮਾਡਲਾਂ ਵਿੱਚ ਮਹੱਤਵ*** *: ਦੇਸ਼ ਦੇ ਵਿਕਾਸ ਲਈ ਕਈ ਤਰ੍ਹਾਂ ਦੇ ਆਰਥਿਕ ਮਾਡਲ ਬਣਾਏ ਜਾਂਦੇ ਹਨ ਜਿਨ੍ਹਾਂ ਵਿਚ ਗੁਣਕ ਦੀ ਮਹੱਤਤਾ ਹੁੰਦੀ ਹੈ, ਭਾਵ ਉਹੀ ਮਾਡਲ ਵੱਧ ਲਾਭਦਾਇਕ ਹੁੰਦੇ ਹਨ ਜਿਨ੍ਹਾਂ ਨੂੰ ਬਨਾਉਣ ਅਤੇ ਅਮਲੀ ਰੂਪ ਵਿਚ ਲਾਗੂ ਕਰਨ ਵਿੱਚ ਗੁਣਕ ਦਾ ਮੁੱਲ ਉੱਚਾ ਹੋਵੇ, ਭਾਵ ਨਿਵੇਸ਼ ਕਰਨ ਨਾਲ ਆਮਦਨ ਵਿਚ ਵਾਧਾ ਕਈ ਗੁਣਾਂ ਵੱਧ ਹੋ ਜਾਵੇ।*

**(v) *ਬੱਚਤ-ਨਿਵੇਸ਼ ਵਿਚ ਸਮਾਨਤਾ*** *: ਇਕ ਅਰਥ ਵਿਵਸਥਾ ਦੇ ਸੰਤੁਲਨ ਲਈ ਬੱਚਤ ਅਤੇ ਨਿਵੇਸ਼ ਵਿਚ ਸਮਾਨਤਾ ਜ਼ਰੂਰੀ ਹੁੰਦੀ ਹੈ। ਜੇ ਬੱਚਤ ਅਤੇ ਨਿਵੇਸ਼ ਵਿਚ ਅੰਤਰ ਆ ਜਾਂਦਾ ਹੈ ਤਾਂ ਨਿਵੇਸ਼ ਦੀ ਮਾਤਰਾ ਵਧਾ ਕੇ ਗੁਣਕ ਦੀ ਪ੍ਰਕਿਰਿਆ ਰਾਹੀਂ ਇਸ ਨਿਵੇਸ਼ ਦੀ ਮਾਤਰਾ ਤੋਂ ਆਮਦਨ ਕਈ ਗੁਣਾਂ ਵੱਧ ਜਾਂਦੀ ਹੈ ਜਿਸ ਨਾਲ ਅਗਲੇ ਗੇੜਾਂ ਵਿਚ ਨਿਵੇਸ਼ ਵੱਧ ਕੇ ਬੱਚਤ ਦੇ ਬਰਾਬਰ ਹੋ ਜਾਂਦਾ ਹੈ।*

**(vi) *ਪੂਰਨ ਰੁਜ਼ਗਾਰ ਦੀ ਪ੍ਰਾਪਤੀ*** *: ਕਿਸੇ ਦੇਸ਼ ਵਿਚ ਬੇਰੁਜ਼ਗਾਰੀ ਨੂੰ ਦੂਰ ਕਰਕੇ ਪੂਰਨ ਰੁਜ਼ਗਾਰ ਦੀ ਸਥਿਤੀ ਨੂੰ ਪ੍ਰਾਪਤ ਕਰਨ ਵਿਚ ਗੁਣਕ ਦਾ ਬਹੁਤ ਹੀ ਮਹੱਤਵ ਹੁੰਦਾ ਹੈ। ਪੂਰਨ-ਰੁਜ਼ਗਾਰ ਦੀ ਪ੍ਰਾਪਤੀ ਲਈ ਸਰਕਾਰ ਉਨ੍ਹਾਂ ਖੇਤਰਾਂ ਵਿਚ ਸਵੈ-ਇੱਛਤ* (Autonomous) *ਨਿਵੇਸ਼ ਕਰਦੀ ਹੈ ਜਿਨ੍ਹਾਂ ਵਿਚ ਗੁਣਕ ਦਾ ਮੁੱਲ ਬਹੁਤ ਉੱਚਾ ਹੋਵੇ। ਇਸ ਤਰ੍ਹਾਂ ਕਰਨ ਨਾਲ ਨਿਵੇਸ਼ ਤੋਂ ਕਈ ਗੁਣਾਂ ਵੱਧ ਆਮਦਨ ਪ੍ਰਾਪਤ ਹੋਣ ਨਾਲ ਰੁਜ਼ਗਾਰ ਵਿਚ ਵੀ ਵਾਧਾ ਹੁੰਦਾ ਹੈ।*

**(vii) *ਮੁਦਰਾ ਸਫ਼ੀਤੀ ਦਾ ਕੰਟਰੋਲ*** (Control of Inflation) : *ਗੁਣਕ ਮੁਦਰਾ ਸਫੀਤੀ ਨੂੰ ਕੰਟਰੋਲ ਕਰਨ ਵਿਚ ਬਹੁਤ ਮਹੱਤਤਾ ਰਖਦਾ ਹੈ। ਜਦੋਂ ਕੀਮਤਾਂ ਬਹੁਤ ਤੇਜ਼ੀ ਨਾਲ ਵਧ ਰਹੀਆਂ ਹੋਣ ਤਾਂ ਗੁਣਕ ਤੋਂ ਪਤਾ ਲਗਾਇਆ ਜਾ ਸਕਦਾ ਹੈ ਕਿ ਸਰਕਾਰ ਵੱਲੋਂ ਸਰਵਜਨਕ* (Public) *ਨਿਵੇਸ਼ ਨੂੰ ਘਟਾਉਣਾ ਚਾਹੀਦਾ ਹੈ ਤਾਂ ਜੋ ਦੇਸ਼ ਵਿਚ ਮੁਦਰਾ-ਨਿਵੇਸ਼ ਦੀ ਕਮੀ ਹੋਣ ਨਾਲ ਲੋਕਾਂ ਕੋਲ ਮੁਦਰਾ ਦੀ ਮਾਤਰਾ ਘੱਟ ਕੀਤੀ ਜਾ ਸਕੇ। ਭਾਵ ਪੈਸੇ ਦੀ ਕਮੀ ਹੋ ਜਾਣ ਤੇ ਲੋਕ ਵਸਤੂਆਂ ਦੀ ਮੰਗ ਘੱਟ ਕਰ ਕਰਨਗੇ ਅਤੇ ਕੀਮਤਾਂ ਘੱਟ ਜਾਣਗੀਆਂ।*

**1.6.4** *ਸਾਰਾਂਸ*

*ਭਾਵੇਂ ਗੁਣਕ ਦੀਆਂ ਸੀਮਾਵਾਂ ਬਾਰੇ ਅਸੀਂ ਪਹਿਲਾਂ ਵੀ ਪੜ੍ਹ ਚੁੱਕੇ ਹਾਂ, ਪਰੰਤੂ ਕਈ ਵਿਦਵਾਨਾਂ ਨੇ ਕੇਨਜ਼ ਦੇ ਗੁਣਕ ਦੀ ਆਲੋਚਨਾ ਸਪੱਸ਼ਟ ਤੌਰ ਤੇ ਕੀਤੀ ਹੈ। ਡੀ.ਐਚ. ਰੌਬਰਟਸਨ ਅਤੇ ਏ.ਪੀ. ਲਰਨਰ ਨੇ ਕਿਹਾ ਹੈ ਕਿ ਕੇਨਜ਼ ਦੁਆਰਾ ਦਿੱਤਾ ਗੁਣਕ ਕੇਵਲ ਆਮਦਨ ਵਧਣ ਨਾਲ ਉਪਭੋਗ ਉੱਤੇ ਪੈਣ ਵਾਲੇ ਪ੍ਰਭਾਵ ਬਾਰੇ ਹੀ ਦਸਦਾ ਹੈ, ਪਰੰਤੂ ਇਹ ਉਪਭੋਗ ਵਧਣ ਨਾਲ ਨਿਵੇਸ਼ ਉੱਪਰ ਪੈਣ ਵਾਲੇ ਪ੍ਰਭਾਵ ਬਾਰੇ ਕੁੱਝ ਨਹੀਂ ਦਸਦਾ। ਪ੍ਰੋ. ਏ.ਜੀ. ਹਾਰਟ ਨੇ ਕਿਹਾ ਕਿ ਗੁਣਕ ਦੀ ਧਾਰਨਾ ਇਕ ਫਜ਼ੂਲ 'ਪੰਜਵਾਂ ਪਹੀਆ'* (Fifth Wheel) *ਹੈ, ਕਿਉਂਕਿ ਇਹ ਉਪਭੋਗ ਫਲਨ ਦੁਆਰਾ ਪਹਿਲਾਂ ਹੀ ਕੱਢੇ ਸਿੱਟਿਆਂ ਤੋਂ ਵੱਖਰਾ ਕੋਈ ਵੀ ਨਵਾਂ ਵਿਚਾਰ ਨਹੀਂ ਦਿੰਦਾ। ਕੇਨਜ਼ ਦੇ ਗੁਣਕ ਦੀ ਧਾਰਨਾ ਦੀ*

ਆਲੋਚਨਾ ਸੰਬੰਧੀ ਕੁੱਝ ਨੁਕਤੇ ਹੇਠਾਂ ਦਿੱਤੇ ਗਏ ਹਨ।

(i) ਇਹ ਗੁਣਕ ਆਮਦਨ, ਉਪਭੋਗ ਅਤੇ ਨਿਵੇਸ਼ ਵਿਚਲੀ ਸਮਾਂ-ਅਵਧੀ (time-period) ਨੂੰ ਅੱਖੋਂ ਉਹਲੇ ਕਰਦਾ ਹੈ। ਪਰੰਤੂ ਆਮਦਨ ਵਧਣ ਨਾਲ ਉਪਭੋਗ ਵਿਚ ਵਾਧਾ ਹੋਣ ਲਈ ਕਾਫ਼ੀ ਸਮਾਂ ਲਗਦਾ ਹੈ। ਇਸੇ ਤਰ੍ਹਾਂ ਉਪਭੋਗ ਵਿਚ ਵਾਧੇ ਦੇ ਫਲਸਰੂਪ ਨਿਵੇਸ਼ ਵਿਚ ਵਾਧੇ ਲਈ ਕਾਫ਼ੀ ਸਮਾਂ ਲਗਦਾ ਹੈ।

(ii) ਪ੍ਰੋ. ਕਲੇਨ ਅਨੁਸਾਰ ਅਮਲੀ (empirical) ਅਧਿਐਨਾਂ ਤੋਂ ਪਤਾ ਚਲਦਾ ਹੈ ਕਿ ਸਮੂਹਿਕ ਉਪਭੋਗ ਦਾ ਸਮੂਹਿਕ ਆਮਦਨ ਨਾਲ ਸੰਬੰਧ ਇਤਨਾ ਸਿੱਧਾ (ਸਰਲ) ਨਹੀਂ ਜਿੰਨਾ ਕੇਨਜ਼ ਨੇ ਦੱਸਿਆ ਹੈ, ਪਰੰਤੂ ਇਹ ਸੰਬੰਧ ਬਹੁਤ ਗੁੰਝਲਦਾਰ ਹੈ।

(iii) ਹੈਬਰਲਰ ਅਨੁਸਾਰ ਗੁਣਕ ਉਚਿੱਤ ਤਰੀਕੇ ਦੁਆਰਾ ਪਰਖੀ (verified) ਹੋਈ ਪਰਿਕਲਪਨਾ (Hypothesis) ਨਹੀਂ ਹੈ ਕਿਉਂਕਿ ਕੇਨਜ਼ ਨੇ ਇਸ ਸੰਬੰਧੀ ਕੋਈ ਠੋਸ ਸਬੂਤ ਨਹੀਂ ਦਿੱਤਾ ਸਗੋਂ ਅਸਪਸ਼ਟ ਵਿਚਾਰ (obsevations) ਹੀ ਦਿਤੇ ਹਨ।

(iv) **ਸੀਮਾਂਤ ਉਪਭੋਗ ਪ੍ਰਵਿਰਤੀ ਸਥਿਰ ਨਹੀਂ** (MPC not constant) : ਕੇਨਜ਼ ਗੁਣਕ ਦੀ ਪ੍ਰਕਿਰਿਆ ਦੌਰਾਨ ਸੀਮਾਂਤ ਉਪਭੋਗ ਪ੍ਰਵਿਰਤੀ ਨੂੰ ਸਥਿਰ ਮੰਨਦਾ ਹੈ। ਪਰੰਤੂ ਗੌਰਡਨ ਅਨੁਸਾਰ ਗੁਣਕ ਦੀ ਇਸ ਧਾਰਨਾ ਦੀ ਮੁੱਖ ਊਣਤਾਈ ਸੀਮਾਂਤ ਉਪਭੋਗ ਪ੍ਰਵਿਰਤੀ ਨੂੰ ਸਥਿਰ ਮੰਨਣਾ ਹੀ ਹੈ। ਕਿਉਂਕਿ ਇਕ ਗਤੀਸ਼ੀਲ ਅਰਥ ਵਿਵਸਥਾ ਵਿਚ ਸੀਮਾਂਤ ਉਪਭੋਗ ਪ੍ਰਵਿਰਤੀ ਦੇ ਸਥਿਰ ਹੋਣ ਦੀ ਸੰਭਾਵਨਾ ਘੱਟ ਹੁੰਦੀ ਹੈ। ਭਾਵ MPC ਵਿਚ ਤਬਦੀਲੀ ਹੋਣ ਦੀ ਸੰਭਾਵਨਾ ਬਹੁਤ ਹੁੰਦੀ ਹੈ।

(v) **ਉਪਭੋਗ ਅਤੇ ਆਮਦਨ ਵਿਚਕਾਰ ਸੰਬੰਧ ਸਰਲ ਨਹੀਂ** (Relation between Consumption and Income not so simple) : ਕੇਨਜ਼ ਨੇ ਆਪਣੇ ਗੁਣਕ ਸਿਧਾਂਤ ਵਿਚ ਇਹ ਮੰਨ ਲਿਆ ਹੈ ਕਿ MPC ਇਕਾਈ ਤੋਂ ਘੱਟ ਅਤੇ ਸਿਫ਼ਰ ਤੋਂ ਵੱਧ ਹੁੰਦੀ ਹੈ। ਇਸ ਤਰ੍ਹਾਂ ਆਮਦਨ ਅਤੇ ਉਪਭੋਗ ਵਿਚਕਾਰ ਸੰਬੰਧ ਰੇਖਾਂਕਿਕ (Linear) ਭਾਵ ਸਿੱਧਾ-ਸਾਦਾ ਹੁੰਦਾ ਹੈ। ਪਰੰਤੂ ਗਾਰਡਨਰ ਐਕਲੇ ਅਨੁਸਾਰ ਇਹ ਸੰਬੰਧ ਕੇਵਲ ਚਾਲੂ (current) ਆਮਦਨ ਅਤੇ ਚਾਲੂ ਉਪਭੋਗ ਵਿਚਕਾਰ ਹੀ ਨਹੀਂ ਹੁੰਦਾ ਪਰੰਤੂ ਇਸ ਵਿਚ ਭੂਤਕਾਲ ਅਤੇ ਉਮੀਦੀ (Expected) ਆਮਦਨ ਅਤੇ ਉਪਭੋਗ ਵਿਚਕਾਰ ਜਟਿਲ (complex) ਸੰਬੰਧ ਪਾਇਆ ਜਾਂਦਾ ਹੈ।

**1.6.5** ਛੋਟੇ ਪ੍ਰਸ਼ਨ

1 ਗੁਣਕ ਬਾਰੇ ਸੰਖੇਪ ਵਿੱਚ ਲਿਖੋ।

2 ਗੁਣਕ ਦੇ ਮਹੱਤਵ ਬਾਰੇ ਦੱਸੋ।

3 ਗਤੀਸ਼ੀਲ ਗੁਣਕ ਦੀ ਪਰਿਭਾਸ਼ਾ ਦਿਓ।

**1.6.6** ਵੱਡੇ ਪ੍ਰਸ਼ਨ

1 ਗੁਣਕ ਤੋਂ ਕੀ ਭਾਵ ਹੈ? ਇਸ ਦੀਆਂ ਮਹੱਤਤਾਵਾਂ ਨੂੰ ਸੰਖੇਪ ਵਿੱਚ ਲਿਖੋ।

2 ਗੁਣਕ ਦੇ ਵਿਸ਼ੇ ਵਸਤੂ ਨੂੰ ਸੰਖੇਪ ਵਿੱਚ ਦਰਸਾਓ।

3 ਗੁਣਕ ਦੀਆਂ ਸੀਮਾਵਾਂ, ਮਹੱਤਤਾਵਾਂ ਅਤੇ ਆਲੋਚਨਾਵਾਂ ਬਾਰੇ ਲਿਖੋ।

**1.6.7** ਪੁਸਤਕ ਸੂਚੀ

(i) Stonier, A.W. and D.C. Hague, *A Text Book of Economic Theory.*

(ii) Shapiro, E., *Macro Economic Analysis.*

(iii) ਝਿੰਗਨ, ਐਮ.ਐਲ., ਸਮਸ਼ਟੀ ਅਰਥ-ਸ਼ਾਸਤ੍ਰ,

(iv) Partap Singh, *Macro Economics* (in Punjabi)

(v) Vaish, M.C., *Macro Economic Theory*

ਪਾਠ ਨੰ: 1.7 ਪ੍ਰੋ. ਬਲਬੀਰ ਸਿੰਘ

Last updated on 15 June, 2023

## ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ (Marginal Efficiency of Capital)

ਇਸ ਪਾਠ ਨੂੰ ਹੇਠ ਲਿਖੇ ਭਾਗਾਂ ਵਿਚ ਵੰਡ ਕੇ ਪੜ੍ਹਿਆ ਜਾਵੇਗਾ।

1.7.1 ਪਾਠ ਦੇ ਉਦੇਸ਼ (**Objectives**)
1.7.2 ਭੂਮਿਕਾ (**Introduction**)
1.7.3 ਪਾਠ ਦਾ ਵਿਸ਼ਾ-ਵਸਤੂ (**Subject Matter**)
1.7.3.1 ਪੂੰਜੀ ਸੀਮਾਂਤ ਕਾਰਜ ਕੁਸ਼ਲਤਾ ਦੀ ਪਰਿਭਾਸ਼ਾ
1.7.3.2 ਪੂੰਜੀ ਸੀਮਾਂਤ ਕਾਰਜ ਕੁਸ਼ਲਤਾ ਦੀ ਪ੍ਰਕਿਰਿਆ
1.7.3.3 ਪੂੰਜੀ ਸੀਮਾਂਤ ਕਾਰਜ ਕੁਸ਼ਲਤਾ ਅਤੇ ਵਿਆਜ ਦਰ
1.7.3.4 ਪੂੰਜੀ ਦੀ ਕਾਰਜ ਕੁਸ਼ਲਤਾ ਦੀ ਮਹੱਤਤਾ
1.7.3.5 ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ
1.7.3.5.1 ਥੋੜ੍ਹੇ ਸਮੇਂ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ
1.7.3.5.2 ਲੰਬੇ ਸਮੇਂ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ
1.7.4 ਸਾਰ-ਅੰਸ਼ (**Summary**)
1.7.5 ਛੋਟੇ ਉੱਤਰਾਂ ਵਾਲੇ ਪ੍ਰਸ਼ਨ
1.7.6 ਲੰਮੇ ਉੱਤਰਾਂ ਵਾਲੇ ਪ੍ਰਸ਼ਨ
1.7.7 ਪੁਸਤਕ ਸੂਚੀ (**Books**)

### 1.7.1 ਪਾਠ ਦੇ ਉਦੇਸ਼

(i) ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਦੀ ਪ੍ਰੀਭਾਸ਼ਾ (ਅਰਥਾਂ) ਬਾਰੇ ਜਾਣਨਾ
(To know about the definition meaning of M.E.C.)

(ii) ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਦੀ ਪ੍ਰਕ੍ਰਿਆ ਬਾਰੇ ਜਾਣਨਾ
(To know about the process of M.E.C.)

(iii) ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਦੀ ਮਹੱਤਤਾ ਬਾਰੇ ਜਾਣਕਾਰੀ ਪ੍ਰਾਪਤ ਕਰਨੀ
(To know about the importance of M.E.C.)

(iv) ਪੂੰਜੀ ਦੀ ਸੀਮਾਂਤ ਕਾਰਜ-ਕੁਸ਼ਲਤਾ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ
(Factors affecting M.E.C.)

### 1.7.2 ਭੂਮਿਕਾ :

ਅਜੋਕੇ ਸਮੇਂ ਵਿਚ ਆਰਥਿਕ ਵਿਕਾਸ ਹਰ ਦੇਸ਼ ਦਾ ਮੁੱਖ ਮੁੱਦਾ ਬਣ ਚੁੱਕਿਆ ਹੈ। ਇਸ ਵਿਕਾਸ ਲਈ ਜ਼ਰੂਰੀ

ਹੈ ਕਿ ਦੇਸ਼ ਵਿਚ ਨਿਵੇਸ਼ (Investment) ਦੀ ਮਾਤਰਾ ਨੂੰ ਵਧਾਇਆ ਜਾਵੇ। ਨਿਵੇਸ਼ ਦੀ ਮਾਤਰਾ ਵਧਣ ਦੇ ਕਾਰਨ ਹੀ ਉਤਪਾਦਨ ਹੋਵੇਗਾ ਜਿਸ ਦੇ ਫਲਸਰੂਪ ਅਰਥ-ਵਿਵਸਥਾ (economy) ਦੀ ਆਮਦਨ (GNP) ਵਿਚ ਵਾਧਾ ਹੋਵੇਗਾ। ਪਰੰਤੂ ਨਿਵੇਸ਼ ਦੇ ਇਸ ਵਾਧੇ ਲਈ ਕਈ ਸ਼ਰਤਾਂ ਪੂਰੀਆਂ ਕਰਨੀਆਂ ਜ਼ਰੂਰੀ ਹੁੰਦੀਆਂ ਹਨ। ਨਿਵੇਸ਼ ਦੇ ਵਾਧੇ ਲਈ ਇਕ ਮਹੱਤਵਪੂਰਨ ਸ਼ਰਤ ਇਹ ਹੈ ਕਿ ਪੂੰਜੀ ਦੀ ਕਾਰਜ ਕੁਸ਼ਲਤਾ ਦੀ ਦਰ ਉੱਚੀ ਹੋਵੇ। ਪੂੰਜੀਵਾਦੀ ਅਰਥ-ਵਿਵਸਥਾਵਾਂ ਵਿਚ ਕਦੇ ਤੇਜ਼ੀ ਅਤੇ ਕਦੇ ਮੰਦੀ ਦੇ ਚੱਕਰਾਂ ਦੀ ਪ੍ਰਕ੍ਰਿਆ ਵੀ ਮੁੱਖ ਤੌਰ ਤੇ ਪੂੰਜੀ ਦੀ ਭਵਿੱਖੀ ਕਾਰਜ ਕੁਸ਼ਲਤਾ ਉੱਪਰ ਹੀ ਨਿਰਭਰ ਕਰਦੀ ਹੈ।

### 1.7.3 ਪਾਠ ਦਾ ਵਿਸ਼ਾ ਵਸਤੂ (Subject Matter) :

(i) ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਦੀ ਧਾਰਨਾ : ਅਰਥ ਅਤੇ ਪ੍ਰੀਭਾਸ਼ਾ।

(ii) ਪੂੰਜੀ ਦੀ ਸੀਮਾਂਤ ਕਾਰਜ-ਕੁਸ਼ਲਤਾ ਦੀ ਪ੍ਰਕ੍ਰਿਆ।

(iii) ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਅਤੇ ਵਿਆਜ ਦੀ ਦਰ (ਨਿਵੇਸ਼ ਸੰਬੰਧੀ) ਵਿਚਕਾਰ ਸੰਬੰਧ।

(iv) ਪੂੰਜੀ ਦੀ ਕਾਰਜ ਕੁਸ਼ਲਤਾ ਦੀ ਮਹੱਤਤਾ।

(v) ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ।

  (a) ਥੋੜੇ ਸਮੇਂ ਵਿੱਚ ਪ੍ਰਭਾਵਿਤ ਕਰਨ ਵਾਲੇ ਤੱਤ।

  (b) ਲੰਮੇ ਸਮੇਂ ਵਿਚ ਪ੍ਰਭਾਵਿਤ ਕਰਨ ਵਾਲੇ ਤੱਤ।

### 1.7.3.1 ਪੂੰਜੀ ਸੀਮਾਂਤ ਕਾਰਜ ਕੁਸ਼ਲਤਾ ਦੀ ਪ੍ਰੀਭਾਸ਼ਾ :

ਪੂੰਜੀ ਦੀ ਕਾਰਜ ਕੁਸ਼ਲਤਾ ਉਹ ਅਨੁਮਾਨਿਤ ਲਾਭ ਹੈ ਜਿਹੜਾ ਕਿ ਇਕ ਵਿਅਕਤੀ ਨਵੀਂ ਪੂੰਜੀ ਦੀ ਮਾਤਰਾ ਦੇ ਨਿਵੇਸ਼ ਕਰਨ ਨਾਲ ਆਸ ਰੱਖਦਾ ਹੈ। (The marginal efficiency of capital is the profit which a person expects from the new investment). ਇਹ ਨਿਵੇਸ਼ ਦੇ ਪੱਧਰ ਨੂੰ ਪ੍ਰਭਾਵਿਤ ਕਰਨ ਵਾਲਾ ਸਭ ਤੋਂ ਮਹੱਤਵਪੂਰਨ ਤੱਤ ਮੰਨਿਆ ਜਾਂਦਾ ਹੈ, ਜਿਸ ਦੇ ਸਿੱਟੇ ਵਜੋਂ ਅਰਥ ਵਿਵਸਥਾ ਵਿਚ ਰੁਜ਼ਗਾਰ ਵਿੱਚ ਵਾਧਾ ਹੁੰਦਾ ਹੈ। ਪੂੰਜੀ ਦੀ ਸੀਮਾਂਤ ਕਾਰਜਕੁਸ਼ਲਤਾ ਦੀ ਇਹ ਧਾਰਨਾ ਅਸਲ ਵਿਚ ਨਿਵੇਸ਼ਕਾਂ ਦੇ ਮਨੋਵਿਗਿਆਨ ਉੱਪਰ ਨਿਰਭਰ ਕਰਦੀ ਹੈ। ਕੇਨਜ ਦੁਆਰਾ ਦਿੱਤੀ ਇਹ ਧਾਰਨਾ ਵਪਾਰਕ ਚੱਕਰਾਂ ਦੀ ਸਮੱਸਿਆ ਦੇ ਵਰਨਣ ਕਰਨ ਵਿਚ ਸਹਾਈ ਹੁੰਦੀ ਹੈ। ਪੂੰਜੀ ਦੀ ਕਾਰਜ ਕੁਸ਼ਲਤਾ, ਜਿਹੜੀ ਕਿ ਦਿੱਤੇ ਹੋਏ ਨਿਵੇਸ਼ ਉੱਪਰ ਅਨੁਮਾਨਿਤ ਆਮਦਨ ਦੀ ਦਰ ਨੂੰ ਦਰਸਾਉਂਦੀ ਹੈ। ਇਹ ਥੋੜ੍ਹੇ ਸਮੇਂ ਵਿਚ ਸੰਭਾਵਿਤ ਆਮਦਨ ਦੀ ਦਰ ਵਿਚ ਅਨਿਸ਼ਚਿਤਤਾ ਪੈਦਾ ਕਰਦੀ ਹੈ ਅਤੇ ਲੰਮੇ ਸਮੇਂ ਵਿਚ ਇਸ ਦਰ ਨੂੰ ਘਟਾਉਣ ਦੀ ਪ੍ਰਵਿਰਤੀ ਰਖਦੀ ਹੈ। ਆਮਤੌਰ ਤੇ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਅਤੇ ਵਿਆਜ ਦੀ ਦਰ ਦਾ ਸੁਭਾਅ ਆਪਸੀ ਮੁਕਾਬਲੇ ਵਾਲਾ ਹੁੰਦਾ ਹੈ, ਪ੍ਰੰਤੂ ਪੂੰਜੀ ਦੀ ਕਾਰਜ ਕੁਸ਼ਲਤਾ ਦਾ ਪ੍ਰਭਾਵ ਇਤਨਾ ਜਿਆਦਾ ਹੁੰਦਾ ਹੈ ਕਿ ਇਹ ਵਿਆਜ ਦੀ ਦਰ ਦੇ ਪ੍ਰਭਾਵ ਨੂੰ ਖਤਮ ਕਰ ਦਿੰਦਾ ਹੈ। ਜਦੋਂ ਪੂੰਜੀ ਦੀ ਕਾਰਜ-ਕੁਸ਼ਲਤਾ ਨਿਵੇਸ਼ਕਾਂ ਦੀ ਮਨੋਵਿਗਿਆਨਕ ਪ੍ਰਵਿਰਤੀ ਕਾਰਨ ਬਹੁਤ ਜਿਆਦਾ ਵਧਦੀ ਹੈ ਤਾਂ ਇਹ ਨਿਵੇਸ਼ਕਾਂ ਨੂੰ ਵਿਆਜ ਦੀ ਤੇਜ਼ੀ ਨਾਲ ਵਧਦੀ ਹੋਈ ਦਰ ਦੇ ਸੰਦਰਭ ਵਿਚ ਵੀ ਉਨ੍ਹਾਂ ਨੂੰ ਨਿਵੇਸ਼ ਕਰਨ ਲਈ ਪ੍ਰੇਰਿਤ ਕਰਦੀ ਹੈ। ਦੂਸਰੇ ਪਾਸੇ ਜੇ ਪੂੰਜੀ ਦੀ ਸੰਭਾਵਿਤ ਕਾਰਜ ਕੁਸ਼ਲਤਾ ਕਿਸੇ ਸਮੇਂ ਘਟ ਜਾਂਦੀ ਹੈ ਤਾਂ ਵੀ ਵਿਆਜ ਦੀ ਦਰ ਕਿੰਨੀ ਵੀ ਘੱਟ ਹੋ ਜਾਵੇ। ਨਿਵੇਸ਼ਕ ਨਿਵੇਸ਼ ਕਰਨ ਤੋਂ ਗੁਰੇਜ ਕਰਦੇ ਹਨ। ਕੇਨਜ ਅਨੁਸਾਰ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ (discount) ਦੀ ਉਸ ਦਰ ਦੇ ਬਰਾਬਰ ਹੁੰਦੀ ਹੈ ਜੋ ਕਿਸੇ ਪੂੰਜੀ ਪਦਾਰਥ ਦੀ ਕੁੱਲ ਕਾਰਜ ਸਮੇਂ (period) ਦੌਰਾਨ ਹਰ ਸਾਲ ਹੋਣ ਵਾਲੀ ਅਨੁਮਾਨਿਤ ਆਮਦਨ ਦੇ ਜੋੜ ਨੂੰ ਉਸਦੀ ਪੂਰਤੀ ਕੀਮਤ ਦੇ ਬਰਾਬਰ ਦਿੰਦੀ ਹੈ। ("The marginal efficiency of capital is equal to the rate of discount which would make the present value of the series of annuities given by the returns expected from the capital asset

during its life just equal to its supply price"-J.M. Keynes).

ਪ੍ਰੋਫੈਸਰ ਪੀਟਰਸਨ ਅਨੁਸਾਰ ਲਾਗਤ ਤੋਂ ਉੱਪਰ ਆਮਦਨ ਦੀ ਦਰ, ਜੋ ਕਿਸੇ ਪੂੰਜੀ ਪਦਾਰਥ ਤੋਂ ਪ੍ਰਾਪਤ ਹੋਣ ਵਾਲੀ ਅਨੁਮਾਨਿਤ ਆਮਦਨ ਨੂੰ ਉਸਦੀ ਪੂਰਤੀ ਕੀਮਤ ਨਾਲ ਜੋੜਦੀ ਹੈ, ਨੂੰ ਹੀ ਪੂੰਜੀ ਦੀ ਸੀਮਾਂਤ ਕਾਰਜਕੁਸ਼ਲਤਾ ਕਿਹਾ ਜਾਂਦਾ ਹੈ। ("The rate of return over cost relates to the expected yield of a capital good to its supply price. It is the relationship that Keynes calls M.E.C."-W.C. Peterson).

ਪ੍ਰੋ. ਡਿਲਰਡ ਮੁਤਾਬਿਕ ਕਿਸੇ ਪੂੰਜੀਗਤ ਪਦਾਰਥ ਦੀ ਵਾਧੂ ਜਾਂ ਸੀਮਾਂਤ ਇਕਾਈ ਲਗਾਉਣ ਨਾਲ, ਲਾਗਤ ਕੱਢ ਕੇ ਜੋ ਲਾਭ ਦੀ ਵੱਧ ਤੋਂ ਵੱਧ ਦਰ ਪ੍ਰਾਪਤ ਹੋਣ ਦੀ ਆਸ ਹੁੰਦੀ ਹੈ, ਉਸ ਨੂੰ ਹੀ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਕਹਿੰਦੇ ਹਨ। ("The marginal efficiency of capital is the highest rate of return over cost expected from an additional or marginal unit of that type of asset."-Dillard).

ਸਟੋਨੀਅਰ ਅਤੇ ਹੇਗ ਦੇ ਸ਼ਬਦਾਂ ਵਿਚ ''ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਨਵੀਆਂ ਨਿਵੇਸ਼ ਵਸਤਾਂ ਦੀ ਮੰਗ ਨੂੰ ਪ੍ਰਗਟ ਕਰਦੀ ਹੈ।'' ("The marginal efficiency of capital represents the demand for the new investment goods"-A.W. Stonier & D.C. Hague).

ਕੁਰੀਹਾਰਾ ਦੇ ਅਨੁਸਾਰ, ''ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਪੂੰਜੀ ਦੀ ਇਕ ਵਾਧੂ ਇਕਾਈ ਲਗਾਉਣ ਨਾਲ ਹੋਣ ਵਾਲੀ ਸੰਭਾਵਿਤ ਆਮਦਨ ਅਤੇ ਉਸਦੀ ਪੂਰਤੀ ਕੀਮਤ ਵਿੱਚ ਅਨੁਪਾਤ ਹੈ।'' ("It is the ratio between the prospective yield of additional capital goods and their supply price". - Kurihara).

ਸੋ ਅਸੀਂ ਕਹਿ ਸਕਦੇ ਹਾਂ ਕਿ ਪੂੰਜੀ ਦੀ ਸੀਮਾਂਤ ਉਤਪਾਦਿਕਤਾ ਤੋਂ ਭਾਵ ਕਿਸੇ ਨਵੀਂ ਪੂੰਜੀਗਤ ਵਸਤੂ ਤੋਂ ਹੋਣ ਵਾਲੀ ਲਾਭ ਦੀ ਅਨੁਮਾਨਤ ਦਰ ਹੈ।

### 1.7.3.2 ਪੂੰਜੀ ਦੀ ਸੀਮਾਂਤ ਕਾਰਜਕੁਸ਼ਲਤਾ ਦੀ ਪ੍ਰਕ੍ਰਿਆ (Process) :

ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਵਿਚ ਦੋ ਤੱਤ ਸ਼ਾਮਲ ਹੁੰਦੇ ਹਨ, ਜਿਨ੍ਹਾਂ ਵਿਚੋਂ ਇਕ ਹੈ ਅਨੁਮਾਨਿਤ ਆਮਦਨ ਅਤੇ ਦੂਸਰਾ ਹੈ ਪੂੰਜੀ ਦੀ ਪੂਰਤੀ ਕੀਮਤ। ਅਨੁਮਾਨਿਤ ਲਾਭ ਜਾਂ (prospective yield) ਕਿਸੇ ਪਰਿਸੰਪਤੀ (asset) ਦੀ ਕੁੱਲ ਅਵਧੀ (life time) ਦੌਰਾਨ ਉਸ ਤੋਂ ਹੋਣ ਵਾਲੀ ਕੁੱਲ ਸ਼ੁੱਧ ਆਮਦਨ (Return) ਹੈ। ਜਦੋਂ ਕਿ ਪੂਰਤੀ ਕੀਮਤ (supply price) ਇਸ ਪਰਿਸੰਪਤੀ ਨੂੰ ਪੈਦਾ ਕਰਨ ਦੀ ਲਾਗਤ ਹੈ। ਫਰਜ ਕਰੋ ਜੇ ਕਿਸੇ ਪੂੰਜੀਗਤ ਪਰਿਸੰਪਤੀ ਦੀ ਪੂਰਤੀ ਲਾਗਤ 40,000 ਰੁਪਏ ਦੇ ਬਰਾਬਰ ਹੈ ਅਤੇ ਇਸ ਤੋਂ ਹੋਣ ਵਾਲੀ ਸਲਾਨਾ ਅਨੁਮਾਨਤ ਲਾਭ (yield) 4,000 ਰੁਪਏ ਦੇ ਬਰਾਬਰ ਹੈ ਤਾਂ ਪਰਿਸੰਪਤੀ (asset) ਦੀ ਸੀਮਾਂਤ ਕਾਰਜ ਕੁਸ਼ਲਤਾ $\frac{4000}{40000} \times \frac{100}{1} = 10$ ਪ੍ਰਤੀਸ਼ਤ ਦੇ ਬਰਾਬਰ ਹੋਵੇਗੀ। ਭਾਵ 40000 ਰੁਪਏ ਦੇ ਨਿਵੇਸ਼ ਉਪਰ ਸਾਲਾਨਾ ਸ਼ੁੱਧ ਆਮਦਨ 10 ਪ੍ਰਤੀਸ਼ਤ ਦੇ ਬਰਾਬਰ ਹੈ। ਇਥੇ ਇਹ ਵੀ ਧਿਆਨ ਰੱਖਣਾ ਚਾਹੀਦਾ ਹੈ, ਕਿ ਗਤੀਸ਼ੀਲ ਅਰਥ ਵਿਵਸਥਾ ਵਿਚ ਅਨੁਮਾਨਿਤ ਆਮਦਨ ਦੀ ਦਰ ਲੱਭਣਾ ਸੌਖਾ ਕੰਮ ਨਹੀਂ ਹੈ। ਇਸ ਤਰ੍ਹਾਂ ਇਹ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਲਾਭ ਦੀ ਉਹ ਪ੍ਰਤੀਸ਼ਤਤਾ ਹੈ ਜਿਹੜੀ ਕਿ ਇਕ ਦਿਤੇ ਹੋਏ ਪੂੰਜੀ ਪਰਿਸੰਪਤੀ ਦੇ ਨਿਵੇਸ਼ ਤੋਂ ਪ੍ਰਾਪਤ ਹੋਣ ਦੀ ਸੰਭਾਵਨਾ ਹੁੰਦੀ ਹੈ। (Thus M.E.C. is the percentage of profits expected from a given investment on a capital asset). ਜਿਵੇਂ ਕਿ ਸਾਡੇ ਵੱਲੋਂ ਲਈ ਗਈ ਉਪਰੋਕਤ ਉਦਾਹਰਣ ਵਿਚ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ 10 ਪ੍ਰਤੀਸ਼ਤ ਦੇ ਬਰਾਬਰ ਹੈ।

ਕੇਨਜ ਅਨੁਸਾਰ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਉਸ ਕਟੌਤੀ ਦਰ ਦੇ ਬਰਾਬਰ ਹੋਵੇਗੀ ਜਿਹੜੀ ਕਿ ਪੂੰਜੀ ਪਰਿਸੰਪਤੀ ਦੇ ਜੀਵਨ ਕਾਲ ਸਮੇਂ ਉਸ ਤੋਂ ਪ੍ਰਾਪਤ ਪ੍ਰਤਿਸ਼ਤ ਮੁੱਲਾਂ (values) ਰਾਹੀਂ ਦਿੱਤੀਆਂ ਗਈਆਂ ਸਾਲਾਨਾ ਕਿਸ਼ਤਾਂ (annuities) ਦੀਆਂ ਲੜੀਆਂ (series) ਦੇ ਵਰਤਮਾਨ ਮੁੱਲ ਨੂੰ ਉਸਦੀ (ਪੂੰਜੀ) ਪਰਿਸੰਪਤੀ ਪੂਰਤੀ

ਕੀਮਤ ਦੇ ਪੂਰਾ ਬਰਾਬਰ ਕਰੇਗੀ। ਇਸ ਨੂੰ ਹੇਠ ਲਿਖੇ ਅਨੁਸਾਰ ਵੀ ਪ੍ਰਗਟਾਇਆ ਜਾ ਸਕਦਾ ਹੈ:-

ਪੂਰਤੀ ਕੀਮਤ = ਕਟੌਤੀ ਕੀਤੇ ਅਨੁਮਾਨਿਤ ਲਾਭ

(supply price) = Discounted prospective yield.

ਇਸ ਨੂੰ ਇਕ ਫਾਰਮੂਲੇ ਦੁਆਰਾ ਵੀ ਪ੍ਰਗਟਾਇਆ ਜਾ ਸਕਦਾ ਹੈ :

$$Cr = \frac{Q_1}{(1+r)^1} + \frac{Q_2}{(1+r)^2} + \frac{Q_3}{(1+r)^3} + ------------ + \frac{Q_n}{(1+r)^n}$$

ਇਥੇ Cr ਨਵੀਂ ਪੂੰਜੀਗਤ ਪਰੀਸੰਪਤੀ ਦੀ ਪੂਰਤੀ ਕੀਮਤ ਨੂੰ ਦਰਸਾਉਂਦਾ ਹੈ।

$Q_1, Q_2, Q_3$ ………… $Q_n$ ਹਰ ਸਾਲ ਪੂੰਜੀਗਤ ਪਰਿਸੰਪਤੀ ਤੋਂ ਹੋਣ ਵਾਲੀ ਅਨੁਮਾਨਿਤ ਆਮਦਨ ਨੂੰ ਦਰਸਾਉਂਦੇ ਹਨ, ਜਦੋਂ ਕਿ r ਉਸ ਕਟੌਤੀ ਦਰ ਨੂੰ ਦਰਸਉਂਦਾ ਹੈ, ਜਿਹੜੀ ਕਿ ਵਰਤਮਾਨ ਮੁੱਲਾਂ ਦੀਆਂ ਸਾਲਾਨਾਂ ਕਿਸ਼ਤਾਂ ਰਾਹੀਂ ਪ੍ਰਾਪਤ ਹੋਣ ਵਾਲੀ ਆਮਦਨ ਨੂੰ ਇਕ ਪੂੰਜੀਗਤ ਪਰਿਸੰਪਤੀ ਦੀ ਪੂਰਤੀ ਕੀਮਤ ਦੇ ਬਰਾਬਰ ਕਰ ਦਿੰਦੀ ਹੈ। (r denotes the rate of discount which will make the present value of the series of annual returns just equal to supply price of the capital asset). 1, 2 3 ਅਤੇ n ਕ੍ਰਮਵਾਰ ਪਹਿਲਾ ਸਾਲ, ਦੂਜਾ ਸਾਲ ਆਦਿ ਨੂੰ ਦਰਸਾਉਂਦੇ ਹਨ।

ਇਸ ਨੂੰ ਇਕ ਉਦਾਹਰਣ ਵਜੋਂ ਵੀ ਦਰਸਾਇਆ ਜਾ ਸਕਦਾ ਹੈ। ਮੰਨ ਲਵੋ ਕਿਸੇ ਪੂੰਜੀਗਤ ਪਰਿਸੰਪਤੀ ਦੀ ਪ੍ਰਤੀਸਥਾਪਨ ਲਾਗਤ (replacement cost) ਦੀ ਵਰਤਮਾਨ ਪੂਰਤੀ ਕੀਮਤ 12200 ਰੁਪਏ ਹੈ। ਕੇਵਲ 5 ਪ੍ਰਤੀਸ਼ਤ ਕਟੌਤੀ ਦਰ ਨਾਲ ਅਨੁਮਾਨਤ ਸਾਲਾਨਾ ਆਮਦਨ ਦੀਆਂ ਕਟੌਤੀ ਦਰਾਂ ਦਾ ਜੋੜ ਪੂੰਜੀਗਤ ਪਰਿਸੰਪਤੀ ਦੀ ਵਰਤਮਾਨ ਪੂਰਤੀ ਕੀਮਤ ਦੇ ਬਰਾਬਰ ਹੋਵੇਗਾ।

12200 ਰੁਪਏ $= \frac{1{,}050}{(1.05)^1} + \frac{3{,}528}{(1.05)^2} + \frac{9{,}261}{(1.05)^3}$


$$= 1000 + 3200 + 8000$$

$$= 12200$$

ਕਟੌਤੀ ਦੀ ਇਸ 5 ਪ੍ਰਤੀਸ਼ਤ ਦਰ ਨੂੰ ਹੀ ਪੂੰਜੀ ਦੀ ਸੀਮਾਂਤ ਕਾਰਜਕੁਸ਼ਲਤਾ ਕਿਹਾ ਜਾਂਦਾ ਹੈ।

**1.7.3.3 ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਅਤੇ ਵਿਆਜ ਦਰ (ਨਿਵੇਸ਼, ਵਿਆਜ ਦੀ ਦਰ ਵਿਚਕਾਰ ਸੰਬੰਧ):**

ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਨੂੰ ਰੇਖਾ ਚਿੱਤਰ ਨੰ: 1 ਦੁਆਰਾ ਵੀ ਵਿਖਾਇਆ ਜਾ ਸਕਦਾ ਹੈ। ਇਸ ਰੇਖਾ ਚਿੱਤਰ ਦੇ OY ਧੁਰੇ ਉੱਪਰ ਵਿਆਜ ਦੀ ਦਰ ਨੂੰ ਵਿਖਾਇਆ ਗਿਆ ਹੈ ਅਤੇ OX ਧੁਰੇ ਉਪਰ ਨਿਵੇਸ਼ ਦੀ ਮਾਤਰਾ ਨੂੰ ਦਰਸਾਇਆ ਗਿਆ ਹੈ। ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ (M.E.C.) ਵਕਰ ਵੱਖ ਵੱਖ ਵਿਆਜ ਦੀਆਂ ਦਰਾਂ ਉੱਪਰ, ਇਕ ਸਮੇਂ ਦੌਰਾਨ, ਕੀਤੇ ਜਾਣ ਵਾਲੇ ਨਿਵੇਸ਼ ਦੀ ਮਾਤਰਾ ਨੂੰ ਦਰਸਾਉਂਦੀ ਹੈ। ਉਦਾਹਰਣ ਵਜੋਂ ਰੇਖਾ ਚਿੱਤਰ ਨੰ: 1 ਵਿਚ ਜੇ ਵਿਆਜ ਦੀ ਦਰ $OR_1$ ਹੈ ਤਾਂ $OM_1$ ਨਿਵੇਸ਼ ਕੀਤਾ ਜਾਵੇਗਾ। ਪ੍ਰੰਤੂ ਜੇਕਰ ਵਿਆਜ ਦੀ ਦਰ $OR_1$ ਤੋਂ ਘਟ ਕੇ $OR_2$ ਹੋ ਜਾਂਦੀ ਹੈ ਤਾਂ ਨਿਵੇਸ਼ ਦੀ ਮਾਤਰਾ ਵਧ ਕੇ $OM_2$ ਹੋ ਜਾਵੇਗੀ। ਇਸ ਤੋਂ ਸਪੱਸ਼ਟ ਹੈ ਕਿ ਜੇ ਵਿਆਜ ਦੀ ਦਰ ਘੱਟ ਹੋਵੇਗੀ ਤਾਂ ਨਿਵੇਸ਼ ਵਧੇਰੇ ਹੋਵੇਗੀ। ਇਸ ਦੇ ਉਲਟ ਜੇ ਵਿਆਜ ਦੀ ਦਰ ਵੱਧ ਹੋਵੇਗੀ ਤਾਂ ਨਿਵੇਸ਼ ਦੀ ਮਾਤਰਾ ਘੱਟ ਹੋਵੇਗੀ।




ਰੇਖਾ ਚਿੱਤਰ ਨੰ: 1

ਅਸੀਂ ਜਾਣਦੇ ਹਾਂ ਕਿ ਇਕ ਪੂੰਜੀਪਤੀ ਆਪਣੇ ਲਾਭਾਂ ਨੂੰ ਵੱਧ ਤੋਂ ਵੱਧ ਕਰਨ ਲਈ ਕਿਸੇ ਪੂੰਜੀਗਤ ਪਰਿਸੰਪਤੀ ਵਿਚ ਉਸ ਹੱਦ ਤੱਕ ਹੀ ਨਿਵੇਸ਼ ਕਰੇਗਾ ਜਿੱਥੇ ਪੂੰਜੀ ਤੋਂ ਮਿਲਣ ਵਾਲੀ ਆਮਦਨ ਉਸ ਵਲੋਂ ਦਿੱਤੇ ਜਾਣ ਵਾਲੇ ਵਿਆਜ ਦੀ ਦਰ ਦੇ ਬਰਾਬਰ ਹੋਵੇ। ਉੱਦਮੀ ਹਰ ਪਰਿਸੰਪਤੀ (asset) ਦੀ ਸੀਮਾਂਤ ਕਾਰਜ ਕੁਸ਼ਲਤਾ ਨੂੰ ਵਿਆਜ ਦੀ ਦਰ ਦੇ ਬਰਾਬਰ ਕਰੇਗਾ। ਸੋ ਰੇਖਾ ਚਿੱਤਰ ਨੰ: 1 ਤੋਂ ਸਪੱਸ਼ਟ ਹੈ ਕਿ ਜੇਕਰ ਇਕ ਦੇਸ਼ ਵਿਚ ਨਿਵੇਸ਼ ਨੂੰ ਵਧਾਉਣਾ ਹੈ ਤਾਂ ਵਿਆਜ ਦਰ ਨੂੰ ਘੱਟ ਕਰਨਾ ਪਵੇਗਾ ਜਿਵੇਂ ਕਿ ਰੇਖਾ ਚਿੱਤਰ ਵਿਚ ਨਿਵੇਸ਼ ਦੀ ਮਾਤਰਾ ਨੂੰ ਵਧਾਉਣ ਲਈ ਵਿਆਜ ਦੀ ਦਰ $OR_1$ ਤੋਂ ਘਟਾ ਕੇ $OR_2$ ਕਰ ਦਿੱਤੀ ਗਈ ਹੈ।

ਇਸ ਤਰ੍ਹਾਂ ਨਿਵੇਸ਼ ਮਾਤਰਾ ਨੂੰ ਨਿਰਧਾਰਤ ਕਰਨ ਲਈ ਦੋ ਮਹੱਤਵਪੂਰਨ ਤੱਤ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਅਤੇ ਵਿਆਜ ਦੀ ਦਰ ਹਨ। ਜੇਕਰ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਵਿਆਜ ਦੀ ਦਰ ਨਾਲੋਂ ਵਧੇਰੇ ਹੈ ਤਾਂ ਨਿਵੇਸ਼ ਵਿਚ ਵਾਧਾ ਹੋਵੇਗਾ ਅਤੇ ਜੇਕਰ ਵਿਆਜ ਦੀ ਦਰ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਨਾਲੋਂ ਵੱਧ ਹੈ ਤਾਂ ਨਿਵੇਸ਼ ਦੀ ਮਾਤਰਾ ਘੱਟ ਜਾਵੇਗੀ।

### 1.7.3.4 ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਦੀ ਮਹੱਤਤਾ :

ਆਧੁਨਿਕ ਸਮੇਂ ਵਿਚ ਵਿਕਸਿਤ ਅਤੇ ਵਿਕਸਿਤ ਹੋ ਰਹੀਆਂ ਅਰਥ ਵਿਵਸਥਾਵਾਂ ਵਿਚ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਦੀ ਬਹੁਤ ਮਹੱਤਤਾ ਪਾਈ ਜਾਂਦੀ ਹੈ। ਇਸ ਦੀ ਮਹੱਤਤਾ ਦੀ ਪ੍ਰਸੰਗਤਾ (context) ਹੇਠ ਲਿਖੇ ਅਨੁਸਾਰ ਹੈ :

**1. ਨਿਵੇਸ਼ ਦੀ ਅਸਥਿਰਤਾ (Instability of Investment) :**

ਜੇ.ਐਮ.ਕੇਨਜ ਅਨੁਸਾਰ ਕੁੱਲ ਮੰਗ ਦੇ ਦੋ ਤੱਤ ਹਨ, ਉਪਭੋਗ ਅਤੇ ਨਿਵੇਸ਼। ਇਨ੍ਹਾਂ ਦੋਵਾਂ ਵਿਚੋਂ ਆਮ ਤੌਰ ਤੇ ਥੋੜ੍ਹੇ ਸਮੇਂ ਵਿਚ ਉਪਭੋਗ ਲੱਗਭੱਗ ਸਥਿਰ ਰਹਿੰਦਾ ਹੈ, ਪਰੰਤੂ ਨਿਵੇਸ਼ ਅਸਥਿਰ ਰਹਿੰਦਾ ਹੈ। ਨਿਵੇਸ਼ ਵਿਚਲੀ ਇਸ ਅਸਥਿਰਤਾ ਦਾ ਮੁੱਖ ਕਾਰਨ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ (M.E.C.) ਵਿਚਲੀ ਅਸਥਿਰਤਾ ਹੈ।

M.E.C. ਦੀ ਅਸਥਿਰਤਾ ਦਾ ਕਾਰਨ ਇਸ ਪ੍ਰਤੀ ਆਸ਼ਾਵਾਂ ਵਿਚ ਅਸਥਿਰਤਾ ਦਾ ਹੋਣਾ ਹੁੰਦਾ ਹੈ।

2. **ਆਸ਼ਾਵਾਂ (Expectations) ਦਾ ਆਮਦਨ ਅਤੇ ਰੋਜ਼ਗਾਰ ਪੱਧਰ ਉਤੇ ਪ੍ਰਭਾਵ :**

ਇਹ ਗੱਲ ਸਾਨੂੰ MEC ਦੀ ਧਾਰਨਾ ਤੋਂ ਹੀ ਪਤਾ ਲੱਗਦੀ ਹੈ ਕਿ ਕਿਸ ਤਰ੍ਹਾਂ ਆਸ਼ਾਵਾਂ ਇਕ ਅਰਥ ਵਿਵਸਥਾ ਵਿਚ ਰੋਜ਼ਗਾਰ ਅਤੇ ਆਮਦਨ ਪੱਧਰ ਨੂੰ ਪ੍ਰਭਾਵਿਤ ਕਰਦੀਆਂ ਹਨ। ਇਹ ਆਸ਼ਾਵਾਂ ਪਹਿਲਾਂ ਅਰਥ ਵਿਵਸਥਾ ਵਿਚ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਨੂੰ ਪ੍ਰਭਾਵਿਤ ਕਰਦੀਆਂ ਹਨ। ਸਿੱਟੇ ਵਜੋਂ M.E.C. ਨਿਵੇਸ਼ ਦੇ ਪੱਧਰ ਨੂੰ ਪ੍ਰਭਾਵਿਤ ਕਰਦੀ ਹੈ। ਅੱਗੋਂ ਚੱਲ ਕੇ ਨਿਵੇਸ਼ ਦਾ ਪੱਧਰ ਹੀ ਕੁੱਲ ਮੰਗ ਨੂੰ ਪ੍ਰਭਾਵਿਤ ਕਰਦਾ ਹੈ। ਇਹ ਕੁੱਲ ਮੰਗ ਹੀ ਹੈ ਜਿਹੜੀ ਕਿ ਇਕ ਦੇਸ਼ ਵਿਚ ਆਮਦਨ ਅਤੇ ਰੋਜ਼ਗਾਰ ਦੇ ਪੱਧਰ ਨੂੰ ਪ੍ਰਭਾਵਿਤ ਕਰਦੀ ਹੈ।

3. **ਥੋੜ੍ਹੇ ਸਮੇਂ ਵਿਚ ਆਮਦਨ ਵਿਚ ਉਤਾਰ-ਚੜ੍ਹਾਅ (Fluctuations) :**

ਕਿਸੇ ਅਰਥ ਵਿਵਸਥਾ ਵਿਚ ਥੋੜ੍ਹੇ ਸਮੇਂ ਵਿਚ ਵੀ M.E.C. ਵਿਚ ਵੀ ਤਬਦੀਲੀ ਆਉਂਦੀ ਰਹਿੰਦੀ ਹੈ। ਇਸ ਤਬਦੀਲੀ ਕਾਰਨ ਨਿਵੇਸ਼ ਵਿਚ ਵੀ ਤਬਦੀਲੀ ਆਉਂਦੀ ਹੈ। ਜਿਸ ਦੇ ਸਿੱਟੇ ਵਜੋਂ ਥੋੜ੍ਹੇ ਸਮੇਂ ਵਿਚ ਆਮਦਨ ਅਤੇ ਰੋਜਗਾਰ ਦੇ ਪੱਧਰਾਂ ਵਿਚ ਵੀ ਤਬਦੀਲੀ ਆਉਂਦੀ ਰਹਿੰਦੀ ਹੈ। ਇਸ ਕਾਰਨ ਹੀ M.E.C. ਬਹੁਤ ਮਹੱਤਵਪੂਰਨ ਬਣ ਜਾਂਦੀ ਹੈ ਕਿਉਂਕਿ ਇਸ ਵਿਚਲੀ ਤਬਦੀਲੀ ਕਾਰਨ ਹੀ ਅਰਥ ਵਿਵਸਥਾ ਵਿਚ ਥੋੜੇ ਸਮੇਂ ਵਿਚ ਆਉਣ ਵਾਲੇ ਆਮਦਨ ਅਤੇ ਰੋਜਗਾਰ ਦੇ ਪੱਧਰਾਂ ਨੂੰ ਜਾਣਿਆ ਜਾ ਸਕਦਾ ਹੈ।

4. **M.E.C. ਦਾ ਨਿਵੇਸ਼ ਕਰਨ ਲਈ ਮਹੱਤਵ :**

ਇਸੇ ਅਧਿਆਇ ਵਿਚ ਅਸੀਂ ਪੜ੍ਹ ਚੁੱਕੇ ਹਾਂ ਕਿ ਕਿਸੇ ਦੇਸ਼ ਦੀ ਅਰਥ ਵਿਵਸਥਾ ਵਿਚ ਨਿਵੇਸ਼ ਦੇ ਪੱਧਰ ਨੂੰ ਨਿਰਧਾਰਿਤ ਕਰਨ ਲਈ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ (M.E.C.) ਅਤੇ ਵਿਆਜ ਦੀ ਦਰ, ਦੋ ਮਹੱਤਵਪੂਰਨ ਕਾਰਕ ਹਨ। ਆਮਤੌਰ ਤੇ M.E.C. ਨਾਲੋਂ ਵਿਆਜ ਦੀ ਦਰ ਵਿਚ ਪ੍ਰੀਵਰਤਨ ਬਹੁਤ ਘੱਟ ਹੁੰਦਾ ਹੈ ਇਸ ਲਈ ਨਿਵੇਸ਼ ਵਿਚ ਆਉਣ ਵਾਲੀ ਤਬਦੀਲੀ ਮੁੱਖ ਤੌਰ ਤੇ M.E.C. ਵਿਚ ਹੋਣ ਵਾਲੀ ਤਬਦੀਲੀ ਕਾਰਨ ਹੀ ਹੁੰਦੀ ਹੈ।

ਸੋ ਇਹ ਕਿਹਾ ਜਾ ਸਕਦਾ ਹੈ ਕਿ ਕਿਸੇ ਅਰਥ ਵਿਵਸਥਾ ਦੇ ਵਿਕਾਸ ਲਈ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ (MEC) ਬਹੁਤ ਹੀ ਮਹੱਤਵਪੂਰਨ ਹੁੰਦੀ ਹੈ।

ਸਵੈ ਅਧਿਐਨ ਪ੍ਰਸ਼ਨ

1. ਪੂੰਜੀ ਦੀ ਸੀਮਾਂਤ ਕਾਰਜ਼ ਕੁਸ਼ਲਤਾ ਤੋਂ ਕੀ ਭਾਵ ਹੈ?
2. MEC ਦੇ ਉਦੇਸ਼ਾਂ ਨੂੰ ਬਿਆਨ ਕਰੋ।
3. ਜਨਸੰਖਿਆ ਤੋਂ ਕੀ ਭਾਵ ਹੈ?

## 1.7.3.5 ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ (MEC) ਨੂੰ ਪ੍ਰਭਾਵਿਤ ਕਰਨ ਵਾਲੇ ਤੱਤ: (Factors Affecting the MEC) :

ਪੂੰਜੀ ਦੀ ਸੀਮਾਂਤ ਕਾਰਜਕੁਸ਼ਲਤਾ ਨੂੰ ਪ੍ਰਭਾਵਿਤ ਕਰਨ ਵਾਲੇ ਬਹੁਤ ਸਾਰੇ ਤੱਤ ਹਨ। ਇਨ੍ਹਾਂ ਵਿਚੋਂ ਕੁੱਝ ਥੋੜੇ ਸਮੇਂ ਅਤੇ ਕੁੱਝ ਲੰਮੇ ਸਮੇਂ ਵਿਚ MEC ਉੱਪਰ ਪ੍ਰਭਾਵ ਪਾਉਂਦੇ ਹਨ।

### 1.7.3.5.1 ਥੋੜ੍ਹੇ ਸਮੇਂ (Short Run) ਵਿਚ ਪ੍ਰਭਾਵ ਪਾਉਣ ਵਾਲੇ ਤੱਤ :

1. **ਆਮਦਨ ਦੀ ਤਬਦੀਲੀ (Change in Income) :**

ਅਚਨਚੇਤ ਲਾਭਾਂ ਜਾਂ ਹਾਨੀਆਂ ਕਾਰਨ ਆਮਦਨ ਵਿਚ ਹੋਈ ਅਚਾਨਕ ਤਬਦੀਲੀ ਪੂੰਜੀ ਦੀ ਕਾਰਜ ਕੁਸ਼ਲਤਾ ਉੱਪਰ ਪ੍ਰਭਾਵ ਪਾਉਂਦੀ ਹੈ। ਜੇਕਰ ਆਮਦਨ ਵਿਚ ਵਾਧਾ ਹੁੰਦਾ ਹੈ ਤਾਂ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਵਿਚ ਵੀ ਵਾਧਾ ਹੋਵੇਗਾ ਅਤੇ ਇਸ ਤੋਂ ਉਲਟ ਆਮਦਨ ਵਿਚ ਕਮੀ ਹੋਣ ਨਾਲ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਵਿਚ ਵੀ ਕਮੀ ਹੋਵੇਗੀ।

**2. ਉਪਭੋਗ ਪ੍ਰਵਿਰਤੀ ਵਿਚ ਤਬਦੀਲੀ (Change in Propensity to Consume) :**

ਜੇਕਰ ਥੋੜ੍ਹੇ ਸਮੇਂ ਵਿਚ ਉਪਭੋਗ ਪ੍ਰਵਿਰਤੀ ਵਿਚ ਵਾਧਾ ਹੁੰਦਾ ਹੈ ਤਾਂ ਕੁੱਲ ਮੰਗ ਵਿਚ ਵੀ ਵਾਧਾ ਹੋਵੇਗਾ ਇਸ ਨਾਲ ਪੂੰਜੀਗਤ ਵਸਤੂਆਂ ਦੀ ਮੰਗ, ਜੋ ਕਿ ਉਪਭੋਗੀ ਵਸਤੂਆਂ ਦੀ ਮੰਗ ਤੋਂ ਪ੍ਰਭਾਵਿਤ ਹੁੰਦੀ ਹੈ, ਵਿਚ ਵੀ ਵਾਧਾ ਹੋਵੇਗਾ ਅਤੇ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਵੀ ਉੱਚੀ ਹੋ ਜਾਵੇਗੀ।

**3. ਮੰਗ ਦਾ ਸਰੂਪ (Nature of Demand) :**

ਮੰਗੀ ਗਈ ਵਸਤੂ ਦਾ ਸਰੂਪ ਵੀ ਪੂੰਜੀ ਦੀ ਸੀਮਾਂਤ ਕਾਰਜਕੁਸ਼ਲਤਾ ਨੂੰ ਪ੍ਰਭਾਵਿਤ ਕਰਦਾ ਹੈ। ਜੇਕਰ ਲਾਗਤਾਂ ਵਿਚ ਵਾਧਾ ਜਾਂ ਕੀਮਤਾਂ ਵਿਚ ਕਮੀ ਹੋਣ ਦੀ ਸੰਭਾਵਨਾ ਹੋਵੇ ਤਾਂ ਕਿਸੇ ਖਾਸ ਵਸਤੂ ਦੀ ਭਵਿੱਖੀ ਮੰਗ ਘਟ ਜਾਵੇਗੀ। ਸਿੱਟੇ ਵਜੋਂ ਇਕ ਕਾਰੋਬਾਰੀ ਵਿਅਕਤੀ (Businessman) ਦੀ ਨਿਵੇਸ਼ ਤੋਂ ਹੋਣ ਵਾਲੀ ਆਮਦਨ ਦੀ ਦਰ ਦੀ ਆਸ ਵੀ ਘਟ ਜਾਵੇਗੀ ਜੋ ਕਿ ਨਿਵੇਸ਼ ਤੇ ਬੁਰਾ ਪ੍ਰਭਾਵ ਪਾਵੇਗੀ। ਦੂਸਰੇ ਪਾਸੇ ਲਾਗਤਾਂ ਵਿਚ ਕਮੀ ਅਤੇ ਕੀਮਤਾਂ ਵਿਚ ਵਾਧਾ ਇਸ ਤੋਂ ਉਲਟ ਪ੍ਰਭਾਵ ਪਾਵੇਗਾ।

**4. ਤਰਲ ਸੰਪਤੀ ਵਿਚ ਤਬਦੀਲੀ (Change in Liquid Assets) :**

ਜੇ ਕਿਸੇ ਉੱਦਮੀ ਕੋਲ ਤਰਲ ਸੰਪਤੀ (ਮੁਦਰਾ) ਦੀ ਮਾਤਰਾ ਬਹੁਤ ਜਿਆਦਾ ਹੈ ਤਾਂ ਉਹ ਨਿਵੇਸ਼ ਵਿਚ ਹੋਣ ਵਾਲੇ ਕਿਸੇ ਵੀ ਮੌਕੇ ਨੂੰ ਹੱਥੋਂ ਨਹੀਂ ਜਾਣ ਦੇਵੇਗਾ। ਭਾਵ ਉਹ ਨਿਵੇਸ਼ ਲਈ ਵਧੀਆਂ ਮੋਕਾਂ ਮਿਲਦਿਆ ਹੀ ਉਸੇ ਵਿਚ ਤਰਲ ਮੁਦਰਾ ਰਾਹੀਂ ਇਕਦਮ ਲਾਭਦਾਇਕ ਨਿਵੇਸ਼ ਕਰ ਦੇਵੇਗਾ। ਪ੍ਰੰਤੂ ਇਸ ਤੋਂ ਉਲਟ ਜੇ ਕਰ ਉਸਦਾ ਧਨ ਅਜਿਹੀਆਂ ਵਸਤੂਆਂ ਵਿਚ ਪਿਆ ਹੈ ਜਿਨ੍ਹਾਂ ਨੂੰ ਇਕਦਮ ਵੇਚ ਕੇ ਨਕਦ ਪੈਸਾ ਪ੍ਰਾਪਤ ਨਹੀਂ ਕੀਤਾ ਜਾ ਸਕਦਾ, ਤਾਂ ਉਸ ਉੱਦਮੀ ਕੋਲੋਂ ਨਿਵੇਸ਼ ਦਾ ਵਧੀਆਂ ਮੌਕਾ ਲੰਘ ਜਾਵੇਗਾ। ਸੋ ਇਸ ਤਰ੍ਹਾਂ ਹੋਣ ਨਾਲ ਨਵਾਂ ਨਿਵੇਸ਼ ਕਰਨ ਵਿਚ ਔਕੜਾਂ ਆਉਂਦੀਆਂ ਹਨ।

**5. ਨਿਵੇਸ਼ਕਾਂ ਦੀ ਮਨੋਵਿਗਿਆਨਕ ਅਵਸਥਾ (Psychological State of the Investors):**

ਨਿਵੇਸ਼ਕਾਰਾਂ ਦੀ ਮਨੋਵਿਗਿਆਨਕ ਸਥਿਤੀ ਵੀ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਉੱਪਰ ਪ੍ਰਭਾਵ ਪਾਉਂਦਾ ਹੈ। ਜੇ ਨਿਵੇਸ਼ਕਾਰ ਆਸ਼ਾਵਾਦੀ (optimistic) ਹਨ ਤਾਂ ਪੂੰਜੀ ਦੀ ਕਾਰਜਕੁਸ਼ਲਤਾ ਵੱਧ ਹੋਵੇਗੀ ਪ੍ਰੰਤੂ ਜੇਕਰ ਨਿਵੇ ਸ਼ਕਰਤਾ ਨਿਰਾਸ਼ਾਵਾਦੀ (pessimistic) ਹੋਣ ਤਾਂ M.E.C. ਵੀ ਘੱਟ ਹੋਵੇਗੀ।

**6. ਆਸ਼ਾਵਾਂ ਦੀ ਵਰਤਮਾਨ ਅਵਸਥਾ (Current State of Expectations) :**

ਵਰਤਮਾਨ ਨਿਵੇਸ਼ ਉੱਪਰ ਮਿਲਣ ਵਾਲੀ ਆਮਦਨ ਦੀ ਦਰ ਬਿਜਨੈਸ ਆਸ਼ਾਵਾਂ ਨੂੰ ਪ੍ਰਭਾਵਿਤ ਕਰਦੀ ਹੈ। ਨਿਵੇ ਸ਼ਕਾਰ ਅਕਸਰ ਇਸ ਮਨੌਤ ਨੂੰ ਲੈ ਕੇ ਕਿ ਵਰਤਮਾਨ ਸਥਿਤੀ ਭਵਿੱਖ ਵਿਚ ਇਸੇ ਤਰ੍ਹਾਂ ਹੀ ਲਗਾਤਾਰ ਚਲਦੀ ਰਹੇਗੀ, ਦੇ ਆਧਾਰ ਤੇ ਨਿਵੇਸ਼ ਕਰਦੇ ਹਨ। ਭਵਿੱਖੀ ਆਸ਼ਾਵਾਂ ਦੇ ਆਧਾਰ ਤੇ ਨਿਵੇਸ਼ ਕਰਨਾ ਸੰਭਵ ਨਹੀਂ ਕਿਉਂਕਿ ਆਸ਼ਾਵਾਂ ਬਹੁਤ ਹੀ ਅਨਿਸ਼ਚਿਤ (uncertain) ਹੁੰਦੀਆਂ ਹਨ। ਇਸ ਤਰ੍ਹਾਂ ਵਰਤਮਾਨ ਆਸ਼ਾਵਾਂ ਨਿਵੇਸ਼ ਕਰਨ ਫੈਸਲੇ ਵਿਚ ਬਹੁਤ ਹੀ ਮਹੱਤਵਪੂਰਨ ਭੂਮਿਕਾ ਅਦਾ ਕਰਦੀਆਂ ਹਨ।

**7. ਸੰਭਾਵਿਤ ਕਰਾਧਾਨ ਨੀਤੀ (Expected Taxation Policy) :**

ਜੇ ਇਕ ਨਿਵੇਸ਼ਕਾਰ ਨੂੰ ਭਵਿੱਖ ਵਿਚ ਕਰਾਂ (Taxes) ਦੀ ਦਰ ਘਟਣ ਦੀ ਉਮੀਦ ਹੋਵੇ ਤਾਂ ਇਸ ਨਾਲ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਜਿਆਦਾ ਹੋਵੇਗੀ। ਇਸ ਦੇ ਉਲਟ ਜੇਕਰ ਨਿਵੇਸ਼ਕਾਰ ਨੂੰ ਕਰਾਂ ਵਿਚ ਵਾਧੇ ਦੀ ਸੰਭਾਵਨਾ ਲਗਦੀ ਹੋਵੇ ਤਾਂ ਉਸ ਅਨੁਸਾਰ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਘੱਟ ਹੋਵੇਗੀ। ਇਸੇ ਕਰਕੇ ਕਿਸੇ ਖਾਸ ਸੈਕਟਰ ਵਿਚ ਨਿਵੇਸ਼ ਨੂੰ ਵਧਾਉਣ ਲਈ ਸਰਕਾਰਾਂ ਵਲੋਂ ਅਕਸਰ ਹੀ ਉਸ ਸੈਕਟਰ ਲਈ ਲੋੜੀਂਦੇ ਕੱਚੇ ਮਾਲ ਅਤੇ ਉਤਪਾਦਨ ਉੱਪਰ ਵੀ ਟੈਕਸ ਦੀਆਂ ਦਰਾਂ ਘੱਟ ਰੱਖੀਆਂ ਜਾਂਦੀਆਂ ਹਨ।

**1.7.3.5.2 ਲੰਮੇ ਸਮੇਂ (Long Run) ਵਿਚ ਪ੍ਰਭਾਵ ਪਾਉਣ ਵਾਲੇ ਤੱਤ :**

**1. ਨਵੇਂ ਖੇਤਰਾਂ ਦਾ ਵਿਕਾਸ (Development of New Territories) :**

ਹੋਰ ਨਵੇਂ ਖੇਤਰਾਂ (Territories) ਦੇ ਵਿਕਾਸ ਨਾਲ ਬਹੁਤ ਕਿਸਮਾਂ ਦੇ ਵੱਡੇ ਨਿਵੇਸ਼ ਕੀਤੇ ਜਾਂਦੇ ਹਨ। ਇਨ੍ਹਾਂ ਵੱਡੇ ਉਦਯੋਗਾਂ ਦੇ ਵਿਕਸਿਤ ਹੋਣ ਦੇ ਨਾਲ ਨਾਲ ਹੋਰ ਸਹੂਲਤਾਂ, ਜਿਵੇਂ ਕਿ ਰਿਹਾਇਸ਼ੀ ਅਤੇ ਵਪਾਰਕ ਇਮਾਰਤਾਂ, ਆਵਾਜਾਈ ਦੀਆਂ ਵਧੇਰੇ ਸਹੂਲਤਾਂ, ਬਿਜਲੀ ਆਦਿ ਦੀਆਂ ਵਾਧੂ ਲੋੜਾਂ ਦੀ ਜ਼ਰੂਰਤ ਪੈਦਾ ਹੁੰਦੀ ਹੈ। ਇਨ੍ਹਾਂ ਨਵੇ ਧੰਦਿਆਂ ਨੂੰ ਅਕਸਰ ਹੀ ਆਧਾਰਭੂਤ ਢਾਂਚਾ (infrastructure) ਕਿਹਾ ਜਾਂਦਾ ਹੈ। ਇਸ ਢਾਂਚੇ ਨੂੰ ਬਣਾਉਣ ਦੀ ਜ਼ਰੂਰਤ ਬਹੁਤ ਹੋਣ ਕਰਕੇ ਨਿਵੇਸ਼ ਕਰਨ ਲਈ ਵਧੇਰੇ ਸੰਭਾਵਨਾਵਾਂ ਹੁੰਦੀਆਂ ਹਨ। ਆਧਾਰਭੂਤ ਢਾਂਚੇ ਲਈ ਲੋੜੀਂਦੀਆਂ ਜਰੂਰਤਾਂ ਨੂੰ ਪੂਰਾ ਕਰਨ ਲਈ ਪੂੰਜੀ ਦੀ ਸੀਮਾਂਤ ਕਾਰਜਕੁਸ਼ਲਤਾ ਉੱਚੀ ਹੁੰਦੀ ਹੈ।

**2. ਉਤਪਾਦਨ ਦੀਆਂ ਤਕਨੀਕਾਂ (Techniques of Production) :**

ਉਤਪਾਦਨ ਕਰਨ ਲਈ ਨਵੀਆਂ ਤਕਨੀਕਾਂ ਦੀ ਵਰਤੋਂ ਕਾਰੋਬਾਰ ਦੇ ਲਾਭਾਂ ਨੂੰ ਵਧਾਉਂਦੀ ਹੋਈ, ਨਿਵੇਸ਼ਕਾਂ ਦੀ ਨਿਵੇਸ਼ ਕਰਨ ਲਈ ਪ੍ਰਵਿਰਤੀ ਨੂੰ ਵਧਾਉਂਦੀ ਹੈ। ਇਨ੍ਹਾਂ ਵਧੇਰੇ ਲਾਭਾਂ ਦੇ ਮੌਕਿਆਂ ਨੂੰ ਪਾਉਣ ਲਈ ਨਿਵੇਸ਼ਕਾਂ ਲਈ ਪੂੰਜੀ ਦੀ ਕਾਰਜ ਕੁਸ਼ਲਤਾ ਵਧ ਜਾਂਦੀ ਹੈ ਸਿੱਟੇ ਵਜੋਂ ਨਵੀਆਂ ਤਕਨੀਕਾਂ ਦੀ ਵਰਤੋਂ ਨਾਲ ਹੋ ਰਹੀ ਤਰੱਕੀ ਪੂੰਜੀ ਦੀ ਕਾਰਜ ਕੁਸ਼ਲਤਾ ਨੂੰ ਵਧਾਉਣ ਵਿਚ ਸਹਾਇਕ ਹੁੰਦੀ ਹੈ। ਕਾਰਾਂ, ਸਕੂਟਰ, ਕੱਪੜਾ, ਬਿਜਲੀ ਦੇ ਉਪਕਰਣਾਂ ਆਦਿ ਦੇ ਉਤਪਾਦਨ ਦੀ ਜਰੂਰਤ ਨੂੰ ਹੋਰ ਤਕਨੀਕੀ ਵਿਕਾਸ ਨੂੰ ਉਤਸ਼ਾਹਿਤ ਕੀਤਾ ਹੈ। ਭਾਵ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਵਿਚ ਵੀ ਵਾਧਾ ਹੋਇਆ ਹੈ।

**3. ਜਨਸੰਖਿਆ (Population) :**

ਆਬਾਦੀ ਦੇ ਵੱਧਣ ਨਾਲ ਨਿਵੇਸ਼ ਉੱਪਰ ਚੰਗਾ ਪ੍ਰਭਾਵ ਪੈਂਦਾ ਹੈ ਕਿਉਂਕਿ ਤੇਜੀ ਨਾਲ ਵਧ ਰਹੀ ਆਬਾਦੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਹੋਰ ਵਧੇਰੇ ਪੂੰਜੀ ਨਿਵੇਸ਼ ਦੀ ਲੋੜ ਹੁੰਦੀ ਹੈ, ਜਿਵੇਂ ਕਿ ਉਪਭੋਗੀ ਵਸਤਾਂ, ਜਨਤਕ ਸੇਵਾਵਾਂ, ਰਿਹਾਇਸ਼ੀ ਮਕਾਨਾਂ ਆਦਿ ਦੀ ਮੰਗ ਵਿਚ ਵਾਧਾ। ਇਸ ਤਰ੍ਹਾਂ ਹੋਣ ਨਾਲ ਨਿਵੇਸ਼ਕਾਂ ਲਈ ਪੂੰਜੀ ਦੀ ਸੰਭਾਵਿਤ ਸੀਮਾਂਤ ਕਾਰਜ ਕੁਸ਼ਲਤਾ ਵਿਚ ਵਧੇਰੇ ਵਾਧਾ ਹੋ ਜਾਂਦਾ ਹੈ।

**4. ਸਮਾਜਿਕ ਅਤੇ ਰਾਜਨੀਤਿਕ ਹਾਲਤਾਂ (Social and Political Conditions) :**

ਜੇਕਰ ਕਿਸੇ ਦੇਸ਼ ਵਿਚ ਸ਼ਾਂਤੀ, ਸੁਰੱਖਿਆ ਅਤੇ ਰਾਜਨੀਤਿਕ ਸਥਿਰਤਾ ਦੇ ਹਾਲਾਤ ਬਣੇ ਰਹਿੰਦੇ ਹਨ ਤਾਂ ਅਰਥ ਵਿਵਸਥਾ ਵਿਚ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਉੱਚੀ ਹੋਵੇਗੀ। ਇਸਦੇ ਉਲਟ ਜੇ ਅਸੁਰੱਖਿਆ, ਅਸਥਿਰਤਾ ਅਤੇ ਅਸ਼ਾਂਤੀ ਵਰਗੇ ਹਾਲਾਤ ਬਣੇ ਰਹਿਣ ਤਾਂ ਪੂੰਜੀ ਦੀ ਸੰਭਾਵਿਤ ਸੀਮਾਂਤ ਕਾਰਜ ਕੁਸ਼ਲਤਾ ਘੱਟ ਹੋਵੇਗੀ।

**5. ਵਿਦੇਸ਼ੀ ਵਪਾਰ (Foreign Trade) :**

ਜੇਕਰ ਕਿਸੇ ਅਰਥ ਵਿਵਸਥਾ ਵਿਚ ਵਿਦੇਸ਼ੀ ਵਪਾਰ ਵਿਚ ਨਿਰਯਾਤ ਵਧਣ ਦੀਆਂ ਸੰਭਾਵਨਾਵਾਂ ਵਧੇਰੇ ਹੋਣ ਤਾਂ ਵੀ ਪੂੰਜੀ ਦੀ ਭਵਿੱਖੀ ਸੀਮਾਂਤ ਕਾਰਜਕੁਸ਼ਲਤਾ ਉਚੀ ਹੋਵੇਗੀ। ਇਸ ਤੋਂ ਉਲਟ ਜੇ ਦੇਸ਼ ਵਿਚੋਂ ਨਿਰਯਾਤ ਦੀਆਂ ਸੰਭਾਵਨਾ ਘੱਟ ਹੋਣ ਤਾਂ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ (MEC) ਵੀ ਘੱਟ ਹੋਵੇਗੀ।

**1.7.4 ਸਾਰ ਅੰਸ਼ (Summary) :**

ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ (MEC) ਉਸ ਅਨੁਮਾਨਿਤ ਰਾਸ਼ੀ (ਲਾਭ) ਹੈ ਜਿਹੜਾ ਇਕ ਵਿਅਕਤੀ ਨਵੀਂ ਪੂੰਜੀ ਦੇ ਨਿਵੇਸ਼ ਕਰਨ ਨਾਲ ਆਸ ਰਖਦਾ ਹੈ। ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਦੀ ਇਹ ਧਾਰਨਾ ਮੁੱਖ ਤੌਰ ਨਿਵੇਸ਼ਕਾਂ ਦੀ ਮਨੋਵਿਗਿਆਨਕ ਸਥਿਤੀ ਉਪਰ ਨਿਰਭਰ ਕਰਦੀ ਹੈ। ਦੇਸ਼ ਦੀ ਤਰੱਕੀ ਲਈ ਨਿਵੇਸ਼ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਨਿਵੇਸ਼ ਮੁੱਖ ਤੌਰ ਦੋ ਧਾਰਨਾਵਾਂ MEC ਅਤੇ ਵਿਆਜ ਦੀ ਦਰ ਉਪਰ ਨਿਰਭਰ ਕਰਦਾ ਹੈ। ਜੇਕਰ ਇਕ ਅਰਥ ਵਿਵਸਥਾ ਵਿਚ ਸੰਭਾਵਿਤ MEC ਬਹੁਤ ਉਚੀ ਹੈ ਭਾਵ ਨਿਵੇਸ਼ਕਾਂ ਨੂੰ

ਇਹ ਮਹਿਸੂਸ ਹੁੰਦਾ ਕਿ ਨਿਵੇਸ਼ ਕਰਨ ਦੇ MEC ਉਚੀ ਹੋਣ ਕਾਰਨ ਉਨ੍ਹਾਂ ਨੂੰ ਨਿਵੇਸ਼ ਕੀਤੀ ਰਕਮ ਉਪਰ ਵਧੇਰੇ ਲਾਭ ਮਿਲਣ ਦੀ ਆਸ ਹੈ ਤਾਂ ਉਹ ਵਧੇਰੇ ਨਿਵੇਸ਼ ਕਰਨਗੇ। ਸਿੱਟੇ ਵਜੋਂ ਅਰਥ-ਵਿਵਸਥਾ ਦਾ ਵਧੇਰੇ ਵਿਕਾਸ ਹੋਵੇਗਾ। ਕਹਿਣ ਤੋਂ ਭਾਵ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਕਿਸੇ ਅਰਥ ਵਿਵਸਥਾ ਦੇ ਵਿਕਾਸ ਵਿਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

### 1.7.5 ਛੋਟੇ ਉੱਤਰਾਂ ਵਾਲੇ ਪ੍ਰਸ਼ਨ :

(ੳ) ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਨੂੰ ਪ੍ਰੀਭਾਸ਼ਿਤ ਕਰੋ।

(ਅ) ਅਨੁਮਾਨਿਤ ਆਮਦਨ (Prospective yield) ਕੀ ਹੁੰਦੀ ਹੈ?

(ੲ) ਪੂਰਤੀ ਕੀਮਤ (supply price) ਤੋਂ ਕੀ ਭਾਵ ਹੁੰਦਾ ਹੈ?

(ਸ) ਵਿਆਜ ਦੀ ਦਰ ਤੋਂ ਕੀ ਭਾਵ ਹੁੰਦਾ ਹੈ?

### 1.7.6 ਲੰਮੇ ਉੱਤਰਾਂ ਵਾਲੇ ਪ੍ਰਸ਼ਨ :

(ੳ) ਪੂੰਜੀ ਦੀ ਸੀਮਾਂਤ ਕਾਰਜ-ਕੁਸ਼ਲਤਾ ਦੀ ਪ੍ਰਕ੍ਰਿਆ ਦਾ ਵਰਨਣ ਕਰੋ।

(ਅ) ਪੂੰਜੀ ਦੀ ਸੀਮਾਂਤ ਕਾਰਜ-ਕੁਸ਼ਲਤਾ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਬਾਰੇ ਲਿਖੋ।

### 1.7.7 ਪੁਸਤਕ ਸੂਚੀ :

1. Stonier, A.W. and Hague, D.C., A Text Book of Economic Theory, Longman, London, New York.
2. Shapiro, E., Macroeconomic Analysis, Galgotia (P) Ltd., New Delhi, 2008.
3. ਝਿੰਗਨ, ਐਮ.ਐਲ., ਸਮਸ਼ਟੀ ਅਰਥਸ਼ਾਸਤ੍ਰ, ਵਰਿੰਦਾ ਪਬਲੀਕੇਸ਼ਨਜ, ਪ੍ਰਾਈਵੇਟ ਲਿਮ., ਨਵੀਂ ਦਿੱਲੀ, 2002.
4. Sharma, R.K. and Gulshan Kumar, Macro Economics, Modern Publishers, Jalandhar, New Delhi. **(ਪੰਜਾਬੀ ਮਾਧਿਅਮ)**

**ਪਾਠ ਨੰ. 1.8** **ਲੇਖਕ: ਡਾ. ਕੰਵਲਜੀਤ ਕੌਰ ਗਿੱਲ**

Last updated on 26 June, 2023

## ਨਿਵੇਸ਼ ਫਲਨ : ਕਿਸਮਾਂ ਅਤੇ ਨਿਵੇਸ਼ ਫੈਸਲੇ
## (Investment Function: Types and Investment Decisions)

### ਪਾਠ ਦੀ ਰੂਪ ਰੇਖਾ

1.8.1 ਪਾਠ ਦਾ ਉਦੇਸ਼
1.8.2 ਭੂਮਿਕਾ
1.8.3 ਨਿਵੇਸ਼ ਦਾ ਅਰਥ
 1.8.3.1 ਪਰਿਭਾਸ਼ਾ
 1.8.3.2 ਨਿਵੇਸ਼ ਅਤੇ ਪੂੰਜੀ ਵਿਚ ਅੰਤਰ
 1.8.3.3 ਨਿਵੇਸ਼ ਅਤੇ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ
1.8.4 ਨਿਵੇਸ਼ ਮੰਗ ਸੂਚੀ
1.8.5 ਨਿਵੇਸ਼ ਦੀਆਂ ਕਿਸਮਾਂ
1.8.6 ਨਿਵੇਸ਼ ਫੈਸਲੇ
 1.8.6.1 ਨਿਵੇਸ਼ ਫੈਸਲਿਆਂ ਦੇ ਮਾਪ ਦੰਡ
1.8.7 ਨਿਵੇਸ਼ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ
1.8.8 ਸਾਰ ਅੰਸ਼
1.8.9 ਛੋਟੇ ਪ੍ਰਸ਼ਨ
1.8.10 ਵੱਡੇ ਪ੍ਰਸ਼ਨ
1.8.11 ਪ੍ਰਕਾਸ਼ਿਤ ਪੁਸਤਕਾਂ

### 1.8.1 ਉਦੇਸ਼ (Objectives)

ਇਸ ਪਾਠ ਦਾ ਮੁੱਖ ਉਦੇਸ਼ ਵਿਦਿਆਰਥੀ ਨੂੰ ਇਹ ਦੱਸਣਾ ਹੈ ਕਿ :

- ਆਮ ਬੋਲ ਚਾਲ ਦੀ ਭਾਸ਼ਾ ਤੋਂ ਹੱਟ ਕੇ ਨਿਵੇਸ਼ ਦਾ ਤਕਨੀਕੀ ਭਾਵ ਕੀ ਹੈ;
- ਨਿਵੇਸ਼ ਅਤੇ ਪੂੰਜੀ ਵਿਚਾਲੇ ਕੀ ਅੰਤਰ ਹੈ;
- ਨਿਵੇਸ਼ ਕਰਨ ਵੇਲੇ ਇਕ ਉਦਮੀ ਦੇ ਦਿਮਾਗ ਵਿਚ ਕਿਸ ਪ੍ਰਕਾਰ ਦੇ ਸੁਆਲ ਆਉਂਦੇ ਹਨ ਅਤੇ ਉਹਨਾਂ ਸੁਆਲਾਂ ਦੇ ਜੁਆਬ ਅਰਥ ਸ਼ਾਸ਼ਤਰ ਦੇ ਸਿਧਾਂਤਾਂ ਵਿਚੋਂ ਕਿਵੇਂ ਲੱਭੇ ਜਾ ਸਕਦੇ ਹਨ; ਅਤੇ
- ਉਹ ਕਿਹੜੇ ਤੱਤ ਹਨ ਜਿਹੜੇ ਨਿਵੇਸ਼ ਦੀ ਮਾਤਰਾ ਵੱਧ ਜਾਂ ਘੱਟ ਕਰਨ ਦੀਆਂ ਹਦਾਇਤਾਂ ਦਿੰਦੇ ਹਨ।

### 1.8.2 ਭੂਮਿਕਾ (Introduction)

ਕਿਸੇ ਵੀ ਅਰਥ ਵਿਵਸਥਾ ਵਿਚ ਵਸਤੂਆਂ ਅਤੇ ਸੇਵਾਵਾਂ ਦਾ ਉਤਪਾਦਨ ਕਰਨ ਵਾਸਤੇ ਉਤਪਾਦਨ ਦੀ ਸਮਰੱਥਾ ਨੂੰ ਪੈਦਾ ਕੀਤਾ ਜਾਂਦਾ ਹੈ, ਇਹ ਸਮਰੱਥਾ ਪੂੰਜੀ ਲਗਾ ਕੇ ਪੈਦਾ ਕੀਤੀ ਜਾਂਦੀ ਹੈ। ਉਤਪਾਦਨ ਕਰਨ ਵਾਸਤੇ ਮਸ਼ੀਨਾਂ, ਬਿਲਡਿੰਗ, ਕੱਚਾ ਮਾਲ ਅਤੇ ਹੋਰ ਕਈ ਪ੍ਰਕਾਰ ਦਾ ਸਾਜੋ ਸਮਾਨ ਉਪਲਬਧ ਕਰਵਾਇਆ ਜਾਂਦਾ ਹੈ। ਇਸ ਸਾਜੋ ਸਮਾਨ ਵਾਸਤੇ ਜੋ ਸ਼ੁਰੂ ਵਿਚ ਪੂੰਜੀ ਲਗਾਈ ਜਾਂਦੀ ਹੈ ਉਸਨੂੰ ਤਕਨੀਕੀ ਭਾਸ਼ਾ ਵਿਚ ਨਿਵੇਸ਼ ਕਰਨਾ ਕਹਿੰਦੇ ਹਨ। ਇਹ ਪੂੰਜੀ ਜਾਂ ਨਿਵੇਸ਼ ਉਤਪਾਦਨ ਦੇ ਨਾਲ ਨਾਲ ਹੋਰ ਪੂੰਜੀ ਪਦਾਰਥਾਂ ਵਿਚ ਵੀ ਵਾਧਾ ਕਰਦਾ ਹੈ। ਇਹ ਪੂੰਜੀ ਜਾਂ ਨਿਵੇਸ਼ ਤੋਂ ਕੀ ਭਾਵ ਹੈ, ਇਹ ਕਿਸ ਪ੍ਰਕਾਰ ਦਾ ਹੁੰਦਾ ਹੈ ਜਾਂ ਕਿਹੜੇ ਤੱਤਾਂ ਤੋਂ ਪ੍ਰਭਾਵਿਤ ਹੁੰਦਾ ਹੈ, ਇਹ ਕਿਸ-ਕਿਸ ਕਿਸਮ ਦਾ ਹੋ ਸਕਦਾ ਹੈ, ਕੀ ਇਹ ਕਿਸੇ ਸਿਧਾਂਤ ਆਦਿ ਤੋਂ ਵੀ ਪ੍ਰਭਾਵਿਤ ਹੁੰਦਾ ਹੈ ਆਦਿ ਕੁਝ ਪ੍ਰਸ਼ਨ ਹਨ ਜਿਨ੍ਹਾਂ ਦਾ ਜੁਆਬ ਜਾਨਣਾ ਜ਼ਰੂਰੀ ਹੈ। ਇਸ ਪਾਠ

ਵਿਚ ਅਸੀਂ ਨਿਵੇਸ਼ ਨੂੰ ਤਕਨੀਕੀ ਪੱਖ ਤੋਂ ਜਾਨਣ ਦੀ ਕੋਸ਼ਿਸ਼ ਕੀਤੀ ਹੈ।

### 1.8.3 ਨਿਵੇਸ਼ ਦਾ ਅਰਥ (Meaning of Investment)

ਆਮ ਬੋਲ ਚਾਲ ਦੀ ਭਾਸ਼ਾ ਵਿਚ ਜਦੋਂ ਅਸੀਂ ਕਿਸੇ ਕੰਪਨੀ ਦੇ ਸ਼ੇਅਰ ਜਾਂ ਸਰਕਾਰੀ ਸਕਿਉਰਿਟੀਆਂ ਆਦਿ ਖਰੀਦਦੇ ਹਾਂ ਜਾਂ ਬੈਂਕਾਂ ਵਿਚ ਫਿਕਸਡ ਡਿਪਾਜ਼ਿਟ ਆਦਿ ਕਰਵਾ ਦਿੰਦੇ ਹਾਂ ਤਾਂ ਅਸੀਂ ਕਹਿੰਦੇ ਹਾਂ ਕਿ ਪੈਸਾ ਨਿਵੇਸ਼ ਕਰ ਦਿੱਤਾ। ਅਸਲ ਵਿਚ ਇਹ ਨਿਵੇਸ਼ ਨਹੀਂ। ਇਹ ਤਾਂ ਰਕਮ ਦਾ ਇਕ ਹੱਥ ਤੋਂ ਦੂਜੇ ਹੱਥ ਜਾਣਾ ਹੈ। ਜਾਂ ਇਹ ਕੇਵਲ ਵਿੱਤੀ ਨਿਵੇਸ਼ ਹੈ (financial investment)। ਇਸ ਨਾਲ ਕਿਸੇ ਪ੍ਰਕਾਰ ਦੇ ਸਾਧਨਾਂ ਵਿਚ ਵਾਧਾ ਨਹੀਂ ਹੁੰਦਾ ਅਤੇ ਨਾ ਹੀ ਦੇਸ਼ ਵਿਚ ਸਮੁੱਚੇ ਤੌਰ ਤੇ ਖਰਚ ਉਪਰ ਕੋਈ ਪ੍ਰਭਾਵ ਪੈਂਦਾ ਹੈ।

ਜਦੋਂ ਕਿਸੇ ਪ੍ਰਕਾਰ ਦੇ ਵਿੱਤੀ ਨਿਵੇਸ਼ ਨਾਲ ਪੂੰਜੀਗਤ ਪਦਾਰਥਾਂ ਦੀ ਖਰੀਦੋ ਫਰੋਖਤ ਦੁਆਰਾ ਸਮੁੱਚੇ ਤੌਰ ਤੇ ਖਰਚ ਵਿਚ ਵਾਧਾ ਹੁੰਦਾ ਹੈ ਤਾਂ ਉਸਨੂੰ ਅਸਲ ਜਾਂ ਵਾਸਤਵਿਕ ਨਿਵੇਸ਼ (real investment) ਕਿਹਾ ਜਾਂਦਾ ਹੈ। ਅਸਲ ਵਿਚ ਪੂੰਜੀ ਪਦਾਰਥਾਂ ਵਿਚ ਵਾਧਾ ਹੀ ਨਿਵੇਸ਼ ਹੁੰਦਾ ਹੈ। ਇਸ ਨਾਲ ਹੋਰ ਪੂੰਜੀ ਨਿਰਮਾਣ ਹੁੰਦਾ ਹੈ। ਕੇਨਜ਼ (Keynes) ਦੇ ਆਮਦਨ, ਉਤਪਾਦਨ ਅਤੇ ਰੁਜ਼ਗਾਰ ਦੇ ਸਿਧਾਂਤ ਵਿਚ ਨਿਵੇਸ਼ ਦਾ ਖਾਸਾ ਮਹੱਤਵ ਹੈ।

#### 1.8.3.1 ਨਿਵੇਸ਼ ਦੀ ਪਰਿਭਾਸ਼ਾ (Definition of Investment)

Joan Robinson ਦੇ ਸ਼ਬਦਾਂ ਵਿਚ ਪੂੰਜੀ ਨਿਵੇਸ਼ ਤੋਂ ਭਾਵ ਹੈ ਪੂੰਜੀ ਵਿਚ ਵਾਧਾ ਜਾਂ ਵਸਤੂਆਂ ਦੇ ਮੌਜੂਦਾ ਸਟਾਕ ਵਿਚ ਵਾਧਾ। ਇਹ ਵਾਧਾ ਉਦੋਂ ਹੁੰਦਾ ਹੈ ਜਦੋਂ ਕੋਈ ਨਵਾਂ ਨਿਰਮਾਣ ਕਾਰਜ ਹੁੰਦਾ ਹੈ, ਜਿਵੇਂ ਨਵੀਂ ਫੈਕਟਰੀ, ਮਕਾਨ, ਡੈਮ, ਸੜਕਾਂ, ਬਿਲਡਿੰਗਾਂ ਆਦਿ। ਕਿਸੇ ਵੀ ਅਰਥ ਵਿਵਸਥਾ ਵਿਚ ਆਮਦਨ, ਉਤਪਾਦਨ ਅਤੇ ਰੁਜ਼ਗਾਰ, ਕੁਲ ਪ੍ਰਭਾਵੀ ਮੰਗ ਉਪਰ ਨਿਰਭਰ ਕਰਦੇ ਹਨ। ਇਹ ਪ੍ਰਭਾਵੀ ਮੰਗ ਉਪਭੋਗ ਅਤੇ ਨਿਵੇਸ਼ ਖਰਚਿਆਂ ਦੁਆਰਾ ਨਿਰਧਾਰਤ ਹੁੰਦੀ ਹੈ। ਅਰਥਾਤ ਉਪਭੋਗ ਵਸਤਾਂ ਅਤੇ ਨਿਵੇਸ਼ ਵਸਤਾਂ ਉਪਰ ਕੀਤੇ ਖਰਚੇ, ਆਮਦਨ ਅਤੇ ਰੁਜਗਾਰ ਦੇ ਪੱਧਰ ਨੂੰ ਨਿਰਧਾਰਤ ਕਰਦੇ ਹਨ। ਰੁਜਗਾਰ ਪੈਦਾ ਕਰਨ ਵਾਸਤੇ ਵੱਧ ਨਿਵੇਸ਼ ਦੀ ਜ਼ਰੂਰਤ ਹੈ। ਇਵੇਂ ਹੀ ਪ੍ਰਭਾਵੀ ਮੰਗ ਵੀ ਉਸ ਵੇਲੇ ਹੀ ਵਧੇਗੀ ਜੇਕਰ ਵਖੋ –ਵੱਖਰੇ ਕਾਰਜਾਂ ਵਿਚ ਨਿਵੇਸ਼ ਹੋ ਰਿਹਾ ਹੈ। ਇਹ ਨਿਵੇਸ਼ ਰੁਜ਼ਗਾਰ ਪੈਦਾ ਕਰਕੇ ਪ੍ਰਭਾਵੀ ਮੰਗ ਨੂੰ ਵਧਾਉਂਦਾ ਹੈ।

**ਸਵੈ ਅਭਿਆਸ ਲਈ ਪ੍ਰਸ਼ਨ**

1. ਨਿਵੇਸ਼ ਦੀ ਪ੍ਰੀਭਾਸ਼ਾ ਦਿਉ।
2. ਆਮ ਖਰਚੇ ਅਤੇ ਨਿਵੇਸ਼ ਵਿਚ ਕੀ ਫਰਕ ਹੈ।
3. ਆਮ ਖਰਚਾ, ਨਿਵੇਸ਼ ਕਦੋਂ ਕਹਾਉਂਦਾ ਹੈ।

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਸੰਖੇਪ ਵਿਚ ਉਤਰ ਦੇਣ ਦਾ ਯਤਨ ਕਰੋ।

#### 1.8.3.2 ਨਿਵੇਸ਼ ਅਤੇ ਪੂੰਜੀ ਵਿਚ ਅੰਤਰ

ਭਾਵੇਂ ਨਿਵੇਸ਼ ਅਤੇ ਪੂੰਜੀ ਵਿਚ ਵਿਵਹਾਰਕ ਤੌਰ ਤੇ ਕੋਈ ਬਹੁਤ ਅੰਤਰ ਨਹੀਂ ਪਰੰਤੂ ਕਈ ਅਰਥ ਸ਼ਾਸਤਰੀ ਇਸ ਨੂੰ 'ਸਟਾਕ' ਦੇ ਰੂਪ ਵਿਚ ਲੈਂਦੇ ਹੋਏ ਵਖੋ ਵੱਖਰਾ ਦੱਸਦੇ ਹਨ।

ਪੂੰਜੀ ਇਕ 'ਸਟਾਕ' ਦੀ ਧਾਰਨਾ ਹੈ। ਸ਼ੁਰੂ ਵਿਚ ਕਿਸੇ ਉਦਮੀ ਦੁਆਰਾ ਜਦੋਂ ਪੈਸਾ ਲਗਾਇਆ ਜਾਂਦਾ ਹੈ ਤਾਂ ਉਸਨੂੰ ਮੁਢਲਾ ਨਿਵੇਸ਼ ਹੀ ਕਿਹਾ ਜਾਂਦਾ ਹੈ। ਕਾਰੋਬਾਰ ਸ਼ੁਰੂ ਕਰਨ ਵੇਲੇ ਨਿਵੇਸ਼ ਅਤੇ ਪੂੰਜੀ ਬਰਾਬਰ ਹੀ ਹੁੰਦੇ ਹਨ। ਉਤਪਾਦਨ ਪ੍ਰਕ੍ਰਿਆ ਦੌਰਾਨ ਵਸਤੂਆਂ ਮੰਡੀ ਵਿਚ ਜਾਂਦੀਆਂ ਹਨ। ਮਜ਼ਦੂਰਾਂ ਨੂੰ ਮਜ਼ਦੂਰੀ ਦੇ ਰੂਪ ਵਿਚ ਧਨ ਮਿਲਦਾ ਹੈ। ਜਿਸ ਨਾਲ ਉਨ੍ਹਾਂ ਦੀ ਖਰੀਦ ਸ਼ਕਤੀ ਜਾਂ ਪ੍ਰਭਾਵੀ ਮੰਗ ਵਧਦੀ ਹੈ, ਉਸ ਮੰਗ ਨੂੰ ਪੂਰਾ ਕਰਨ ਲਈ ਹੋਰ ਕਈ ਪ੍ਰਕਾਰ ਦਾ ਨਿਵੇਸ਼ ਕੀਤਾ ਜਾਂਦਾ ਹੈ। ਜਿਸ ਨਾਲ ਮੁਢਲੇ ਨਿਵੇਸ਼ ਵਿਚ ਸਮੁੱਚੇ ਰੂਪ ਵਿਚ ਕੁਲ ਵਾਧਾ ਹੋਣਾ ਸ਼ੁਰੂ ਹੋ ਜਾਂਦਾ ਹੈ।

ਆਮ ਤੌਰ ਤੇ ਪੂੰਜੀ ਤੋਂ ਭਾਵ ਕਾਰੋਬਾਰ ਲਈ ਅਸਲੀ ਸਾਧਨਾਂ ਜਿਵੇਂ ਮਸ਼ੀਨ, ਫੈਕਟਰੀ, ਕੱਚਾ ਮਾਲ, ਪੈਦਾ ਕੀਤੀਆਂ ਵਸਤਾਂ ਦਾ ਭੰਡਾਰ ਆਦਿ ਬਨਾਉਣ ਤੋਂ ਲਿਆ ਜਦਾ ਹੈ। ਫਰਕ ਕੇਵਲ ਇਤਨਾ ਹੈ ਕਿ ਪੂੰਜੀ ਪਹਿਲਾ ਤੋਂ ਹੀ ਲਗਾਏ ਗਏ ਆਦਾਨ ਜਾਂ ਸਾਧਨਾਂ (inputs or assets) ਨੂੰ ਕਹਿੰਦੇ ਹਨ। ਜਦੋਂ ਕਿ ਨਿਵੇਸ਼ ਉਨ੍ਹਾਂ ਸਾਧਨਾਂ ਨੂੰ ਕੰਮ ਵਿਚ ਲਿਆ ਕੇ ਉਤਪਾਦਨ ਕਰਨ ਅਤੇ ਇਹੋ ਜਿਹੇ ਹੋਰ ਸਾਧਨਾਂ ਦੀ ਪ੍ਰਾਪਤੀ ਨੂੰ ਕਹਿੰਦੇ ਹਨ।

$$I_t = C_t - C_{t-1}$$

ਇਥੇ I ਅਤੇ C ਕ੍ਰਮਵਾਰ ਨਿਵੇਸ਼ ਅਤੇ ਪੂੰਜੀ ਨੂੰ ਦਰਸਾਉਂਦੇ ਹਨ। ਪੂੰਜੀ ਅਤੇ ਨਿਵੇਸ਼ ਇਕ ਦੂਜੇ ਨਾਲ ਸ਼ੁੱਧ ਨਿਵੇਸ਼ ਰਾਹੀਂ ਜੁੜੇ ਹੋਏ ਹਨ। ਇਹ ਸ਼ੁੱਧ ਨਿਵੇਸ਼ (Net Investment), ਅਪ੍ਰਚਲਨ ਖਰਚੇ (Obselecence) ਅਤੇ ਘਸਾਈ

ਖਰਚਿਆਂ (depriciation charges) ਤੋਂ ਪ੍ਰਭਾਵਿਤ ਹੁੰਦਾ ਹੈ। ਇਸ ਲਈ ਕੁਲ ਨਿਵੇਸ਼ ਇਨ੍ਹਾਂ ਖਰਚਿਆਂ ਤੋਂ ਕਈ ਗੁਣਾ ਵੱਧ ਹੋਵੇ ਤਾਂ ਹੀ ਅਰਥ ਵਿਵਸਥਾ ਦੇ ਪੂੰਜੀ ਸਟਾਕ ਵਿਚ ਵਾਧਾ ਹੋਵੇਗਾ।

**1.8.3.3 ਪੂੰਜੀ ਅਤੇ ਨਿਵੇਸ਼ ਦੀ ਸੀਮਾਂਤ ਕਾਰਜ ਕੁਸ਼ਲਤਾ (Marginal Efficiency of Captial and Investment)**

ਕਿਸੇ ਸਮੇਂ ਅਰਥ ਵਿਵਸਥਾ ਵਿਚ ਨਿਵੇਸ਼ ਦੀ ਮਾਤਰਾ ਵੱਧ ਹੋਵੇਗੀ ਜਾਂ ਘੱਟ, ਇਹ ਇਸ ਗੱਲ ਉਪਰ ਨਿਰਭਰ ਕਰਦਾ ਹੈ ਕਿ ਇਸ ਨਵੇਂ ਨਿਵੇਸ਼ ਤੋਂ ਹੋਣ ਵਾਲਾ ਸੰਭਾਵਿਤ ਪ੍ਰਤੀਫਲ (return) ਕਿਤਨਾ ਕੁ ਹੈ। ਇਸ ਨੂੰ ਸਮਝਣ ਵਾਸਤੇ ਪਹਿਲਾਂ ਸਾਨੂੰ ਦੋ ਸੰਕਲਪਾਂ ਬਾਰੇ ਜਾਣਕਾਰੀ ਹੋਣੀ ਜ਼ਰੂਰੀ ਹੈ।

ਇਹ ਸੰਕਲਪ ਹਨ :

(ੳ) ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਅਤੇ

(ਅ) ਨਿਵੇਸ਼ ਦੀ ਸੀਮਾਂਤ ਕਾਰਜ ਕੁਸ਼ਲਤਾ

**(ੳ) ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ (Marginal Efficiency of Capital)**

ਨਿਵੇਸ਼ ਨੂੰ ਨਿਰਧਾਰਤ ਕਰਨ ਵਾਲੇ ਦੋ ਮੁੱਖ ਤੱਤ ਹਨ – ਪਹਿਲਾ ਵਿਆਜ ਦੀ ਦਰ ਅਤੇ ਦੂਜਾ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ। ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ, ਕਿਸੇ ਪੂੰਜੀਗਤ ਸਾਧਨ ਤੋਂ ਪ੍ਰਾਪਤ ਹੋਈ ਅਧਿਕਤਮ ਆਮਦਨ ਜਾਂ ਪ੍ਰਤੀਫਲ ਹੈ ਜੋ ਉਸੇ ਪ੍ਰਕਾਰ ਦੀ ਇਕ ਹੋਰ ਵਾਧੂ ਜਾਂ ਸੀਮਾਂਤ ਇਕਾਈ ਲਗਾਉਣ ਉਪਰੰਤ, ਸਾਰੀਆਂ ਲਾਗਤਾਂ ਘਟਾਉਣ ਤੋਂ ਬਾਅਦ ਪ੍ਰਾਪਤ ਹੁੰਦੀ ਹੈ (Marginal Efficiency of Capital is the highest rate of return, over cost, expected from producing one more unit of a particular type of capital asset) ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਸਮੁੱਚੇ ਪੂੰਜੀ ਨਿਵੇਸ਼ ਨੂੰ ਸਿੱਧੇ ਰੂਪ ਵਿਚ ਪ੍ਰਭਾਵਿਤ ਕਰਦੀ ਹੈ। ਜਦੋਂ ਵੀ ਕੋਈ ਨਵਾਂ ਨਿਵੇਸ਼ ਕੀਤਾ ਜਾਂਦਾ ਹੈ ਤਾਂ ਉੱਦਮੀ ਆਪਣੀ ਕੁਲ ਉਪਜ ਦੀ ਵਿਕਰੀ ਤੋਂ ਆਪਣੀ ਮੂਲ ਰਕਮ ਨਾਲੋਂ ਕੁਝ ਵਧੇਰੇ ਪ੍ਰਾਪਤ ਕਰਨ ਦੀ ਆਸ ਰੱਖਦਾ ਹੈ। ਨਿਵੇਸ਼ ਕਰਤਾ ਆਪਣੀ ਪੂੰਜੀ ਤੋਂ ਪ੍ਰਾਪਤ ਸੰਭਾਵੀ' ਆਮਦਨ ਦਾ ਅੰਦਾਜਾ ਲਾਉਣ ਲਈ ਪਹਿਲਾ ਪੂੰਜੀਗਤ ਸਾਧਨਾਂ ਦੀ ਪੂਰਤੀ ਲਾਗਤ ਦੇਖਦਾ ਹੈ ਅਤੇ ਦੂਜਾ ਇਹ ਵੀ ਧਿਆਨ ਵਿਚ ਰੱਖਦਾ ਹੈ ਕਿ ਇਸ ਨਿਵੇਸ਼ ਨੇ ਕਿਤਨੇ ਸਾਲ ਤੱਕ ਕੰਮ ਦੇਣਾ ਹੈ, ਅਰਥਾਤ ਉਸ ਨਿਵੇਸ਼ ਦੇ ਜੀਵਨ ਕਾਲ ਦੌਰਾਨ ਉਸਨੂੰ ਕਿਤਨੀ ਆਮਦਨ ਹੋਵੇਗੀ। ਇਸ ਪ੍ਰਕਾਰ ਉਹ ਕਟੌਤੀ ਦਰ (discount rate) ਨੂੰ ਵੀ ਗਿਣਤੀ-ਮਿਣਤੀ ਵਿਚ ਲੈਂਦਾ ਹੈ। ਦੂਜੇ ਲਫ਼ਜ਼ਾਂ ਵਿਚ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਉਹ ਕਟੌਤੀ ਦਰ ਹੈ ਜੋ ਸੰਭਾਵੀ ਆਮਦਨ ਨੂੰ ਵਰਤਮਾਨ ਲਾਗਤ ਦੇ ਬਰਾਬਰ ਕਰਦੀ ਹੈ (MEC is the rate of discount which equalizes the perpective yield of the supply price of the asset) ਕਿਉਂਕਿ ਸੀਮਾਂਤ ਕਾਰਜ ਕੁਸ਼ਲਤਾ ਨੂੰ ਪ੍ਰਤੀਸ਼ਤ ਦੇ ਰੂਪ ਵਿਚ ਗਿਣਿਆ ਜਾਂਦਾ ਹੈ ਇਸ ਲਈ ਇਸ ਦਾ ਵਿਆਜ ਦੀ ਦਰ ਨਾਲ ਵੀ ਸਿੱਧਾ ਸਬੰਧ ਹੋ ਜਾਂਦਾ ਹੈ।

ਇਸ ਪ੍ਰਕਾਰ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ, ਵਿਆਜ ਦਰ ਦੁਆਰਾ, ਨਿਵੇਸ਼ ਨੂੰ ਪ੍ਰਭਾਵਿਤ ਕਰਦੀ ਹੈ। ਜੇਕਰ ਵਿਆਜ ਦੀ ਦਰ ਘੱਟ ਹੈ ਤਾਂ ਪੂੰਜੀ ਦਾ ਵਰਤਮਾਨ ਮੁੱਲ ਜ਼ਿਆਦਾ ਹੋਵੇਗਾ ਅਤੇ ਜੇਕਰ ਵਿਆਜ ਦੀ ਦਰ ਵੱਧ ਹੈ ਤਾਂ ਪੂੰਜੀ ਦਾ ਵਰਤਮਾਨ ਮੁੱਖ ਘੱਟ ਜਾਂਦਾ ਹੈ। ਜਿਸ ਅਨੁਸਾਰ ਨਿਵੇਸ਼ ਵੀ ਵੱਧ ਜਾਂ ਘੱਟ ਹੋਵੇਗਾ।

**(ਅ) ਨਿਵੇਸ਼ ਦੀ ਸੀਮਾਂਤ ਕਾਰਜ ਕੁਸ਼ਲਤਾ (Marginal Efficiency of Investment)**

ਨਿਵੇਸ਼ ਦੀ ਸੀਮਾਂਤ ਕਾਰਜ ਕੁਸ਼ਲਤਾ ਪ੍ਰਤੀਫਲ ਦੀ ਉਹ ਦਰ ਹੈ ਜੋ ਕਿਸੇ ਪੂੰਜੀਗਤ ਸਾਧਨਾਂ ਉਪਰ ਨਿਵੇਸ਼ ਕਰਨ ਤੋਂ ਬਾਅਦ, ਵਿਆਜ ਦੀ ਦਰ ਨੂੰ ਛੱਡ ਕੇ, ਬਾਕੀ ਸਾਰੀਆਂ ਲਾਗਤਾਂ ਪੂਰੀਆਂ ਕਰਨ ਉਪਰੰਤ ਪ੍ਰਾਪਤ ਹੁੰਦੀ ਹੈ।

ਨਿਵੇਸ਼ ਦੀ ਸੀਮਾਂਤ ਕਾਰਜ ਕੁਸ਼ਲਤਾ ਵਿਆਜ ਦਰ ਦੀ ਸਹਾਇਤਾ ਨਾਲ ਕੁਲ ਨਿਵੇਸ਼ ਨੂੰ ਪ੍ਰਭਾਵਿਤ ਕਰਦੀ ਹੈ। ਜੇਕਰ ਵਿਆਜ ਦੀ ਦਰ ਵੱਧ ਹੋਵੇਗੀ ਤਾਂ, ਨਿਵੇਸ਼ ਪੱਧਰ ਘੱਟ ਹੋਵੇਗਾ ਕਿਉਂਕਿ ਇਹ ਬੱਚਤਾਂ ਨੂੰ ਵੱਧਣ ਵਿਚ ਸਹਾਇਕ ਹੁੰਦਾ ਹੈ। ਇਸ ਦੇ ਉਲਟ ਜਦੋਂ ਵਿਆਜ ਦੀ ਦਰ ਘੱਟਦੀ ਹੈ ਤਾਂ ਨਿਵੇਸ਼ ਵਧੇਰੇ ਹੋਵੇਗਾ।


ਪੂੰਜੀ ਅਤੇ ਨਿਵੇਸ਼ ਦੀ ਸੀਮਾਂਤ ਕਾਰਜ ਕੁਸ਼ਲਤਾ ਵਿਚ ਅੰਤਰ ਕਰਨਾ ਸੁਖਾਲਾ ਕਾਰਜ ਨਹੀਂ। ਪਰੰਤੂ ਫਿਰ ਵੀ ਆਧੁਨਿਕ ਅਰਥ ਸ਼ਾਸ਼ਤਰੀਆਂ ਨੇ ਇਸ ਅੰਤਰ ਨੂੰ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ।

- ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ (MFC) ਦਿੱਤੀ ਹੋਈ ਪੂਰੀਂ ਕੀਮਤ ਤੇ ਅਧਾਰਿਤ ਹੁੰਦੀ ਹੈ ਜਦੋਂ ਕਿ ਨਿਵੇਸ਼ ਦੀ ਸੀਮਾਂਤ ਕਾਰਜ ਕੁਸ਼ਲਤਾ (MFI) ਇਸ ਕੀਮਤ ਵਿਚ ਪ੍ਰੇਰਿਤ ਤਬਦੀਲੀਆਂ ਤੇ ਅਧਾਰਿਤ ਹੈ।
- MFC ਪੂੰਜੀ ਦੀਆਂ ਸਭ ਇਕਾਈਆਂ ਤੇ ਪ੍ਰਤੀਫਲ ਦੀ ਦਰ ਨੂੰ ਪ੍ਰਗਟ ਕਰਦੀ ਹੈ ਅਤੇ ਉਸਦਾ ਪੂੰਜੀ ਦੇ ਮੌਜੂਦਾ ਸਟਾਕ ਨਾਲ ਕੋਈ ਸਬੰਧ ਨਹੀਂ ਹੁੰਦਾ। ਜਦੋਂ ਕਿ MEI ਪੂੰਜੀ ਦੇ ਵਰਤਮਾਨ ਸਟਾਕ ਤੋਂ ਇਲਾਵਾ ਪੂੰਜੀ ਦੀਆਂ ਸਿਰਫ ਇਕਾਈਆਂ ਤੇ ਪ੍ਰਤੀਫਲ ਦੀ ਦਰ ਹੈ। ਇਸ ਪ੍ਰਕਾਰ MEC ਦਾ ਸਬੰਧ ਸਟਾਕ ਨਾਲ ਹੈ ਜਦੋਂ ਕਿ MEI ਦਾ ਸਬੰਧ ਪੂੰਜੀ ਦੇ ਪ੍ਰਵਾਹ (flow) ਨਾਲ ਹੈ।

### 1.8.4 ਨਿਵੇਸ਼ ਮੰਗ ਸੂਚੀ (Investment Demand Schedule)

ਨਿਵੇਸ਼ ਮੰਗ ਸੂਚੀ, ਨਿਵੇਸ਼ ਅਤੇ ਵਿਆਜ ਦੀ ਦਰ ਵਿਚਾਲੇ ਰਿਣਾਤਮਕ ਸਬੰਧ ਨੂੰ ਸਪਸ਼ਟ ਕਰਦਾ ਹੈ। ਜਿਵੇਂ ਅਸੀਂ ਉਪਰ ਵਿਆਖਿਆ ਕਰ ਚੁੱਕੇ ਹਾਂ ਕਿ ਵੱਧ ਵਿਆਜ ਦੀ ਦਰ ਤੇ ਨਿਵੇਸ਼ ਘੱਟ ਹੋਵੇਗਾ ਅਤੇ ਇਸ ਦੇ ਉਲਟ ਘੱਟ ਵਿਆਜ ਦੀ ਦਰ ਤੇ ਨਿਵੇਸ਼ ਵੱਧ ਹੋਵੇਗਾ। ਇਹ ਨਿਵੇਸ਼ ਅਤੇ ਵਿਆਜ ਦੀ ਦਰ ਦਾ ਸਬੰਧ ਨਿਵੇਸ਼ ਦੀ ਸੀਮਾਂਤ ਕਾਰਜ ਕੁਸ਼ਲਤਾ ਦੁਆਰਾ ਪ੍ਰਭਾਵਿਤ ਹੁੰਦਾ ਹੈ। ਇਸ ਨੂੰ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਝਥਜ਼ ਵਕਰ ਵਿਆਜ ਦੀਆਂ ਵਖੋਂ ਵੱਖਰੀਆਂ ਦਰਾਂ ਉਪਰ ਹੋਣ ਵਾਲੇ ਨਿਵੇਸ਼ ਦੇ ਪੱਧਰ ਨੂੰ ਦਰਸਾਉਂਦਾ ਹੈ।

ਵਿਆਜ ਦੀ ਦਰ ਵਿਚ ਤਬਦੀਲੀ ਨਾਲ ਨਿਵੇਸ਼ ਵਿਚ ਕਿਤਨੀ ਤਬਦੀਲੀ ਹੋਵੇਗੀ ਇਹ ਇਸ ਗੱਲ ਉਪਰ ਨਿਰਭਰ ਕਰਦਾ ਹੈ ਕਿ MEI ਦੀ ਲਚਕ (elasticity) ਕਿਤਨੀ ਹੈ। ਜੇਕਰ MEI ਵੱਧ ਲਚਕਦਾਰ ਹੈ (elasticity is more than one) ਤਾਂ ਵਿਆਜ ਦੀ ਦਰ ਵਿਚ ਘੱਟ ਤਬਦੀਲੀ ਦੇ ਮੁਕਾਬਲੇ ਨਿਵੇਸ਼ ਵਿਚ ਤਬਦੀਲੀ ਵੱਧ ਹੋਵੇਗੀ ਅਤੇ ਜੇਕਰ ਝਥਜ਼ ਘੱਟ ਲਚਕਦਰ ਹੈ ਤਾਂ ਵਿਆਜ ਵਿਚ ਤਬਦੀਲੀ ਦੇ ਮਕਾਬਲੇ ਨਿਵੇਸ਼ ਦੀ ਤਬਦੀਲੀ ਘੱਟ ਹੋਵੇਗੀ। ਇਸ ਵਿਆਖਿਆ ਨੂੰ




ਚਿਤਰ I

- ਚਿਤਰ I ਨੂੰ ਦੋ ਭਾਗਾਂ ਵਿਚ ਵੰਡ ਕੇ ਦਿਖਾਇਆ ਗਿਆ ਹੈ। ਭਾਗ A ਵਿਚ MEI ਘੱਟ ਲਚਕਦਾਰ ਹੈ ਅਤੇ ਭਾਗ B ਵਿਚ MEI ਵੱਧ ਲਚਕਦਾਰ ਹੈ।
- $0r_1$ ਵਿਆਜ ਦੀ ਦਰ ਤੇ ਨਿਵੇਸ਼ ਦੀ ਮਾਤਰਾ ਚਿਤਰ ਦੇ A ਭਾਗ ਵਿਚ 0I' ਅਤੇ B ਭਾਵ ਵਿਚ $0I_1$ ਹੈ।
- ਜਦੋਂ ਵਿਆਜ ਦੀ ਦਰ $0r_1$ ਤੋਂ ਘੱਟ ਕੇ $0r_2$ ਹੁੰਦੀ ਹੈ ਤਾਂ ਨਿਵੇਸ਼ ਪੱਧਰ, ਆਪਣੇ ਸੁਭਾਅ ਅਨੁਸਾਰ ਵੱਧ ਰਿਹਾ ਹੈ। ਪਰੰਤੂ A ਭਾਗ ਜਿਥੇ MEI ਘੱਟ ਲਚਕਦਾਰ ਹੈ, ਇਥੇ ਨਿਵੇਸ਼ ਵਿਚ ਵਾਧਾ, ਵਿਆਜ ਦਰ ਵਿਚ ਘਾਟੇ ਦੇ ਮੁਕਾਬਲੇ, ਘੱਟ ਹੈ। ਜਦੋਂ ਕਿ ਦੂਜੇ ਭਾਗ B ਵਿਚ ਨਿਵੇਸ਼ ਵਿਚ ਵਾਧਾ ਤਾਂ ਹੈ ਪਰੰਤੂ ਇਹ ਵਾਧਾ ਵਿਆਜ ਦੀ ਦਰ ਦੇ ਘਾਟੇ ਦੇ ਮੁਕਾਬਲਤਨ ਜ਼ਿਆਦਾ ਹੈ।

ਮੰਗ ਦੇ ਨਿਯਮ ਵਿਚ ਮੰਗ ਅਤੇ ਕੀਮਤ ਦੇ ਸਬੰਧ ਵਾਂਗ ਇਥੇ ਵੀ ਨਿਵੇਸ਼ ਦਾ ਨਿਯਮ ਹੈ ਅਤੇ ਇਹ ਨਿਵੇਸ਼ ਅਤੇ ਵਿਆਜ ਦੀ ਦਰ ਵਿਚਾਲੇ ਸਬੰਧ ਨੂੰ ਪ੍ਰਗਟ ਕਰਦਾ ਹੈ। ਮੰਗ ਵਕਰ ਦੀ ਤਰ੍ਹਾਂ ਹੀ ਇਥੇ ਵੀ ਨਿਵੇਸ਼ ਵਕਰ ਅਤੇ ਨਿਵੇਸ਼ ਮੰਗ ਸੂਚੀ ਬਣਦੀ ਹੈ। ਜਿਸ ਨੂੰ MEI ਵਕਰ ਦੁਆਰਾ ਦਰਸਾਇਆ ਜਾਂਦਾ ਹੈ।

ਵਿਆਜ ਦੀ ਦਰ ਨਿਸ਼ਚਿਤ ਹੋਣ ਤੇ MEI ਜਿਨ੍ਹਾਂ ਵੱਧ ਉਚਾ ਹੋਵੇਗਾ ਜਾਂ ਸੱਜੇ ਪਾਸੇ ਨੂੰ ਸਰਕਦਾ ਹੈ ਉਨ੍ਹਾਂ ਹੀ ਨਿਵੇਸ਼ ਦਾ ਆਕਾਰ ਵੀ ਵੱਧ ਹੋਵੇਗਾ। ਇਹ ਨਿਵੇਸ਼ ਦੀ ਮੁਕਾਬਲਤਨ ਵੱਧ ਸੀਮਾਂਤ ਕਾਰਜ ਕੁਸ਼ਲਤਾ ਨੂੰ ਦਰਸਾਉਂਦਾ ਹੈ।

ਜਦੋਂ ਕਿਸੇ ਕਾਰਨ ਵੱਧ ਨਿਵੇਸ਼ ਹੋਣ ਲਗਦਾ ਹੈ ਤਾਂ ਵਧਿਆ ਹੋਇਆ ਨਿਵੇਸ਼ ਹੀ MEI ਨੂੰ ਸੱਜੇ ਪਾਸੇ ਸਰਕਾ ਦਿੰਦਾ ਹੈ। ਜਿਸ ਤੋਂ ਭਾਵ ਹੈ ਵਿਆਜ ਦੀ ਦਿੱਤੀ ਹੋਈ ਦਰ ਉਪਰ ਪ੍ਰੇਰਿਤ ਨਿਵੇਸ਼ ਵੱਧ ਹੋ ਰਿਹਾ ਹੈ।

**ਸਵੈ ਅਭਿਆਸ ਲਈ ਪ੍ਰਸ਼ਨ :**

1. ਨਿਵੇਸ਼ ਮੰਗ ਸੂਚੀ ਤੋਂ ਕੀ ਭਾਵ ਹੈ।
2. ਇਕ ਕਾਲਪਨਿਕ ਨਿਵੇਸ਼ ਮੰਗ ਸੂਚੀ ਬਣਾਉ ਜਿਸ ਵਿਚ ਇਹ ਸਪਸ਼ਟ ਹੋਵੇ ਕਿ ਵਿਆਜ ਦਰ ਨਿਵੇਸ਼ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ।

### 1.8.5 ਨਿਵੇਸ਼ ਦੀਆਂ ਕਿਸਮਾਂ (Types of Investment)


ਮੁੱਖ ਰੂਪ ਵਿਚ ਨਿਵੇਸ਼ ਦੋ ਪ੍ਰਕਾਰ ਦਾ ਹੁੰਦਾ ਹੈ :

- ਪ੍ਰੇਰਿਤ ਨਿਵੇਸ਼ (Induced Investment) ਅਤੇ
- ਸਵੈ-ਇੱਛਤ ਨਿਵੇਸ਼ (Autonomous Investment)

**(ੳ) ਪ੍ਰੇਰਿਤ ਨਿਵੇਸ਼ :** ਪ੍ਰੇਰਿਤ ਨਿਵੇਸ਼ ਲਾਭ ਕਮਾਉਣ ਦੇ ਉਦੇਸ਼ ਨਾਲ ਕੀਤਾ ਜਾਂਦਾ ਹੈ। ਜਿਹੜੇ ਕਾਰਕ ਲਾਭ ਨੂੰ ਪ੍ਰਭਾਵਿਤ ਕਰਦੇ ਹਨ - ਜਿਵੇਂ ਕੀਮਤਾਂ, ਮਜ਼ਦੂਰੀ, ਵਿਆਜ ਦੀ ਦਰ ਵਿਚ ਤਬਦੀਲੀ ਆਦਿ, ਉਹੀ ਕਾਰਕ ਪ੍ਰੇਰਿਤ ਨਿਵੇਸ਼ ਨੂੰ ਵੀ ਪ੍ਰਭਾਵਿਤ ਕਰਦੇ ਹਨ। ਇਸੇ ਤਰ੍ਹਾਂ ਉਪਭੋਗੀਆਂ ਦੁਆਰਾ ਮੰਗ ਵਿਚ ਤਬਦੀਲੀ ਨਿਵੇਸ਼ ਨੂੰ ਪ੍ਰੇਰਿਤ ਕਰਦੀ ਹੈ। ਪ੍ਰੇਰਿਤ ਨਿਵੇਸ਼ ਖਾਸ ਤੌਰ ਤੇ ਆਮਦਨ ਤੋਂ ਪ੍ਰਭਾਵਿਤ ਹੋਣ ਕਾਰਨ ਇਸ ਨੂੰ ਹੇਠਾਂ ਲਿਖੇ ਸਮੀਕਰਨ ਦੁਆਰਾ ਵੀ ਲਿਖਿਆ ਜਾਂਦਾ ਹੈ :

$$I = f(Y)$$

ਪ੍ਰੇਰਿਤ ਨਿਵੇਸ਼ ਆਮਦਨ ਲੋਚਾਤਮਕ (income elastic) ਹੁੰਦਾ ਹੈ। ਆਮਦਨ ਵਿਚ ਵਾਧੇ ਜਾਂ ਘਾਟੇ ਨਾਲ ਪ੍ਰੇਰਿਤ ਨਿਵੇਸ਼ ਵਿਚ ਵਾਧਾ ਜਾਂ ਘਾਟਾ ਹੁੰਦਾ ਹੈ। ਇਸ ਨੂੰ ਚਿਤਰ ਦੁਆਰਾ ਵੀ ਸਪਸ਼ਟ ਕੀਤਾ ਜਾ ਸਕਦਾ ਹੈ :




ਚਿੱਤਰ 2

ਚਿਤਰ 2 ਵਿਚ $II_1$ ਨਿਵੇਸ਼ ਵਕਰ ਹੈ। ਇਹ ਆਮਦਨ ਦੇ ਵੱਖ ਵੱਖ ਪੱਧਰਾਂ ਤੇ ਪ੍ਰੇਰਿਤ ਨਿਵੇਸ਼ ਨੂੰ ਪ੍ਰਗਟ ਕਰਦਾ ਹੈ।

ਆਮਦਨ ਦੇ $0y_0$ ਪੱਧਰ ਤੇ ਨਿਵੇਸ਼ ਜ਼ੀਰੋ ਹੈ। $0y_1$ ਆਮਦਨ ਪੱਧਰ ਤੇ ਪ੍ਰੇਰਿਤ ਨਿਵੇਸ਼ $I_1y_1$ ਅਤੇ $0y_2$ ਆਮਦਨ ਪੱਧਰ ਤੇ ਇਹ ਪ੍ਰੇਰਿਤ ਨਿਵੇਸ਼ ਵੱਧ ਕੇ $I_2y_2$ ਹੋ ਜਾਂਦਾ ਹੈ।

ਪ੍ਰੇਰਿਤ ਨਿਵੇਸ਼ ਵਿਚ ਦੋ ਹੋਰ ਸੰਕਲਪਾਂ ਦੀ ਵਿਆਖਿਆ ਕੀਤੀ ਜਾਂਦੀ ਹੈ।

- ਔਸਤ ਨਿਵੇਸ਼ ਪ੍ਰਵ੍ਰਿਤੀ (Average Propensity to invest)
- ਸੀਮਾਂਤ ਨਿਵੇਸ਼ ਪ੍ਰਵ੍ਰਿਤੀ (Marginal Prppensity to invest)

ਕੁਲ ਪ੍ਰੇਰਿਤ ਨਿਵੇਸ਼ ਅਤੇ ਆਮਦਨ ਦੇ ਅਨੁਪਾਤ ਨੂੰ ਔਸਤ ਨਿਵੇਸ਼ ਪ੍ਰਵ੍ਰਿਤੀ ਕਿਹਾ ਜਾਂਦਾ ਹੈ। ਜਿਵੇਂ ਜੇਕਰ ਕਿਸੇ ਸਮੇਂ 80 ਕਰੋੜ ਰੁਪਏ ਦੀ ਆਮਦਨ ਵਿਚੋਂ 8 ਕਰੋੜ ਰੁਪਏ ਨਿਵੇਸ਼ ਕੀਤਾ ਜਾ ਰਹੇ ਹਨ ਤਾਂ ਔਸਤ ਨਿਵੇਸ਼ ਪ੍ਰਵ੍ਰਿਤੀ

$$API = \frac{I}{Y} = \frac{8}{80} = 0.1 = \frac{I_2y_2}{0y_2}$$ ਹੋਵੇਗੀ।

**ਸੀਮਾਂਤ ਨਿਵੇਸ਼ ਪ੍ਰਵ੍ਰਿਤੀ (Marginal Propensity to Invest)**

ਆਮਦਨ ਵਿਚ ਤਬਦੀਲੀ ਹੋਣ ਨਾਲ ਜਦੋਂ ਨਿਵੇਸ਼ ਵਿਚ ਤਬਦੀਲੀ ਹੁੰਦੀ ਹੈ ਤਾਂ ਇਸ ਤਬਦੀਲੀ ਨੂੰ ਸੀਮਾਂਤ ਨਿਵੇਸ਼ ਪ੍ਰਵ੍ਰਿਤੀ ਕਹਿੰਦੇ ਹਨ। ਜੇਕਰ ਕਿਸੇ ਸਮੇਂ ਆਮਦਨ ਵਿਚ ਤਬਦੀਲੀ 10 ਕਰੋੜ ਰੁਪਏ ਦੀ ਹੈ ਅਤੇ ਇਸ ਨਾਲ ਨਿਵੇਸ਼ ਵਿਚ ਤਬਦੀਲੀ 2 ਕਰੋੜ ਰੁਪਏ ਦੀ ਹੋਈ ਹੈ ਤਾਂ ਇਸ ਨੂੰ ਹੇਠਾਂ ਲਿਖੇ ਤਰੀਕੇ ਨਾਲ ਸਪਸ਼ਟ ਕੀਤਾ ਜਾਵੇਗਾ :

$$MPI = \frac{\Delta I}{\Delta y} = \frac{I_2 a}{I_1 a}$$

$$\frac{I_2 a}{y_1 y_2} = \frac{2}{10} = 0.2$$ ਜਾਂ

**(ਅ) ਸਵੈ ਇੱਛਤ ਨਿਵੇਸ਼ (Autonomous Investment)**

ਸਵੈ ਇੱਛਤ ਨਿਵੇਸ਼ ਮੁੱਖ ਰੂਪ ਵਿਚ ਲਾਭ ਜਾਂ ਹਾਨੀ ਦੇ ਪ੍ਰਭਾਵ ਤੋਂ ਮੁਕਤ ਹੁੰਦਾ ਹੈ। ਨਾ ਹੀ ਇਸ ਪ੍ਰਕਾਰ ਦਾ ਨਿਵੇਸ਼ ਵਿਆਜ ਦਰ ਕੀਮਤਾਂ ਜਾਂ ਆਮਦਨ ਵਿਚ ਤਬਦੀਲੀ ਕਾਰਨ ਬਦਲਦਾ ਹੈ। ਸਗੋਂ ਇਹ ਨਿਵੇਸ਼ ਸਰਕਾਰ ਦੁਆਰਾ, ਜਾਂ ਕਈ ਵਾਰ ਨਿੱਜੀ ਵਿਅਕਤੀਆਂ ਦੁਆਰਾ, ਲੋਕ ਭਲਾਈ ਦੇ ਕਾਰਜ, ਭਵਨ ਨਿਰਮਾਣ ਅਤੇ ਸੰਰਚਨਾਤਮਕ ਢਾਂਚੇ ਦੀ ਉਸਾਰੀ ਵਾਸਤੇ ਕੀਤਾ ਜਾਂਦਾ ਹੈ।

ਤਕਨੀਕੀ ਸ਼ਬਦਾਵਲੀ ਵਿਚ ਇਹ ਸਵੈ-ਇੱਛਤ ਨਿਵੇਸ਼ ਆਮਦਨ ਲਚਕਹੀਨ ਹੁੰਦਾ ਹੈ ਕਿਉਂਕਿ ਆਮਦਨ ਦਾ ਵਾਧਾ ਜਾਂ ਘਾਟਾ ਇਸ ਪ੍ਰਕਾਰ ਦੇ ਨਿਵੇਸ਼ ਨੂੰ ਪ੍ਰਭਾਵਿਤ ਨਹੀਂ ਕਰਦਾ।

ਸਵੈ ਇੱਛਤ ਨਿਵੇਸ਼ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ ਹਨ - ਨਵੀਆਂ ਖੋਜਾਂ, ਅਬਾਦੀ ਵਿਚ ਤਬਦੀਲੀ (ਵਾਧਾ), ਕਿਰਤ ਸ਼ਕਤੀ ਵਿਚ ਵਾਧਾ, ਸਮਾਜਿਕ ਅਤੇ ਕਾਨੂੰਨੀ ਸੰਸਥਾਵਾਂ, ਯੁੱਧ, ਕ੍ਰਾਂਤੀ ਆਦਿ ਜਿਹੀਆਂ ਅਚਾਨਕ ਵਾਪਰਨ ਵਾਲੀਆਂ ਘਟਨਾਵਾਂ, ਬਿਲਡਿੰਗਾਂ, ਡੈਮ ਉਸਾਰੀ, ਸੜਕਾਂ, ਨਹਿਰਾਂ, ਸਕੂਲਾਂ ਕਾਲਜਾਂ ਆਦਿ ਤੇ ਕੀਤਾ ਗਿਆ ਸਰਕਾਰੀ ਖਰਚ ਸਵੈ ਇੱਛਤ ਹੁੰਦਾ ਹੈ।

ਸੰਖੇਪ ਵਿਚ ਕਹਿ ਸਕਦੇ ਹਾਂ ਕਿ ਸਵੈ ਇੱਛਤ ਨਿਵੇਸ਼ ਨੂੰ ਬਾਹਰਲੇ ਕਾਰਕ ਜ਼ਿਆਦਾ ਪ੍ਰਭਾਵਿਤ ਕਰਦੇ ਹਨ।

ਇਸ ਤੋਂ ਇਲਾਵਾ ਨਿਵੇਸ਼ ਦੇ ਕਈ ਹੋਰ ਪ੍ਰਕਾਰ ਜਾਂ ਕਿਸਮਾਂ ਵੀ ਦੱਸੀਆਂ ਜਾਂਦੀਆਂ ਹਨ - ਜਿਵੇਂ ਨਿੱਜੀ ਨਿਵੇਸ਼, ਇੱਛੁਕ ਅਤੇ ਅਨਇਛੁਕ ਨਿਵੇਸ਼ ਆਦਿ।

**ਸਵੈ ਅਭਿਆਸ ਲਈ ਪ੍ਰਸ਼ਨ**

1. ਨਿਵੇਸ਼ ਕਿੰਨੇ ਪ੍ਰਕਾਰ ਦਾ ਹੁੰਦਾ ਹੈ ?
2. ਕੀ ਸਵੈ-ਇੱਛਤ ਨਿਵੇਸ਼ ਆਮਦਨ ਤੋਂ ਪ੍ਰਭਾਵਿਤ ਹੁੰਦਾ ਹੈ ? ਆਪਣਾ ਉਤਰ ਉਦਾਹਰਣ ਦੁਆਰਾ ਦਿਉ।
3. ਪ੍ਰੇਰਿਤ ਨਿਵੇਸ਼ ਦੇ ਨਿਰਧਾਰਕ ਕਿਹੜੇ ਕਿਹੜੇ ਹਨ ?

**1.8.6 ਨਿਵੇਸ਼ ਫੈਸਲੇ (Investment Decisions)**

ਕਿਸੇ ਵੀ ਪ੍ਰਕਾਰ ਦੇ ਨਿਵੇਸ਼ ਕਰਨ ਤੋਂ ਪਹਿਲਾਂ ਜਾਂ ਪ੍ਰਾਜੈਕਟ ਸ਼ੁਰੂ ਕਰਨ ਵੇਲੇ ਕਈ ਅਹਿਮ ਮੁੱਦਿਆਂ ਉਪਰ ਵਿਚਾਰ ਕੀਤੀ ਜਾਂਦੀ ਹੈ ਕਿਉਂਕਿ ਨਿਵੇਸ਼ ਆਮਦਨ ਦਾ ਉਹ ਹਿੱਸਾ ਹੁੰਦਾ ਹੈ ਜਿਹੜਾ ਇਕ ਵਿਅਕਤੀ ਆਪਣੇ ਉਪਭੋਗੀ ਖਰਚੇ ਘਟਾ ਕੇ ਬੱਚਤਾਂ ਵਧਾਉਂਦਾ ਹੈ ਅਤੇ ਉਹ ਬੱਚਤਾਂ ਵਿੱਤੀ ਸੰਸਥਾਵਾਂ ਦੁਆਰਾ ਇਕੱਠੀਆਂ ਕੀਤੀਆਂ ਜਾਂਦੀਆਂ ਹਨ ਜਿਸਨੂੰ ਅੰਤ ਵਿਚ

ਨਿਵੇਸ਼ ਕਰ ਦਿੱਤਾ ਜਾਂਦਾ ਹੈ। ਇਸੇ ਲਈ ਜਿੰਨੀਆਂ ਵੱਧ ਬੱਚਤਾਂ ਹੋਣਗੀਆਂ ਉਤਨੇ ਜ਼ਿਆਦਾ ਨਿਵੇਸ਼ ਯੋਗ ਸਾਧਨ ਪੈਦਾ ਹੋਣਗੇ।

ਤੁਸੀਂ ਜਾਣੇ ਹੀ ਹੋ ਕਿ :

ਆਮਦਨ = ਉਪਭੋਗ + ਬੱਚਤਾਂ ($Y = C+S$) .... (i)

ਅਤੇ ਆਮਦਨ = ਉਪਭੋਗ + ਨਿਵੇਸ਼ ($Y = C+I$) ... (ii)

ਇਨ੍ਹਾਂ ਦੋਵੇਂ ਸਮੀਕਰਨਾਂ ਨੂੰ ਇਥੇ ਦੱਸਣ ਦਾ ਮਨੋਰਥ ਇਹ ਹੈ ਕਿ ਤੁਸੀਂ ਇਸ ਦਾ ਇਹ ਨਤੀਜਾ ਸਹਿਜੇ ਹੀ ਕੱਢ ਸਕੋ ਕਿ ਕਿਸੇ ਵੀ ਅਰਥ ਵਿਵਸਥਾ ਵਿਚ ਰੁਜ਼ਗਾਰ ਵਧਾਉਣ ਵਾਸਤੇ ਜਾਂ ਦੂਜੇ ਸ਼ਬਦਾ ਵਿਚ ਸੰਤੁਲਨ ਦੀ ਅਵਸਥਾ ਪ੍ਰਾਪਤ ਕਰਨ ਵਾਸਤੇ ਬੱਚਤਾਂ, ਨਿਵੇਸ਼ ਦੇ ਬਰਾਬਰ ਹੋ ਜਾਂਦੀਆਂ ਹਨ।

ਪ੍ਰੰਤੂ ਇਹ ਸਾਰਾ ਕੁਝ ਉਦਮੀ ਦੁਆਰਾ ਬੜੀ ਸੂਝ ਬੂਝ ਅਤੇ ਵਿਚਾਰ ਵਟਾਂਦਰੇ ਤੋਂ ਬਾਅਦ ਨਿਸ਼ਚਿਤ ਕੀਤਾ ਜਾਂਦਾ ਹੈ ਕਿ ਨਿਵੇਸ਼ ਕਿਤਨੀ ਮਾਤਰਾ ਵਿਚ ਕਿਹੜੇ ਪ੍ਰਾਜੈਕਟਾਂ/ਕਾਰਜਾਂ ਵਿਚ ਅਤੇ ਕਿਸ ਵੇਲੇ ਕਰਨਾ ਹੈ। ਇਸ ਨੂੰ ਨਿਵੇਸ਼ ਫੈਸਲੇ ਕਿਹਾ ਜਾਂਦਾ ਹੈ। ਇਹ ਨਿਵੇਸ਼ ਫੈਸਲੇ ਕਰਨ ਵਾਸਤੇ ਕੁਝ ਮਾਪਦੰਡ ਤਹਿ ਕੀਤੇ ਗਏ ਹਨ, ਜਿਹੜੇ ਹੇਠ ਲਿਖੇ ਹਨ :

### 1.8.6.1 ਨਿਵੇਸ਼ ਫੈਸਲਿਆਂ ਦੇ ਮਾਪ ਦੰਡ (Criteria of Investment Decisions)

- ਘੱਟੋ ਘੱਟ ਪੂੰਜੀ ਉਤਪਾਦਨ ਅਨੁਪਾਤ (Minimum Capital Output Ratio)
- ਪੂੰਜੀ ਦੀ ਵੱਧ ਤੋਂ ਵੱਧ ਸਮਾਜਿਕ ਉਤਪਾਦਕਤਾ (Maximum Social Marginal Productivity)
- ਨਿਵੇਸ਼ ਦੌਰਾਨ, ਮਜ਼ਦੂਰੀ ਆਦਿ ਦੇ ਖਰਚਿਆਂ ਉਪਰੰਤ ਵੱਧ ਤੋਂ ਵੱਧ ਵਾਫਰ ਕੀਮਤ ਪ੍ਰਾਪਤ (Maximum Surplus Over Wages)
- ਵੱਧ ਤੋਂ ਵੱਧ ਰੁਜ਼ਗਾਰ ਪ੍ਰਦਾਨ ਕਰਨਾ (Maximum Employment Absorption)

ਇਹ ਨਿਵੇਸ਼ ਫੈਸਲੇ ਪ੍ਰਾਜੈਕਟ ਜਾਂ ਕਿਸੇ ਵੀ ਕਾਰਜ ਉਪਰ ਹੋਣ ਵਾਲੀਆਂ ਲਾਗਤਾਂ ਅਤੇ ਲਾਭ ਤੋਂ ਪ੍ਰਭਾਵਿਤ ਹੁੰਦੇ ਹਨ। ਹਰ ਪ੍ਰਕਾਰ ਦੀਆਂ ਸਥਾਪਨਾ ਲਾਗਤਾਂ (establishment cost) ਅਤੇ ਸੰਚਾਲਕ ਲਾਗਤਾਂ (operating cost) ਨੂੰ ਲੈਂਦੇ ਹੋਏ ਇਨ੍ਹਾਂ ਦਾ ਮੁਕਾਬਲਾ ਭਵਿੱਖ ਵਿਚ ਹੋਣ ਵਾਲੇ ਲਾਭਾਂ ਨਾਲ ਕੀਤਾ ਜਾਂਦਾ ਹੈ। ਪ੍ਰੇਰਿਤ ਨਿਵੇਸ਼ ਉਸ ਹਾਲਤ ਵਿਚ ਹੀ ਕੀਤਾ ਜਾਂਦਾ ਹੈ ਜਦੋਂ ਲਾਭ, ਲਾਗਤਾਂ ਤੋਂ ਜ਼ਿਆਦਾ ਹੋਣ।

### 1.8.7 ਨਿਵੇਸ਼ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ (Factors Affecting Investment)

ਜਿਵੇਂ ਅਸੀਂ ਪਹਿਲਾਂ ਵਿਆਖਿਆ ਕਰ ਚੁੱਕੇ ਹਾਂ ਕਿ ਸਵੈ ਇੱਛਤ ਨਿਵੇਸ਼ ਨੂੰ ਮੁੱਖ ਰੂਪ ਵਿਚ ਬਾਹਰ ਜਾਤੀ (exogeneous) ਤੱਤ ਪ੍ਰਭਾਵਿਤ ਕਰਦੇ ਹਨ ਜਿਥੇ ਲਾਭ ਹਾਨੀ ਜਾਂ ਆਮਦਨ ਆਦਿ ਜਿਹੇ ਚਰਾਂ (variables) ਦੀ ਬਹੁਤੀ ਮਹੱਤਤਾ ਨਹੀਂ। ਪ੍ਰੰਤੂ ਪ੍ਰੇਰਿਤ ਨਿਵੇਸ਼ ਕੁਲ ਨਿਵੇਸ਼ ਦਾ ਅਹਿਮ ਹਿੱਸਾ ਹੈ ਅਤੇ ਇਹ ਕਈ ਪ੍ਰਕਾਰ ਦੇ ਆਰਥਿਕ ਅਤੇ ਸਮਾਜਿਕ ਤੱਤਾਂ ਤੋਂ ਪ੍ਰਭਾਵਿਤ ਹੁੰਦਾ ਹੈ।

### ਪ੍ਰੇਰਿਤ ਨਿਵੇਸ਼ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ (Factors Affecting Induced Investment)

ਵਿਆਜ ਦੀ ਦਰ, ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਅਤੇ ਨਿਵੇਸ਼ ਦੀ ਸੀਮਾਂਤ ਕਾਰਜ ਕੁਸ਼ਲਤਾ ਬਾਰੇ ਅਸੀਂ ਉਪਰ ਵਿਆਖਿਆ ਕਰ ਆਏ ਹਾਂ ਕਿ ਇਹ ਕਿਵੇਂ ਸਿੱਧੇ ਰੂਪ ਵਿਚ ਸਮੁੱਚੇ ਨਿਵੇਸ਼ ਉਪਰ ਪ੍ਰਭਾਵ ਪਾਉਂਦੇ ਹਨ। ਹੁਣ ਅਸੀਂ ਕੇਵਲ ਪ੍ਰੇਰਿਤ ਨਿਵੇਸ਼ ਦੀ ਗੱਲ ਕਰਾਂਗੇ ਕਿ ਵਿਆਜ ਦੀ ਦਰ ਤੋਂ ਇਲਾਵਾ ਹੋਰ ਜਿਹੜੇ ਕਾਰਕ ਇਸ ਪ੍ਰਕਾਰ ਦੇ ਨਿਵੇਸ਼ ਨੂੰ ਪ੍ਰਭਾਵਿਤ ਕਰਦੇ ਹਨ। ਇਹ ਕਾਰਕ ਦੋ ਪ੍ਰਕਾਰ ਦੇ ਹਨ : ਅੰਦਰੂਨੀ (Internal) ਕਾਰਕ ਅਤੇ ਬਾਹਰੀ (External) ਕਾਰਕ।

**ਅੰਦਰੂਨੀ ਕਾਰਕ :** ਅਨਿਸ਼ਚਿਤਤਾ, ਪੂੰਜੀ ਦਾ ਵਰਤਮਾਨ ਸਟਾਕ, ਆਮਦਨ ਦਾ ਪੱਧਰ, ਉਪਭੋਗੀਆਂ ਦੀ ਮੰਗ ਅਤੇ ਤਰਲ ਪਰੀਸੰਪਤੀਆਂ ਆਦਿ ਅੰਦਰੂਨੀ ਜਾਂ ਅੰਤਰ ਜਾਤੀ ਕਾਰਕ ਹਨ।

**ਬਾਹਰੀ ਕਾਰਕ :** ਇਹ ਉਹ ਕਾਰਕ ਹਨ ਜਿਹੜੇ ਉੱਦਮੀ ਦੇ ਕੰਟਰੋਲ ਤੋਂ ਬਾਹਰ ਹੁੰਦੇ ਹਨ ਜਿਵੇਂ - ਨਵੀਆਂ ਕਾਂਢਾ, ਨਵੀਆਂ ਵਸਤੂਆਂ, ਨਵੇਂ ਖੇਤਰਾਂ ਦਾ ਵਿਕਾਸ, ਵਸੋਂ ਵਿਚ ਵਾਧਾ, ਰਾਜਨੀਤੀ ਵਿਚ ਤਬਦੀਲੀ ਅਤੇ ਸਮੁੱਚਾ ਰਾਜਨੀਤਿਕ ਵਾਤਾਵਰਨ, ਸੱਟਾ ਬਜਾਰ ਦੇ ਉਤਰਾਅ ਚੜਾਅ ਆਦਿ।

ਇਹ ਸਾਰੇ ਅੰਦਰੂਨੀ ਜਾਂ ਬਾਹਰੀ ਕਾਰਕ ਮਿਲਕੇ ਨਿਵੇਸ਼ ਦੇ ਪੱਧਰ ਉਪਰ ਪ੍ਰਭਾਵ ਪਾਉਂਦੇ ਹਨ। ਜਦੋਂ ਮੰਡੀ ਦੇ ਵਾਤਾਵਰਨ ਵਿਚ ਅਨਿਸ਼ਚਤਤਾ ਦਾ ਮਹੌਲ ਹੋਵੇ ਤਾਂ ਕੋਈ ਵੀ ਕਾਰਕ ਸਥਿਰ ਨਹੀਂ ਰਹਿੰਦਾ। ਕੀਮਤਾਂ ਵਿਚ ਉਤਰਾਅ ਚੜਾਅ, ਮੰਗ ਦੀ ਤਬਦੀਲੀ, ਆਮਦਨ ਪੱਧਰ ਵਿਚ ਤਬਦੀਲੀ ਆਦਿ ਸਾਰੇ ਹੀ ਅੰਦਰੂਨੀ ਅਤੇ ਬਾਹਰੀ ਕਾਰਕ ਰਲ ਮਿਲ ਜਾਂਦੇ ਹਨ। ਅਨਿਸ਼ਚਤਤਾ ਦੇ ਮਾਹੌਲ

ਵਿਚ ਨਿਵੇਸ਼ ਦੇ ਪੱਧਰ ਦਾ ਧੱਕਾ ਲਗਦਾ ਹੈ। ਦੂਜੇ ਪਾਸੇ ਜਦੋਂ ਭਵਿੱਖ ਨਿਸ਼ਚਿਤ ਹੋਵੇ, ਮੰਗ ਵਿਚ ਕੋਈ ਬਹੁਤੀ ਤਬਦੀਲੀ ਦੀ ਆਸ ਨਾ ਹੋਵੇ, ਜਲਦੀ-ਜਲਦੀ ਸਟਾਕ ਮਾਰਕਿਟ ਵਿਚ ਉਤਰਾਅ-ਚੜਾਅ ਦੀ ਸੰਭਾਵਨਾ ਨਾ ਹੋਵੇ ਜਿਹੜਾ ਕਿ ਰਾਜਨੀਤਿਕ ਮਾਹੌਲ ਦੇ ਸਥਿਰ ਹੋਣ ਦੀ ਨਿਸ਼ਾਨੀ ਹੁੰਦਾ ਹੈ ਤਾਂ ਉਦਮੀ ਨਿਸ਼ਚੇ ਹੀ ਵੱਧ ਨਿਵੇਸ਼ ਕਰਨ ਲਈ ਉਤਸ਼ਾਹਿਤ ਹੋਵੇਗਾ।

**1.8.8 ਸਾਰ ਅੰਸ਼ :**

ਇਸ ਪਾਠ ਨੂੰ ਪੜਨ ਉਪਰੰਤ ਵਿਦਿਆਰਥੀਆਂ ਨੂੰ ਹੁਣ ਤੱਕ ਇਹ ਗਿਆਨ ਹੋ ਚੁੱਕਿਆ ਹੋਵੇਗਾ ਕਿ ਨਿਵੇਸ਼ ਤੋਂ ਕੀ ਭਾਵ ਹੁੰਦਾ ਹੈ ਅਤੇ ਇਹ ਕਿਸ ਪ੍ਰਕਾਰ ਕੀਤਾ ਜਾਂਦਾ ਹੈ। ਕੇਨਜ਼ੀਅਨ ਅਰਥ ਸ਼ਾਸ਼ਤਰ ਦਾ ਇਹ ਇਕ ਮਹੱਤਵਪੂਰਨ ਚਰ (variable) ਹੈ ਜਿਸ ਉਪਰ ਆਮਦਨ, ਉਤਪਾਦਨ ਅਤੇ ਰੁਜ਼ਗਾਰ ਦਾ ਮੁੱਖ ਸਿਧਾਂਤ ਅਧਾਰਿਤ ਹੈ। ਉਪਭੋਗੀ ਆਪਣੀ ਆਮਦਨ ਦਾ ਕੁਝ ਹਿੱਸਾ ਖਰਚ ਕਰਨ ਉਪਰੰਤ ਕੁਝ ਹਿੱਸਾ ਬਚਾ ਕੇ ਰੱਖ ਲੈਂਦੇ ਹਨ। ਇਸ ਬੱਚਤ ਨੂੰ ਵਿੱਤੀ ਸੰਸਥਾਵਾਂ ਇਕੱਠਾ ਕਰਦੀਆਂ ਹਨ ਅਤੇ ਨਿਵੇਸ਼ ਕਰਨ ਵਾਸਤੇ ਅੱਗੋਂ ਉਦਮੀਆਂ ਨੂੰ ਉਧਾਰ ਦਿੰਦੀਆਂ ਹਨ। ਇਸ ਨਿਵੇਸ਼ ਦੀ ਮਾਤਰਾ ਅਤੇ ਪੱਧਰ ਇਸ ਗੱਲ ਉਪਰ ਨਿਰਭਰ ਕਰੇਗਾ ਕਿ ਵਿਆਜ ਦੀ ਦਰ ਅਤੇ ਨਿਵੇਸ਼ ਅਤੇ ਪੂੰਜੀ ਦੋਵਾਂ ਦੀ ਸੀਮਾਂਤ ਕਾਰਜ ਕੁਸ਼ਲਤਾ ਕਿਤਨੀ ਹੈ।

ਪ੍ਰੇਰਿਤ ਨਿਵੇਸ਼ ਆਮਦਨ, ਵਿਆਜ ਦੀ ਦਰ ਅਤੇ ਪੂੰਜੀ ਸੀਮਾਂਤ ਕਾਰਜ ਕੁਸ਼ਲਤਾ ਤੋਂ ਇਲਾਵਾ ਕਈ ਹੋਰ ਬਾਹਰੀ ਕਾਰਕਾਂ ਉਪਰ ਵੀ ਨਿਰਭਰ ਕਰਦੀ ਹੈ। ਇਹ ਬਾਰੀ ਕਾਰਕ ਜੇਕਰ ਸੁਖਾਵੇਂ ਹੋਣ ਤਾਂ ਨਿਵੇਸ਼ ਉਤਸ਼ਾਹਤ ਹੁੰਦਾ ਹੈ। ਪਰ ਨਿਵੇਸ਼ ਕਰਨ ਤੋਂ ਪਹਿਲਾ ਕਈ ਮਾਪਦੰਡ ਹਨ ਜਿਨ੍ਹਾਂ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ। ਇਸ ਨਿਵੇਸ਼ ਦੁਆਰਾ ਪੂੰਜੀ ਉਤਪਾਦਨ ਅਨੁਪਾਤ ਨੂੰ ਨਿਊਨਤਮ ਕਰਦੇ ਹੋਏ ਪੂੰਜੀ ਦੀ ਸਮਾਜਕ ਉਤਪਾਦਕਤਾ, ਵਾਫਰ ਕੀਮਤ ਅਤੇ ਵੱਧ ਤੋਂ ਵੱਧ ਰੁਜ਼ਗਾਰ ਪ੍ਰਦਾਨ ਕਰਨ ਦੇ ਕਾਰਜ, ਸਾਰੇ ਹੀ ਅਧਿਕਤਮ ਕਰਨ ਦੇ ਯਤਨ ਕੀਤੇ ਜਾਂਦੇ ਹਨ।

**1.8.9 ਛੋਟੇ ਪ੍ਰਸ਼ਨ**

- ਪ੍ਰੇਰਿਤ ਨਿਵੇਸ਼ ਤੋਂ ਕੀ ਭਾਵ ਹੈ ?
- ਸਵੈ-ਇੱਛਤ ਨਿਵੇਸ਼ ਕੀ ਹੁੰਦਾ ਹੈ ?
- ਨਿਵੇਸ਼ ਫਲਨ ਦੀ ਵਿਆਖਿਆ ਕਰੋ।
- ਨਿਵੇਸ਼ ਮੰਗ ਸੂਚੀ ਕਿਸ ਪ੍ਰਕਾਰ ਬਣਾਈ ਜਾਂਦੀ ਹੈ ?
- ਨਿਵੇਸ਼ ਦੀ ਸੀਮਾਂਤ ਕਾਰਜਕੁਸ਼ਲਤਾ ਉਪਰ ਸੰਖੇਪ ਨੋਟ ਲਿਖੋ।

**1.8.10 ਵੱਡੇ ਪ੍ਰਸ਼ਨ**

- ਨਿਵੇਸ਼ ਕਿੰਨੀ ਪ੍ਰਕਾਰ ਦਾ ਹੁੰਦਾ ਹੈ। ਇਸ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਬਾਰੇ ਵਰਨਣ ਕਰੋ।
- ਨਿਵੇਸ਼ ਅਤੇ ਪੂੰਜੀ ਦੀ ਸੀਮਾਂਤ ਕਾਰਜ ਕੁਸ਼ਲਤਾ ਵਿਚਾਲੇ ਅੰਤਰ ਸਪਸ਼ਟ ਕਰੋ।

**1.8.11 ਪ੍ਰਕਾਸ਼ਿਤ ਪੁਸਤਕਾਂ**


- R.D. Gupta : Keynes and Post Keynesian Economics.
- T.F. Durnbarg and McDaugal: Macro Economics.
- G. Ackley: Macro Economic Theory.

# Mandatory Student Feedback Form

https://forms.gle/KS5CLhvpwrpgjwN98

Note: Students, kindly click this google form link, and fill this feedback form once.